
ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਰਹਿ. ਸਾਹਿਤ ਧਾਰਾ

# ਮਆਰਿਬ-ਉਲ-ਖ਼ਾਸ਼ਿਈਨ




ਸੰਪਾਦਕ
ਸਾਹਿਬਜ਼ਾਦਾ ਮਸਊਦ ਅਹਿਮਦ

ਅਨੁਵਾਦਕ
ਡਾ. ਨਦੀਮ ਅਹਿਮਦ 'ਨਦੀਮ'



ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਐਜੂਕੇਸ਼ਨਲ
ਚੈਰੀਟੇਬਲ ਸੁਸਾਇਟੀ, ਹੁਸ਼ਿਆਰਪੁਰ।

## ਭਾਸ਼ਾ ਵਿਭਾਗ ਪੰਜਾਬ
ਅਤੇ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
ਵਲੋਂ
## ਪ੍ਰਕਾਸ਼ਤ ਮੌਲਵੀ ਗੁਲਾਮ ਰਸੂਲ ਆਲਮਪੁਰੀ ਸਾਹਿਤ

1. **ਅਹਿਸਨੁਲ ਕਸਿਸ ਅਤੇ ਮੌਲਵੀ ਗੁਲਾਮ ਰਸੂਲ ਆਲਮਪੁਰੀ ਦੇ ਕਿੱਸੇ**
ਸੰ: ਸਮਸ਼ੇਰ ਸਿੰਘ ਅਸ਼ੋਕ, ਪੰਨੇ 888, ਕੀਮਤ 7 ਰੁਪਏ
(ਭਾਸ਼ਾ ਵਿਭਾਗ ਛਾਪ 1989)

2. **ਮੌਲਵੀ ਗੁਲਾਮ ਰਸੂਲ ਆਲਮਪੁਰੀ ਦੀਆਂ ਰਚਨਾਵਾਂ ਦਾ ਆਲੋਚਨਾਤਮਕ ਅਧਿਐਨ**
ਡਾ. ਉਤਮ ਸਿੰਘ ਭਾਟੀਆ (ਪੀਐਚਡੀ. ਥੀਸਿਸ),
ਪੰਨੇ 280, ਕੀਮਤ 17 ਰੁਪਏ (ਭਾਸ਼ਾ ਵਿਭਾਗ ਛਾਪ 1989)

3. **ਮੌਲਵੀ ਗੁਲਾਮ ਰਸੂਲ: ਜੀਵਨ ਤੇ ਰਚਨਾ**
ਡਾ. ਉਤਮ ਸਿੰਘ ਭਾਟੀਆ ਪੰਨੇ 280, ਕੀਮਤ 17 ਰੁਪਏ
(ਪੰਜਾਬੀ ਯੂਨੀਵਰਸਿਟੀ ਪਟਿਆਲਾ ਛਾਪ 1989)

ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਸਾਹਿਤ ਧਾਰਾ

# ਮਆਰਿਬ-ਉਲ-ਸ਼ਾਇਕੀਨ

ਲੇਖਕ :

**ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)**

ਸੰਪਾਦਕ :

**ਸਾਹਿਬਜ਼ਾਦਾ ਮਸਊਦ ਅਹਿਮਦ**

ਲਿੱਪੀਅੰਤਰਨ ਤੇ ਸੰਕਲਨ

**ਡਾ. ਨਦੀਮ ਅਹਿਮਦ ਨਦੀਮ**

ਪ੍ਰਕਾਸ਼ਕ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ
ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ
ਬੀ-2, ਐਮ.ਸੀ.ਐੱਚ/84
ਜੋਧਾ ਮੱਲ ਰੋਡ, ਹੁਸ਼ਿਆਰਪੁਰ
98140-36480

| | | |
|---|---|---|
| ਕਿਤਾਬ ਦਾ ਨਾਂ | : | ਮਆਰਿਬ-ਉਲ-ਖ਼ਾਸ਼ਿਈਨ |
| ਲੇਖਕ | : | ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) |
| ਅਨੁਵਾਦਕ | : | ਡਾ. ਨਦੀਮ ਅਹਿਮਦ ਨਦੀਮ<br>ਅਸਿਸਟੈਂਟ ਪ੍ਰੋਫ਼ੈਸਰ<br>ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ<br>ਪੰਜਾਬੀ ਯੂਨੀਵਰਸਿਟੀ ਪਟਿਆਲਾ<br>147002<br>ਮੋ: 09888856914, 07009456145<br>E-mail: nadeem.pup@gmail.com |
| ਪ੍ਰਕਾਸ਼ਨ | : | 2021 |
| ਕੀਮਤ | : | 100/- ਰੁਪਏ |
| ਕਾਪੀਆਂ | : | 1000 |
| ਪ੍ਰਕਾਸ਼ਕ | : | ਕੇ. ਸੀ. ਮਹਾਜਨ ਐਡਵੋਕੇਟ<br>ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ<br>ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ,<br>ਹੁਸ਼ਿਆਰਪੁਰ। ਮੋ: 98140-36480 |
| ਪੁਸਤਕ ਮਿਲਣ ਦਾ ਪਤਾ | : | ਵਿਜੈ ਬੁੱਕ ਡਿਪੂ, ਸਾਹਮਣੇ ਸਰਕਾਰੀ ਹਾਈ ਸਕੂਲ, ਪਿੰਡ ਤੇ ਡਾਕ. ਆਲਮਪੁਰ<br>ਹੁਸ਼ਿਆਰਪੁਰ-144202<br>ਫੋਨ : 98159-21270 |

# ਤਤਕਰਾ


| | | |
|---|---|---|
| 1. | ਭੂਮਿਕਾ- ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ | 4 |
| 2. | ਸੰਖੇਪ ਜਾਣ-ਪਹਿਚਾਣ- ਡਾ. ਨਦੀਮ ਅਹਿਮਦ ਨਦੀਮ | 7 |
| 3. | ਜੀਵਨੀ-ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)- | 9 |
| 4. | ਸ਼ਜਰਾ-ਏ-ਨਸਬ (ਬੰਸਾਵਲੀ) | 16 |
| 7. | ਤਹਦੀਸ-ਏ-ਨਿਅਮਤ | 17 |
| 8. | ਮੁੱਖ ਬੰਧ- ਮਆਰਿਬ-ਉਲ-ਖ਼ਾਸ਼ਿਈਨ | 21 |
| 9. | ਪਹਿਲਾ ਨੁਕਤਾ : ਨਮਾਜ਼ ਦੀ ਮਹੱਤਤਾ ਅਤੇ ਇਸ ਨੂੰ ਛਡਣ ਦੇ ਨੁਕਸਾਨ | 23 |
| 10. | ਦੂਜਾ ਨੁਕਤਾ : ਨਮਾਜ਼, ਨਮਾਜ਼ੀ ਲਈ ਲਾਭਦਾਇਕ ਜਾਂ ਹਾਨੀਕਾਰਕ - ਅਲੋਚਨਾਤਕ ਅਧਿਐਨ | 28 |
| 11. | ਸਹੀ ਵਾਜਿਬ ਨਮਾਜ਼ ਪੜ੍ਹਨ ਦਾ ਪਹਿਲਾ ਨਿਯਮ | 44 |
| 12. | ਤੀਜਾ ਨੁਕਤਾ : ਨਮਾਜ਼ ਦੇ ਕਬੂਲ ਹੋਣ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਬੰਦੀ | 47 |
| 13. | ਚੌਥਾ ਨੁਕਤਾ : ਸਹੀ ਨਮਾਜ਼ ਦੀਆਂ ਸਿਫ਼ਤਾਂ ਜਾਂ ਗੁਣ | 56 |
| 14. | ਪੁਸਤਕ ਦਾ ਸਾਰ | 85 |
| 15. | ਪ੍ਰਕਾਸ਼ਿਤ ਅਤੇ ਪ੍ਰਕਾਸ਼ਨ ਅਧੀਨ ਪੁਸਤਕਾਂ ਦੀ ਸੂਚੀ | 87 |

# ਭੂਮਿਕਾ

ਇਹ ਗੱਲ ਕਈ ਸਾਲਾਂ ਤੋਂ ਮੇਰੇ ਮਨ ਵਿੱਚ ਵਿਚਰ ਰਹੀ ਸੀ ਕਿ ਮੌਲਵੀ ਸਾਹਿਬ ਦੀਆਂ ਉਹ ਰਚਨਾਵਾਂ ਜਿਹੜੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਾਂ ਪ੍ਰਕਾਸ਼ਿਤ ਹੋਣ ਉਪਰੰਤ ਬਾਜ਼ਾਰ ਵਿਚੋਂ ਨਾਯਾਬ ਹੋ ਚੁੱਕੀਆਂ ਹਨ ਅਤੇ ਜਿਹੜੀਆਂ ਰਚਨਾਵਾਂ ਅਜੇ ਪ੍ਰਕਾਸ਼ਿਤ ਨਹੀਂ ਹੋਈਆਂ, ਉਨ੍ਹਾਂ ਦੇ ਪਰੂਫ਼ ਸੋਧਨ ਤੋਂ ਬਾਅਦ ਛਾਪ ਦਿੱਤੀਆਂ ਜਾਣ। ਇਹ ਗੱਲ ਅੱਜ ਦੀ ਨਹੀਂ ਸਗੋਂ ਜਦ ਤੋਂ ਮੈਂ ਹੋਸ਼ ਸੰਭਾਲਿਆ ਹੈ, ਇਸ ਖ਼ਿਆਲ ਨੇ ਹਮੇਸ਼ਾ ਮੈਨੂੰ ਚੇਤਨ ਰੱਖਿਆ ਹੈ ਅਤੇ ਬੇਚੈਨ ਵੀ। ਮੇਰੇ ਜੀਵਨ ਦਾ ਕੋਈ ਪਲ-ਛਿਣ ਅਜਿਹਾ ਨਹੀਂ ਲੰਘਿਆ ਜੋ ਮੌਲਵੀ ਸਾਹਿਬ (ਰਹਿ.) ਦੀ ਸ਼ਖ਼ਸੀਅਤ, ਕਲਾਮ, ਮਜ਼ਾਰ-ਏ-ਅਕਦਸ ਦੀ ਤਾਮੀਰ ਅਤੇ ਉਨ੍ਹਾਂ ਦੀਆਂ ਯਾਦਗਾਰਾਂ ਦੇ ਨਿਰਮਾਣ ਸੰਬੰਧੀ ਸੋਚ-ਵਿਚਾਰ ਨਾ ਕੀਤਾ ਹੋਵੇ। ਜੇਕਰ ਸੱਚ ਪੁੱਛੋ ਤਾਂ ਇਹ ਸਾਰੀਆਂ ਗੱਲਾਂ ਮੇਰੇ ਜੀਵਨ ਨਾਲ ਸੰਬੰਧਤ ਨਾ ਹੁੰਦੀਆਂ, ਇਹ ਭਾਵਨਾ ਜਾਂ ਤਹਿਰੀਕ ਮੇਰੇ ਅੰਦਰ ਨਾ ਪਨਪਦੀ ਤਾਂ ਸ਼ਾਇਦ ਮੇਰਾ ਹਾਲ ਕੁਝ ਹੋਰ ਹੁੰਦਾ। ਜਿਸ ਤਰ੍ਹਾਂ ਮੇਰੀ ਜ਼ਿੰਦਗੀ ਵਿਚ ਬੜੇ ਅਜੀਬ-ਓ-ਗਰੀਬ ਉਤਾਰ ਚੜ੍ਹਾਅ ਆਏ, ਮੈਨੂੰ ਕੇਵਲ ਆਪ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾਮ ਤੋਂ ਰਹਿਨੁਮਾਈ ਤੇ ਹੌਸਲਾ ਮਿਲਦਾ ਰਿਹਾ ਅਤੇ ਮੈਂ ਆਪਣੀ ਪੂਰੀ ਤਾਕਤ ਨਾਲ ਅੱਗੇ ਵੱਧਦਾ ਰਿਹਾ।

ਮੈਨੂੰ ਸ਼ੁਰੂ ਤੋਂ ਹੀ ਇਸ ਗੱਲ ਦਾ ਵੀ ਭਰਪੂਰ ਅਹਿਸਾਸ ਸੀ ਕਿ ਇਹ ਕੰਮ ਬਹੁਤ ਵੱਡਾ ਹੈ ਅਤੇ ਔਖਾ ਵੀ, ਪਰੰਤੂ ਨਾਲ ਹੀ ਇਹ ਅਹਿਸਾਸ ਵੀ ਸੀ ਕਿ ਜੇਕਰ ਹੁਣ ਨਾ ਹੋ ਸਕਿਆ ਤਾਂ ਫੇਰ ਕਦੋਂ ਹੋਵੇਗਾ? ਮੈਂ ਤਾਂ ਮੌਲਵੀ ਸਾਹਿਬ (ਰਹਿ.) ਦੀ ਜ਼ਬਾਨ ਦੇ ਲਹਿਜੇ ਨੂੰ ਵੀ ਸਮਝਦਾ ਹਾਂ ਅਤੇ ਉਹਨਾਂ ਦੇ ਖ਼ਾਨਦਾਨੀ ਹਾਲਾਤ, ਵਿੱਦਿਆ ਅਤੇ ਦੂਜੀ ਜਾਣਕਾਰੀ ਸਬੰਧੀ ਵੀ ਮੇਰੇ ਕੋਲ ਸੱਚਾ ਤੇ ਕੀਮਤੀ ਖ਼ਜ਼ਾਨਾ ਉਪਲਬਧ ਹੈ, ਇਸ ਲਈ ਇਸ ਨੂੰ ਲਿਖਤੀ ਰੂਪ ਵਿਚ ਆਮ ਲੋਕਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਦੂਜੀ ਮਹੱਤਵਪੂਰਨ ਗੱਲ ਇਹ ਕਿ ਮੈਂ ਕਦੇ ਕਿਸੇ ਅਹਿਮ ਸ਼ਖ਼ਸੀਅਤ ਸੰਬੰਧੀ ਅਤੇ ਫਿਰ ਉਚੇਚੇ ਤੌਰ ਤੇ ਮੌਲਵੀ ਸਾਹਿਬ (ਰਹਿ.) ਬਾਰੇ ਕਦੀ ਕੋਈ ਅਜਿਹੀ ਗੱਲ ਨਹੀਂ ਲਿਖ ਸਕਦਾ ਜਿਸ ਦੀ ਵਾਸਤਵਿਕਤਾ ਸੰਬੰਧੀ ਮੈਨੂੰ ਸ਼ੱਕ ਹੋਵੇ। ਉਨ੍ਹਾਂ ਨਾਲ ਮੇਰੀ ਮੁਹੱਬਤ ਦਾ ਤਕਾਜ਼ਾ ਵੀ ਇਹੋ ਹੈ ਕਿ ਮੈਂ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਨਾ ਕਰਾਂ ਅਤੇ ਨਾ ਹੀ ਆਪਣੀ ਨਿੱਜੀ ਅਭਿਲਾਸ਼ਾ ਨੂੰ ਸਾਹਮਣੇ ਲਿਆਉਣ ਦਾ ਉਪਰਾਲਾ ਕਰਾਂ। ਮੈਨੂੰ ਹਮੇਸ਼ਾ ਹੈਰਾਨੀ ਹੋਈ ਕਿ ਕੁੱਝ ਲੋਕ ਆਪਣੇ ਨਿੱਜੀ ਮਨੋਰਥ ਨੂੰ ਪੂਰਾ ਕਰਨ ਲਈ ਹਾਲਾਤ ਅਤੇ ਘਟਨਾਵਾਂ ਨੂੰ ਗ਼ਲਤ ਤੌਰ ਤੇ ਪੇਸ਼ ਕਰਦੇ ਹਨ, ਜਿਸ ਨਾਲ ਇਤਿਹਾਸ ਦਾ ਚਿਹਰਾ ਹੀ ਬਦਲ ਜਾਂਦਾ ਹੈ ਤੇ ਇਸ ਗੱਲ ਦਾ ਮਾੜਾ ਪ੍ਰਭਾਵ ਹਮੇਸ਼ਾ ਆਉਣ ਵਾਲੀਆਂ ਨਸਲਾਂ 'ਤੇ ਪੈਂਦਾ ਹੈ। ਉਹ ਇਤਿਹਾਸ ਦੀ ਅਸਲ ਜਾਣਕਾਰੀ ਨਾ ਹੋਣ ਕਾਰਨ ਆਪਣੀ ਸੱਭਿਅਤਾ, ਤਹਿਜ਼ੀਬ ਤੇ ਸਮਾਜੀ ਕਦਰਾਂ-ਕੀਮਤਾਂ ਨਾਲ ਸੁਚੱਜੇ

ਢੰਗ ਨਾਲ ਪ੍ਰੀਚੈ ਨਹੀਂ ਹੋ ਸਕਦੇ। ਖ਼ੈਰ ਨੇਕੀ ਤੇ ਬਦੀ ਦਾ ਹਮੇਸ਼ਾ ਤੋਂ ਮੁਕਾਬਲਾ ਰਿਹਾ ਹੈ ਪਰ ਜਿੱਤ ਹਮੇਸ਼ਾ ਸੱਚ ਦੀ ਹੀ ਹੁੰਦੀ ਹੈ। ਇਸ ਲਈ ਮੈਂ 1990 ਈ. ਵਿਚ ਮੌਲਵੀ ਸਾਹਿਬ (ਰਹਿ.) ਦੇ ਨਾਂ ਤੇ ਇਕ ਆਰਗੇਨਾਈਜ਼ੇਸ਼ਨ ਰਜਿਸਟਰਡ ਕਰਵਾਈ ਅਤੇ ਨਾਲ ਹੀ ਮੁਤਾਲਿਆ ਵੀ ਜਾਰੀ ਰਿਹਾ। ਰੱਬ ਨੇ ਮੈਨੂੰ ਉਹ ਸਮਝ ਬਖ਼ਸ਼ੀ ਤਾਂ ਕਿ ਮੈਂ ਚੀਜ਼ਾਂ ਨੂੰ ਸਹੀ ਢੰਗ ਨਾਲ ਜਾਂਚ ਪਰਖ ਸਕਾਂ। ਮੈਂ ਕੋਸ਼ਿਸ਼ ਕੀਤੀ ਕਿ ਵਿਸ਼ੇਸ਼ ਤੌਰ ਤੇ ਹੁਸ਼ਿਆਰਪੁਰ, ਜਲੰਧਰ ਅਤੇ ਖ਼ਿੱਤੇ ਦੇ ਦੂਜਿਆਂ ਜ਼ਿਲਿਆਂ ਦੀਆਂ ਬੋਲੀਆਂ ਨੂੰ ਸਮਝ ਸਕਾਂ। ਇਸਲਾਮੀ ਇਤਿਹਾਸ, ਸਾਂਝੇ ਭਾਰਤ ਅਤੇ ਸੰਯੁਕਤ ਪੰਜਾਬ ਦੇ ਸਾਰੇ ਇਲਾਕਿਆਂ ਸਬੰਧੀ ਜਾਣਕਾਰੀ ਪ੍ਰਾਪਤ ਹੋਵੇ। ਇੱਥੇ ਦੀਆਂ ਬਰਾਦਰੀਆਂ ਤੇ ਕਬੀਲਿਆਂ ਦੇ ਜੀਵਨ ਚਰਿੱਤਰ, ਵਾਰਤਾਲਾਪ ਦੇ ਢੰਗ ਜਾਂ ਸੰਵਾਦ ਨੂੰ ਸਮਝ ਸਕਾਂ ਅਤੇ ਸਭ ਤੋਂ ਵਿਸ਼ੇਸ਼ ਇਹ ਕਿ ਮੌਲਵੀ ਸਾਹਿਬ (ਰਹਿ.) ਨੇ ਆਪਣੇ ਕਲਾਮ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਹੈ? ਉਨ੍ਹਾਂ ਦੇ ਸਹੀ ਸਹੀ ਜੀਵਨ ਚਰਿੱਤਰ, ਰਹਿਣ ਸਹਿਣ, ਲੋਕਾਂ ਨਾਲ ਮੇਲ ਮਿਲਾਪ ਦੇ ਢੰਗ, ਉਨ੍ਹਾਂ ਦੀਆਂ ਆਦਤਾਂ, ਖ਼ਾਨਦਾਨੀ ਹਾਲਾਤ, ਉਨ੍ਹਾਂ ਦੇ ਕਾਵਿ ਦਾ ਮੱਯਾਰ ਅਤੇ ਦੂਜੇ ਕਵੀਆਂ, ਵਿਸ਼ੇਸ਼ ਤੌਰ ਤੇ ਸੂਫ਼ੀ ਕਵੀਆਂ ਨਾਲ ਤੁਲਨਾਤਮਕ ਅਧਿਐਨ ਅਤੇ ਸ਼ਾਇਰਾਂ ਵਿਚ ਉਨ੍ਹਾਂ ਦੀ ਵਿਲੱਖਣਤਾ, ਉਨ੍ਹਾਂ ਦੇ ਗੱਲ ਕਹਿਣ ਦਾ ਅੰਦਾਜ਼, ਕਲਾਮ ਦਾ ਸਤਰ ਜਾਂ ਕਸੌਟੀ, ਉਸ ਦੀ ਗਹਿਰਾਈ ਤੇ ਡੂੰਘਾਣ ਅਤੇ ਹੁਣ ਤੱਕ ਜਿੰਨੇ ਵੀ ਲੋਕਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਤੇ ਕਲਾ ਸਬੰਧੀ ਲਿਖਿਆ, ਉਨ੍ਹਾਂ ਦੀ ਸੋਚ ਤੇ ਜ਼ਿਹਨੀਅਤ, ਉਨ੍ਹਾਂ ਦੇ ਅਕੀਦਿਆਂ ਤੇ ਵਿਚਾਰਧਾਰਾਵਾਂ, ਭਾਵ ਉਨ੍ਹਾਂ ਨਾਲ ਸਬੰਧੰਤ ਹਰ ਪ੍ਰਕਾਰ ਦੇ ਮਾਮਲਿਆਂ ਨੂੰ ਸਮਝਣ ਦਾ ਉਪਰਾਲਾ ਕੀਤਾ। ਇਸ ਵਿਚ ਰੱਬ ਨੇ ਮੇਰੀ ਉਚੇਚੀ ਸਹਾਇਤਾ ਤੇ ਮਾਰਗ ਦਰਸ਼ਨ ਕੀਤਾ ਅਤੇ ਮੈਨੂੰ ਸੂਝ-ਬੂਝ ਬਖ਼ਸ਼ੀ, ਰੱਬ ਦੀਆਂ ਰਹਿਮਤਾਂ ਹੁੰਦੀਆਂ ਰਹੀਆਂ ਤੇ ਭੇਦ ਖੁੱਲਦੇ ਰਹੇ, ਚਾਨਣ ਹੁੰਦਾ ਰਿਹਾ।

ਮੈਂ ਸਮਝਦਾ ਹਾਂ ਕਿ ਭਾਸ਼ਾ ਦਾ ਲਹਿਜਾ ਅਤੇ ਬੋਲੀ ਹਰ ਵਿਅਕਤੀ ਦੀ ਆਪਣੀ ਹੀ ਰਹਿਣੀ ਚਾਹੀਦੀ ਹੈ ਕਿਉਂਕਿ ਵੱਖੋ-ਵੱਖਰੇ ਜ਼ਿਲਿਆਂ ਵਿਚ ਪੰਜਾਬੀ ਦੇ ਲਹਿਜੇ ਵੀ ਵਿਭਿੰਨ ਪ੍ਰਕਾਰ ਦੇ ਹਨ, ਜਿਨ੍ਹਾਂ ਨੂੰ ਸੁਰੱਖਿਅਤ ਰਹਿਣਾ ਚਾਹੀਦਾ ਹੈ ਅਤੇ ਕੋਈ ਵਿਸ਼ੇਸ਼ ਪ੍ਰਕਾਰ ਦੀ ਪੰਜਾਬੀ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਨਾਲ ਪੰਜਾਬੀ ਦਾ ਨੁਕਸਾਨ ਹੋ ਸਕਦਾ ਹੈ। ਉਦਾਹਰਣ ਵੱਜੋਂ ਕੁੱਝ ਸਮਾਨਾਰਥੀ ਸ਼ਬਦ ਦਰਜ ਕਰਦਾ ਹਾਂ ਜਿਵੇਂ ਦੇਖਿਆ-ਵੇਖਿਆ, ਚੰਦ-ਚੰਨ, ਸੁਫ਼ਨਾ-ਸੁਫਨਾ ਆਦਿ। ਮੌਲਵੀ ਸਾਹਿਬ (ਰਹਿ.) ਦਾ ਸ਼ਾਗਿਰਦ ਸੱਯਦ ਰੌਸ਼ਨ ਅਲੀ ਜਦੋਂ ਮਾਲਵੇ ਵਿਚ ਠਹਿਰਿਆ ਹੋਇਆ ਸੀ ਤਾਂ ਉਸ ਨੂੰ ਲਿਖੀ ਗਈ ਆਪਣੀ ਇਕ ਚਿੱਠੀ ਵਿਚ ਮੌਲਵੀ ਸਾਹਿਬ ਹੁਸ਼ਿਆਰਪੁਰ ਅਤੇ ਮਾਲਵੇ ਦੀਆਂ ਬੋਲੀਆਂ ਦਾ ਵਿਵੇਚਨ ਜਾਂ ਤਜ਼ਕਰਾ ਕੁਝ ਇਸ ਤਰ੍ਹਾਂ ਕਰਦੇ ਹਨ:

ਏਥੇ ਅਸੀਂ ਆਹੇ ਉੱਥੇ ਬਣੇ ਆਪਾਂ
ਜਦੋਂ ਬੋਲੀਆਂ ਹੋਰ ਦੀਆਂ ਹੋਰ ਹੋਈਆਂ।

ਹੱਥਲੀ ਪੁਸਤਕ **"ਮਆਰਿਬ-ਉਲ-ਖ਼ਾਸ਼ਿਈਨ"** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਅਹਿਮ ਰਚਨਾ ਹੈ। ਮੁਹੰਮਦ ਆਲਮ ਕਪੂਰਥਲਵੀ ਮਰਹੂਮ ਨੇ ਮੌਲਵੀ ਸਾਹਿਬ (ਰਹਿ.) ਦੀਆਂ ਸੱਤ ਲਿਖਤਾਂ ਭਾਵ 1. ਚਿੱਠੀ ਬਨਾਮ ਰੌਸ਼ਨ ਅਲੀ 2. ਚਿੱਠੀ ਬਨਾਮ ਹੀਰੇ ਸ਼ਾਹ 3. ਚਿੱਠੀ ਬਨਾਮ

ਗ਼ੁਲਾਮ ਯਾਸੀਨ 4. ਹੁਲੀਆ ਸ਼ਰੀਫ਼ ਹਜ਼ੂਰ ਸੱਲੱਲਾਹੁ ਅਲੈਹਿ ਵਸੱਲਮ 5. ਸੀ-ਹਰਫ਼ੀ ਸੱਸੀ ਪੁਨੂੰ 6. ਸੀ-ਹਰਫ਼ੀ ਚੋਪਟਨਾਮਾ 7. ਸੀ-ਹਰਫ਼ੀ ਪੰਧਨਾਮਾ ਆਦਿ ਨੂੰ ਇਕੱਠਾ ਕਰਕੇ ਕਿਤਾਬੀ ਸ਼ਕਲ ਵਿਚ ਪ੍ਰਕਾਸ਼ਿਤ ਕੀਤਾ ਅਤੇ ਇਸ ਸੰਗ੍ਰਿਹ ਦਾ ਨਾਂ "ਸਤ ਫਲ" ਰਖਿਆ, ਪਰ ਮੈਂ ਇਹ ਫ਼ੈਸਲਾ ਕੀਤਾ ਕਿ ਮੌਲਵੀ ਸਾਹਿਬ ਰਹਿ. ਦੀਆਂ ਰਚਨਾਵਾਂ ਨੂੰ ਉਨ੍ਹਾਂ ਦੇ ਅਸਲ ਨਾਂ ਨਾਲ ਹੀ ਪ੍ਰਕਾਸ਼ਿਤ ਕੀਤਾ ਜਾਵੇ। ਇਸ ਕਰਕੇ **"ਮਆਰਿਬ-ਉਲ-ਖ਼ਾਸ਼ਿਈਨ"** ਨੂੰ ਵੱਖਰਾ ਕਰਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਕੰਮ ਦੀ ਸੋਧ ਦੇ ਹਵਾਲੇ ਨਾਲ ਵੱਖ-ਵੱਖ ਦੋਸਤਾਂ-ਮਿੱਤਰਾਂ ਨਾਲ ਗੱਲ-ਬਾਤ ਹੁੰਦੀ ਰਹੀ ਜਿਨ੍ਹਾਂ ਵਿਚ ਮੁਹੰਮਦ ਐਸ ਆਬਿਦ ਸਾਹਿਬ, ਪ੍ਰੋਫ਼ੈਸਰ ਮੁਫ਼ਤੀ ਅਬਦੁਰ ਰਊਫ਼ ਸਾਹਿਬ, ਅਲੱਾਮਾ ਨਾਦਿਰ ਜਾਜਵੀ ਸਾਹਿਬ ਅਤੇ ਅਹਿਸਾਨ ਬਾਜਵਾ ਸਾਹਿਬ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਇਹ ਸਭ ਦੋਸਤ ਮੇਰੇ ਕੋਲ ਤਸ਼ਰੀਫ਼ ਲਿਆਉਂਦੇ ਰਹੇ ਅਤੇ ਮਸ਼ਵਰਿਆਂ ਦਾ ਅਮਲ ਜਾਰੀ ਰਿਹਾ। ਸਤ ਫਲ ਵਿਚ ਮੁਹੰਮਦ ਆਲਮ ਹੋਰਾਂ ਤੋਂ ਅਣਜਾਨੇ ਵਿਚ ਜਿੱਥੇ ਕੋਈ ਤਰੁੱਟੀ ਰਹਿ ਗਈ ਸੀ ਜਾਂ ਕੋਈ ਸ਼ਬਦ ਉਨ੍ਹਾਂ ਦੀ ਸਮਝ ਵਿਚ ਨਾ ਆ ਸਕਿਆ, ਉਸ ਨੂੰ ਅੰਕਿਤ ਕਰਤਾ ਅਤੇ ਮੁਹੰਮਦ ਐਸ ਆਬਿਦ ਸਾਹਿਬ ਨੇ ਸਹੀ ਕੀਤਾ। ਮੁਹੰਮਦ ਐਸ ਸਾਹਿਬ ਨੇ ਚਿੱਠੀਆਂ, ਹੁਲੀਆ ਸ਼ਰੀਫ਼ ਹਜ਼ੂਰ ਸੱਲੱਲਾਹੁ ਅਲੈਹਿ ਵਸੱਲਮ, ਸੀ-ਹਰਫ਼ੀ ਸੱਸੀ ਪਨੂੰ, ਚੋਪਟਨਾਮਾ ਅਤੇ ਪੰਧਨਾਮਾ ਆਦਿ ਦੀ ਪਰੂਫ਼ ਰੀਡਿੰਗ ਦੇ ਸੰਬੰਧ ਵਿਚ ਮੇਰੇ ਨਾਲ ਮਿਲ ਕੇ ਬਹੁਤ ਮੁਸ਼ੱਕਤ ਕੀਤੀ ਅਤੇ ਕੁਝ ਔਖੇ ਸ਼ਿਅਰਾਂ ਨੂੰ ਵੀ ਹੱਲ ਕੀਤਾ। ਰਾਕਿਮ ਮੌਸੂਫ਼ ਦੀਆਂ ਇਹਨਾਂ ਸੇਵਾਵਾਂ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਦਿਲੋਂ ਦੁਆ ਕਰਦਾ ਹਾਂ ਕਿ ਜਿਸ ਇਸ਼ਕ ਦੇ ਜਜ਼ਬੇ ਨਾਲ ਉਨ੍ਹਾਂ ਨੇ ਮੌਲਵੀ ਸਾਹਿਬ ਦੀਆਂ ਰਚਨਾਵਾਂ ਨੂੰ ਮਿਹਨਤ ਨਾਲ ਸੋਧਨ ਤੇ ਸ਼ਿੰਗਾਰਨ ਦੀ ਕੋਸ਼ਿਸ ਕੀਤੀ ਹੈ, ਉਸ ਲਈ ਅੱਲਾਹ ਤਆਲਾ ਉਨ੍ਹਾਂ ਨੂੰ ਦਾਰੀਨ ਵਿਚ ਅਜਰ-ਏ-ਜਜ਼ੀਲ ਅਤਾ ਫ਼ਰਮਾਵੇ। ਰੱਬਾਨਾ ਤਕੱਬਲ ਮਿੱਨਾ ਇੱਨਾਕਾ ਅੰਤ-ਉਸ-ਸਮੀਅ-ਉਲ-ਅਲੀਮ।

ਇੱਥੇ ਉਨ੍ਹਾਂ ਦੋਸਤ ਅਹਿਬਾਬ ਦਾ ਜ਼ਿਕਰ ਨਾ ਕਰਾਂ ਤਾਂ ਬੇ-ਇਨਸਾਫ਼ੀ ਹੋਵੇਗੀ ਜਿੰਨ੍ਹਾਂ ਇਸ ਪੁਸਤਕ ਦੀ ਤਿਆਰੀ ਵਿਚ ਵਿੱਤੀ ਸਹਾਇਤਾ ਦਿੱਤੀ। ਇਹਨਾਂ ਮਿਹਰਬਾਨ ਦੋਸਤਾਂ ਵਿਚ ਮੁਹੰਮਦ ਆਸਿਫ਼ ਸਾਹਿਬ, ਹਾਜੀ ਮੁਹੰਮਦ ਸਈਦ ਗੁੱਜਰ ਸਾਹਿਬ, ਰਾਣਾ ਫ਼ਜ਼ਲ-ਉਰ ਰਹਿਮਾਨ ਸਾਹਿਬ, ਸੱਜਾਦ ਰਸੂਲ ਸਾਹਿਬ, ਇਨਆਮ ਉਲੱਾਹ ਸਾਹਿਬ ਅਤੇ ਮੁਹਸਿਨ ਅਲੀ ਚੱਠਾ ਸਾਹਿਬ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਮੈਂ ਇਹਨਾਂ ਸਾਰੇ ਦੋਸਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਇੱਕ ਨੇਕ ਮੰਤਵ ਲਈ ਪੁਰਖ਼ਲੂਸ ਯੋਗਦਾਨ ਦਿੱਤਾ। ਅਲੱਾਹ ਤਆਲਾ ਇਹਨਾਂ ਸਾਰਿਆਂ 'ਤੇ ਆਪਣਾ ਵਿਸ਼ੇਸ਼ ਫ਼ਜ਼ਲ ਤੇ ਅਹਿਸਾਨ ਫ਼ਰਮਾਵੇ।

ਉਂਜ ਮੈਂ ਇਸ ਪੁਸਤਕ ਦੇ ਬੇਹਤਰੀਨ ਪ੍ਰਕਾਸ਼ਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਫੇਰ ਵੀ ਕਿਤੇ ਟਾਇਪਿੰਗ ਦੀ ਕੋਈ ਗ਼ਲਤੀ ਨਜ਼ਰ ਆਵੇ ਤਾਂ ਰਹਿਨੁਮਾਈ ਕਰਨ ਦੀ ਖੇਚਲ ਕਰਨਾ ਜੀ, ਸੋਧ ਤੇ ਨਿਪੁੰਨਤਾ ਲਈ ਕੋਸ਼ਿਸ਼ ਜਾਰੀ ਰਹੇਗੀ।

ਧੰਨਵਾਦ!

**ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ**

# ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
## (ਸੰਖੇਪ ਜਾਣ-ਪਛਾਣ)

| | | |
|---|---|---|
| ਨਾਂ | : | ਗ਼ੁਲਾਮ ਰਸੂਲ |
| ਸਾਹਿਤਕ ਨਾਂ | : | ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) |
| ਆਮਦ | : | 5 ਰਬੀਅ-ਉਲ-ਅੱਵਲ 1265 ਹਿਜਰੀ ਬਮੁਤਾਬਿਕ 29 ਜਨਵਰੀ, ਦਿਨ ਸੋਮਵਾਰ 1849 ਈਸਵੀ |
| ਸਥਾਨ | : | ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਹਿੰਦੁਸਤਾਨ |
| ਮਾਪੇ | : | ਮੁਹਤਰਮਾ ਰਹਿਮਤ ਬੀਬੀ ਸਾਹਿਬਾ<br>ਚੌਧਰੀ ਮੁਰਾਦ ਬਖ਼ਸ਼ ਸਾਹਿਬ |
| ਭੈਣ-ਭਰਾ | : | ਆਪ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। |
| ਵਿੱਦਿਆ | : | ਜ਼ਾਹਿਰੀ ਵਿੱਦਿਆ ਬਾਰੇ ਕੋਈ ਸੁਰਾਗ਼ ਨਹੀਂ ਮਿਲਦਾ, ਹਾਂ ਇਹ ਜ਼ਰੂਰ ਕਿਹਾ ਜਾਂਦਾ ਹੈ ਕਿ ਆਪ ਇਲਮ-ਏ-ਲੱਦੁੰਨੀ (ਇਲਹਾਮੀ ਇਲਮ) ਦੀਆਂ ਨੇਅਮਤਾਂ ਨਾਲ ਮਾਲਾ-ਮਾਲ ਸਨ। ਉਂਜ ਮੁੱਢਲੀ ਸਿੱਖਿਆ ਵੱਜੋਂ ਆਪਣੇ ਪਿੰਡ ਦੇ ਮੌਲਵੀ ਹਾਮਿਦ ਸਾਹਿਬ ਤੋਂ ਅਰਬੀ ਤੇ ਫ਼ਾਰਸੀ ਦਾ ਗਿਆਨ ਪ੍ਰਾਪਤ ਕੀਤਾ ਅਤੇ ਫੇਰ ਇਕ ਨੇੜਲੇ ਪਿੰਡ ਗ਼ਿਲਜੀਆਂ ਦੇ ਮੌਲਵੀ ਉਸਮਾਨ ਸਾਹਿਬ ਤੋਂ ਵੀ ਤਾਲੀਮ ਪ੍ਰਾਪਤ ਕੀਤੀ। |
| ਮੁਲਾਜ਼ਮਤ | : | 1864 ਈਸਵੀ ਤੋਂ 1878 ਈ. ਤੱਕ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਈਆਂ। 1878 ਈ. ਵਿਚ ਪਿੰਡ ਮਹੇਸਰ ਵਿਖੇ ਤਬਾਦਲਾ ਹੋਇਆ। 1882 ਈ. ਵਿਚ ਅਸਤੀਫ਼ਾ ਦੇ ਕੇ ਆਲਮਪੁਰ ਆ ਗਏ। ਉਸ ਸਮੇਂ ਆਪ ਦੀ ਉਮਰ ਕੇਵਲ 33 ਸਾਲ ਸੀ। |
| ਵਿਆਹ | : | ਆਪ ਜੀ ਦੇ ਤਿੰਨ ਵਿਆਹ ਹੋਏ। ਪਹਿਲੀ ਪਤਨੀ ਤੋਂ ਕੋਈ ਸੰਤਾਨ ਨਹੀਂ ਹੋਈ। ਦੂਜੀ ਪਤਨੀ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ "ਆਇਸ਼ਾ ਬੀਬੀ" ਸੀ। ਤੀਜੀ ਪਤਨੀ ਤੋਂ ਵੀ ਇਕ ਬੇਟੀ ਪੈਦਾ ਹੋਈ ਜਿਸ ਦਾ ਨਾਂ "ਖ਼ਦੀਜਾ ਬੀਬੀ" ਸੀ। |
| ਰੁਖ਼ਸਤ | : | 7 ਸ਼ਅਬਾਨ 1309 ਹਿਜਰੀ ਬਮੁਤਾਬਿਕ 7 ਮਾਰਚ ਦਿਨ ਸੋਮਵਾਰ 1892 ਈਸਵੀ। |

ਆਖ਼ਰੀ
ਆਰਾਮਗਾਹ : ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਹਿੰਦੁਸਤਾਨ।

**ਪੰਜਾਬੀ ਰਚਨਾਵਾਂ:**

1. ਦਾਸਤਾਨ-ਏ-ਅਮੀਰ ਹਮਜ਼ਾ (ਪਹਿਲੀ ਜਿਲਦ) 1864 ਈਸਵੀ ਦੂਜੀ ਅਤੇ ਤੀਜੀ ਜਿਲਦ 1869 ਈ.
   (ਇਸ ਵਿਚ ਲੱਗਭਗ 20 ਹਜ਼ਾਰ ਸ਼ਿਅਰ ਹਨ)
2. ਰੂਹ-ਉਲ-ਤਰਤੀਲ 1868 ਈ.
3. ਅਹਸਨ-ਉਲ-ਕਸਸ
   (ਪ੍ਰਸਿੱਧ ਕਿੱਸਾ ਯੂਸੁਫ਼ ਜ਼ੁਲੈਖ਼ਾ) 1873 ਈ.
4. ਸੀ-ਹਰਫ਼ੀ "ਹੁਲੀਆ ਸ਼ਰੀਫ਼ ਹਜ਼ੂਰ ਸੱਲਲਾਹੁ ਅਲੈਹਿ ਵ-ਸੱਲਮ 9 ਮਾਰਚ 1880 ਈ.
5. ਚਿੱਠੀਆਂ 10 ਨਵੰਬਰ 1882 ਈ.
6. ਸੀ-ਹਰਫ਼ੀ ਸੱਸੀ ਪੁੰਨੂੰ
7. ਸੀ ਹਰਫ਼ੀ ਚੋਪਟਨਾਮਾ
8. ਸੀ-ਹਰਫ਼ੀ ਪੰਧਨਾਮਾ
   ਜਿਨ੍ਹਾਂ ਪੁਸਤਕਾਂ ਦੇ ਕੇਵਲ ਨਾਂ ਦਾ ਹੀ ਜ਼ਿਕਰ ਮਿਲਦਾ ਹੈ।
9. ਗੁੱਜਰਨਾਮਾ
10. ਕਿੱਸਾ ਰੂਪਨ

**ਉਰਦੂ ਰਚਨਾਵਾਂ**

1. ਮਸਅਲਾ-ਏ-ਤੌਹੀਦ (ਵਾਰਤਕ) 1878 ਈ.
2. ਮਆਰਿਬ-ਉਲ-ਖ਼ਾਸ਼ਿਈਨ (ਵਾਰਤਕ) 1887 ਈ.
3. ਉਰਦੂ ਗਜ਼ਲੀਆਤ (ਉਪਲੱਬਧ ਨਹੀਂ)

**ਡਾ. ਨਦੀਮ ਅਹਿਮਦ ਨਦੀਮ**
ਅਸਿਸਟੈਂਟ ਪ੍ਰੋਫ਼ੈਸਰ
ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

*****

# ਜੀਵਨੀ

## ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ
## ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)

**ਜਨਮ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਜਨਮ 5 ਰਬੀਅ-ਉਲ-ਅਵੱਲ 1265 ਹਿਜਰੀ (29 ਜਨਵਰੀ 1849 ਈ.) ਦਿਨ ਸੋਮਵਾਰ ਨੂੰ ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਹਿੰਦੁਸਤਾਨ ਵਿੱਚ ਹੋਇਆ। ਆਪ ਦੇ ਦਾਦਾ ਜੀ ਦਾ ਨਾਂ ਚੌਧਰੀ ਸੁਲਤਾਨ ਅਲੀ ਅਤੇ ਦਾਦੀ ਜੀ ਦਾ ਨਾਮ ਹਾਜਰਾ ਬੀਬੀ ਸੀ। ਆਪ ਜੀ ਦੇ ਪਿਤਾ ਚੌਧਰੀ ਮੁਰਾਦ ਬਖ਼ਸ਼ ਦੀਆਂ ਦੋ ਸ਼ਾਦੀਆਂ ਹੋਈਆਂ, ਪਹਿਲੀ ਸ਼ਾਦੀ ਪਿੰਡ ਲੁਧਿਆਨੀ ਵਿਚ ਹੋਈ, ਇਸ ਪਤਨੀ ਤੋਂ ਕੋਈ ਸੰਤਾਨ ਨਹੀਂ ਹੋਈ। ਦੂਜਾ ਵਿਆਹ ਪਿੰਡ ਧੂਤਾਂ ਵਿਖੇ ਜਨਾਬ ਖ਼ੁਦਾਦਾਦ ਦੀ ਧੀ ਰਹਿਮਤ ਬੀਬੀ ਨਾਲ ਹੋਇਆ ਅਤੇ ਇਹੋ ਰਹਿਮਤ ਬੀਬੀ ਮੌਲਵੀ ਸਾਹਿਬ (ਰਹਿ.) ਦੀ ਮਾਤਾ ਸਨ। ਮੌਲਵੀ ਸਾਹਿਬ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸਨ। ਆਪ ਜੀ ਦੀ ਜ਼ਾਤ ਗੁੱਜਰ ਅਤੇ ਗੋਤ ਕੁਸਾਨਾ ਸੀ।ਆਪ ਦੀ ਪੈਦਾਇਸ਼ ਤੋਂ ਛੇ ਮਹੀਨੇ ਬਾਅਦ ਆਪ ਜੀ ਦੀ ਮਾਤਾ ਜੀ ਦਾ ਦਿਹਾਂਤ ਹੋ ਗਿਆ। ਮੌਲਵੀ ਸਾਹਿਬ ਦੀ ਉਮਰ ਅਜੇ ਲੱਗ-ਭੱਗ 12 ਸਾਲ ਦੀ ਹੀ ਸੀ ਕਿ ਆਪ ਜੀ ਦੇ ਪਿਤਾ ਜੀ ਵੀ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਗਏ।

**ਵਿੱਦਿਅਕ ਯੋਗਤਾ:** ਉਨ੍ਹਾਂ ਦੀ ਵਿੱਦਿਅਕ ਯੋਗਤਾ ਬਾਰੇ ਕੋਈ ਜ਼ਾਹਰੀ ਸੁਰਾਗ਼ ਨਹੀਂ ਮਿਲਦਾ ਪਰ ਇਹ ਮੰਨਣਾ ਪੈਂਦਾ ਹੈ ਕਿ ਆਪ (ਰਹਿ.) ਇਲਮ-ਏ-ਲੱਦੁੰਨੀ (ਇਲਹਾਮੀ ਇਲਮ, ਰੱਬ ਵੱਲੋਂ ਮਿਲਿਆ ਗਿਆਨ ਭਾਵ ਜਿਸ ਲਈ ਕੋਈ ਉਪਰਾਲਾ ਨਾ ਕੀਤਾ ਜਾਵੇ) ਦੀ ਬਖ਼ਸ਼ਿਸ਼ ਨਾਲ ਮਾਲਾ-ਮਾਲ ਸਨ। ਅੱਲਾਹ ਤਆਲਾ ਦਾ ਆਪ (ਰਹਿ.) ਤੇ ਖ਼ਾਸ ਫ਼ਜ਼ਲ-ਓ-ਕਰਮ ਸੀ। ਫੇਰ ਵੀ ਮੁੱਢਲੀ ਵਿੱਦਿਆ ਵੱਜੋਂ ਆਪ ਨੇ ਆਪਣੇ ਪਿੰਡ ਦੇ ਮੌਲਵੀ ਹਾਮਿਦ ਸਾਹਿਬ ਤੋਂ ਕੁੱਝ ਅਰਬੀ ਅਤੇ ਫ਼ਾਰਸੀ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਫੇਰ ਨੇੜੇ ਦੇ ਇਕ ਪਿੰਡ ਗ਼ਿਲਜ਼ੀਆ ਦੇ ਮੌਲਵੀ ਉਸਮਾਨ ਸਾਹਿਬ ਤੋਂ ਵੀ ਤਾਲੀਮ ਹਾਸਿਲ ਕੀਤੀ।

**ਮੁਲਾਜ਼ਮਤ, ਨੌਕਰੀ:** ਜ਼ਾਹਰੀ ਵਿੱਦਿਆ ਤੋਂ ਫ਼ਾਰਿਗ ਹੋਣ ਉਪਰੰਤ ਆਪ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਵੱਜੋਂ ਸੇਵਾ ਕਰਨ ਲੱਗੇ। ਆਪ ਨੇ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਬਹੈਸੀਅਤ ਉਸਤਾਦ 1864 ਈ. ਤੋਂ 1878 ਈ. ਤੱਕ, 14 ਸਾਲ ਖ਼ਿਦਮਤ ਕੀਤੀ ਤੇ ਵਿੱਦਿਆ ਦਾ ਚਾਨਣ ਫੈਲਾਇਆ। 1878 ਈ. ਵਿਚ ਆਪ ਦਾ ਤਬਾਦਲਾ ਪਿੰਡ ਮਹੇਸਰ ਵਿਖੇ ਹੋ ਗਿਆ। ਮਹੇਸਰ ਆਲਮਪੁਰ ਤੋਂ ਲਗਭਗ 2 ਮੀਲ ਦੇ ਫ਼ਾਸਲੇ 'ਤੇ ਸਥਿਤ ਹੈ। ਉੱਥੇ ਆਪ ਨੇ 4 ਸਾਲ ਪੜ੍ਹਾਇਆ ਅਤੇ 1882 ਈ. ਵਿਚ ਮੁਲਾਜ਼ਮਤ ਤੋਂ

ਅਸਤੀਫ਼ਾ ਦੇ ਕੇ ਆਲਮਪੁਰ ਵਾਪਿਸ ਆ ਗਏ। ਆਪ ਨੇ ਲਗਭਗ 18 ਸਾਲ ਸਕੂਲ ਅਧਿਆਪਕ ਵਜੋਂ ਸੇਵਾਵਾਂ ਨਿਭਾਈਆਂ ਅਤੇ ਜਦੋਂ ਆਪ ਨੇ ਅਸਤੀਫ਼ਾ ਦਿੱਤਾ ਤਾਂ ਉਸ ਸਮੇਂ ਆਪ ਦੀ ਉਮਰ ਲੱਗ-ਭਗ 33 ਸਾਲ ਸੀ।

**ਖ਼ਸਲਤਾਂ, ਆਦਤਾਂ ਤੇ ਖ਼ੂਬੀਆਂ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿਮਤ ਉੱਲ੍ਹਾ ਅਲੈਹਿ) ਦੀਆਂ ਆਦਤਾਂ ਬਹੁਤ ਪਿਆਰੀਆਂ ਸਨ। ਉਹ ਤਬੀਅਤ ਦੇ ਬਹੁਤ ਚੰਗੇ ਅਤੇ ਮਿਲਣਸਾਰ ਵਿਅਕਤੀ ਸਨ। ਸਾਰੀ ਉਮਰ ਕਿਸੇ ਨਾਲ ਗ਼ੁੱਸੇ ਵਿਚ ਨਹੀਂ ਬੋਲੇ। ਰਾਹ ਚੱਲਦੇ ਤਾਂ ਨਜ਼ਰਾਂ ਨੀਵੀਆਂ ਹੁੰਦੀਆਂ। ਬੜੇ ਵਕਾਰ ਨਾਲ ਚੱਲਦੇ ਸਨ। ਚੰਗੇ ਕਪੜੇ ਪਹਿਨਦੇ ਅਤੇ ਸੁਚੱਜੇ ਢੰਗ ਨਾਲ ਗੱਲ-ਬਾਤ ਕਰਦੇ ਸਨ। ਤਬੀਅਤ ਵਿਚ ਖ਼ੁਸ਼ਮਿਜ਼ਾਜੀ ਵੀ ਸੀ। ਆਪ ਚਿੱਟਾ ਕੁੜਤਾ, ਚਿੱਟੀ ਧੋਤੀ ਅਤੇ ਚਿੱਟੀ ਪਗੜੀ ਪਹਿਨਦੇ ਸਨ ਅਤੇ ਕਦੇ ਕਦੇ ਮੁਸੱਦੀ ਪਗੜੀ ਤੇ ਮੁਲਤਾਨੀ ਲੁੰਗੀ ਵੀ ਪਹਿਨ ਲੈਂਦੇ ਸਨ। ਆਪ ਰੋਜ਼ਾਨਾ ਮਿਸਵਾਕ (ਦਾਤਨ) ਕਰਦੇ ਸਨ। ਆਪ ਦੀਆਂ ਗੱਲਾਂ ਵਿਚ ਬੜਾ ਅਸਰ ਸੀ। ਅੱਲਾਹ ਤਆਲਾ ਨੇ ਆਪ ਨੂੰ ਗੱਲ ਕਹਿਣ ਦੇ ਅੰਦਾਜ਼ ਵਿਚ ਇਕ ਖ਼ਾਸ ਵਿਲੱਖਣਤਾ ਅਤੇ ਗਹਿਰਾਈ ਅਤਾ ਕੀਤੀ ਸੀ। ਲੋਕ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਦੀ ਈਮਾਨੀ ਤਾਕਤ ਦਾ ਇਹ ਹਾਲ ਸੀ ਕਿ ਵੱਡੇ ਤੋਂ ਵੱਡਾ ਵਿਅਕਤੀ ਵੀ ਆਪ ਦੇ ਸਾਹਮਣੇ ਝੂਠ ਬੋਲਣ ਦੀ ਹਿੰਮਤ ਨਹੀਂ ਕਰਦਾ ਸੀ।

**ਹੁਲੀਆ ਮੁਬਾਰਕ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕੱਦ ਲਗਭਗ ਪੌਣੇ ਛੇ ਫ਼ੁੱਟ ਸੀ। ਆਪ ਦੇ ਨੈਣ ਨਕਸ਼ ਬਹੁਤ ਖ਼ੂਬਸੂਰਤ ਸਨ। ਜਿਸਮ ਪਤਲਾ ਸੀ ਪਰ ਕਮਜ਼ੋਰ ਨਹੀਂ ਸੀ ਸਗੋਂ ਸਿਹਤਮੰਦ ਤੇ ਗਠਿਆ ਹੋਇਆ ਸੀ। ਆਪ ਦੀ ਦਾੜ੍ਹੀ ਮੁਬਾਰਕ ਛੋਟੀ ਸੀ। ਦੰਦ ਚਿੱਟੇ, ਪੱਧਰੇ ਤੇ ਖ਼ੂਬਸੂਰਤ ਸਨ। ਰੰਗ ਗੋਰਾ ਸੁਰਖ਼ੀ ਮਿਲਿਆ ਸੀ। ਅੱਖਾਂ ਦਰਮਿਆਨੀਆਂ ਸਨ, ਨਾ ਜ਼ਿਆਦਾ ਮੋਟੀਆਂ ਅਤੇ ਨਾ ਛੋਟੀਆਂ, ਥੋੜੀਆਂ ਲਾਲ ਸਨ। ਆਪ ਦੀ ਹਥੇਲੀ ਭਰਪੂਰ ਸੀ ਤੇ ਥੋੜੀ ਸੁਰਖ਼ ਸੀ। ਆਪ ਦੇ ਸਿਰ ਦੇ ਵਾਲ ਭਰਪੂਰ ਸਨ ਪਰ ਜ਼ਿਆਦਾ ਲੰਮੇ ਨਹੀਂ ਸਨ। ਆਪ ਦਾ ਮੱਥਾ ਤੰਗ ਨਹੀਂ ਸੀ ਸਗੋਂ ਬਹੁਤ ਮੁਨਾਸਿਬ ਸੀ। ਆਪ (ਰਹਿ.) ਦੀ ਗਰਦਨ ਵੀ ਮੁਨਾਸਿਬ ਸੀ, ਨਾ ਬਹੁਤ ਪਤਲੀ ਤੇ ਨਾ ਹੀ ਬਹੁਤ ਮੋਟੀ।

**ਨਿਕਾਹ ਅਤੇ ਔਲਾਦ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਤਿੰਨ ਵਿਆਹ ਹੋਏ। ਪਹਿਲੀ ਸ਼ਾਦੀ ਪਿੰਡ ਧੂਤਾਂ ਤਹਿਸੀਲ ਭੂੰਗਾ ਰਿਆਸਤ ਕਪੂਰਥਲਾ ਵਿਖੇ ਆਪਣੇ ਮਾਮਾ ਜੀ ਅਲੀ ਬਖ਼ਸ਼ ਹੋਰਾਂ ਦੀ ਧੀ ਕਰਮ ਬੀਬੀ ਨਾਲ 1869 ਈ. ਵਿਚ ਹੋਈ, ਉਸ ਸਮੇਂ ਆਪ ਦੀ ਉਮਰ 20 ਸਾਲ ਸੀ। ਇਹ ਪਤਨੀ 1873 ਈ. ਵਿਚ ਇੰਤਕਾਲ ਕਰ ਗਈ। ਇਹਨਾਂ ਤੋਂ ਕੋਈ ਔਲਾਦ ਨਹੀਂ ਹੋਈ। ਦੂਜਾ ਵਿਆਹ ਪਿੰਡ ਸਕਰਾਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1881 ਈ. ਵਿਚ ਹੋਇਆ। ਇਹ ਪਤਨੀ ਵੀ 1986 ਵਿੱਚ ਵਫ਼ਾਤ ਪਾ ਗਈ। ਇਹਨਾਂ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ ਆਇਸ਼ਾ ਬੀਬੀ ਸੀ। ਆਇਸ਼ਾ ਬੀਬੀ ਦਾ ਵਿਆਹ ਚੌਧਰੀ ਸੁਲਤਾਨ ਅਲੀ ਨਾਲ ਹੋਇਆ ਜੋ ਕਿ ਆਲਮਪੁਰ ਦੇ ਨੇੜੇ ਪਿੰਡ ਬਲੜਾਂ ਦੇ

ਰਹਿਣ ਵਾਲੇ ਸਨ। 1947 ਈ. ਤੋਂ ਪਹਿਲਾਂ ਦੋਨੋਂ ਪਤੀ ਪਤਨੀ ਫ਼ੌਤ ਹੋ ਗਏ। ਇਨ੍ਹਾਂ ਦੀ ਇਕ ਧੀ ਗ਼ੁਲਾਮ ਫ਼ਾਤਿਮਾ ਅਤੇ ਪੁੱਤਰ ਫ਼ਜ਼ਲ ਅਹਿਮਦ ਸੀ। ਫ਼ਜ਼ਲ ਅਹਿਮਦ ਭਰੀ ਜਵਾਨੀ ਵਿਚ ਵਫ਼ਾਤ ਪਾ ਗਿਆ ਜਦੋਂ ਕਿ ਗ਼ੁਲਾਮ ਫ਼ਾਤਿਮਾ ਦੀ ਸ਼ਾਦੀ ਮੁਹਮੰਦ ਅਲੀ ਨਾਲ ਹੋਈ ਅਤੇ ਇਹ ਦੋਨੋਂ ਮੀਆਂ ਬੀਵੀ 1947 ਤੋਂ ਬਾਅਦ ਪਾਕਿਸਤਾਨ ਆ ਗਏ ਤੇ ਕੁੱਝ ਸਾਲਾਂ ਬਾਅਦ ਇਹਨਾਂ ਦਾ ਇੰਤਕਾਲ ਹੋ ਗਿਆ। ਇਹਨਾਂ ਦੀ ਔਲਾਦ ਜ਼ਿਲ੍ਹਾ ਫ਼ੈਸਲਾਬਾਦ ਤੇ ਜ਼ਿਲ੍ਹਾ ਟੋਬਾ ਟੇਕ ਸਿੰਘ ਵਿਚ ਆਬਾਦ ਹੈ। ਤੀਜੀ ਤੇ ਆਖ਼ਰੀ ਸ਼ਾਦੀ 1309 ਹਿਜਰੀ ਭਾਵ 1891 ਈ. ਵਿਚ ਪਿੰਡ ਖੰਨਿਆਂ ਵਧਾਇਆ ਦੇ ਰਿਹਾਇਸ਼ੀ ਗੁਲਾਬ ਗੁੱਜਰ ਦੀ ਪੁੱਤਰੀ ਜ਼ੈਨਬ ਬੀਬੀ ਨਾਲ ਹੋਈ। ਇਹਨਾਂ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ ਖ਼ਦੀਜਾ ਬੀਬੀ ਸੀ। ਖ਼ਦੀਜਾ ਬੀਬੀ ਦੀ ਪੈਦਾਇਸ਼ ਤੋਂ ਤਕਰੀਬਨ 2 ਮਹੀਨੇ ਪਹਿਲਾਂ ਮੌਲਵੀ ਸਾਹਿਬ ਦੀ ਵਫ਼ਾਤ ਹੋ ਗਈ ਪਰੰਤੂ ਵਫ਼ਾਤ ਤੋਂ ਪਹਿਲਾਂ ਮੌਲਵੀ ਸਾਹਿਬ (ਰਹਿ.) ਨੇ ਆਪਣੀ ਪਤਨੀ ਨੂੰ ਆਖਿਆ ਕਿ ਤੇਰੇ ਬੇਟੀ ਪੈਦਾ ਹੋਵੇਗੀ ਤੂੰ ਉਸ ਦਾ ਨਾਂ ਖ਼ਦੀਜਾ ਬੀਬੀ ਰੱਖਣਾ ਅਤੇ ਇੰਜ ਹੀ ਹੋਇਆ। ਖ਼ਦੀਜਾ ਬੀਬੀ ਦੀ ਉਮਰ ਲਗਭਗ ਪੰਜ ਵਰੇ ਸੀ ਕਿ ਉਨ੍ਹਾਂ ਦੀ ਮਾਂ ਜ਼ੈਨਬ ਬੀਬੀ ਵੀ ਇੰਤਕਾਲ ਕਰ ਗਈ। ਖ਼ਦੀਜਾ ਬੀਬੀ ਦੀ ਸ਼ਾਦੀ ਚੌਧਰੀ ਅਬਦੁਲ ਅਜ਼ੀਜ਼ ਨਾਲ ਹੋਈ ਜੋ ਕਿ ਆਲਮਪੁਰ ਦੇ ਹੀ ਰਹਿਣ ਵਾਲੇ ਸਨ ਅਤੇ ਇਕ ਵੱਡੇ ਜ਼ਿਮੀਦਾਰ ਘਰਾਨੇ ਨਾਲ ਸੰਬਧ ਰੱਖਦੇ ਸਨ। ਮੁਹਤਰਮਾ ਖ਼ਦੀਜਾ ਬੀਬੀ ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਵਫ਼ਾਤ ਪਾ ਗਈ ਜਦੋ ਕਿ ਚੌਧਰੀ ਅਬਦੁਲ ਅਜ਼ੀਜ਼ ਪਾਕਿਸਤਾਨ ਬਨਣ ਤੋਂ ਕਾਫ਼ੀ ਸਮਾਂ ਬਾਅਦ ਤੱਕ ਜਿਉਂਦੇ ਰਹੇ ਅਤੇ 1975 ਈ. ਵਿਚ ਉਨ੍ਹਾਂ ਦਾ ਇੰਤਕਾਲ ਹੋਇਆ। ਮੁਹਤਰਮਾ ਖ਼ਦੀਜਾ ਬੀਬੀ ਦੀ ਔਲਾਦ ਵਿੱਚ ਦੋ ਪੁੱਤਰ ਤੇ ਤਿੰਨ ਧੀਆਂ ਸਨ। ਵੱਡਾ ਮੁੰਡਾ ਅਬਦੁਲ ਲਤੀਫ਼ ਲਗਭਗ 18 ਸਾਲ ਦੀ ਉਮਰ ਵਿਚ ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਵਫ਼ਾਤ ਪਾ ਗਿਆ। ਉਸ ਤੋਂ ਛੋਟੇ ਸਅਈਦਾ ਬੇਗਮ, ਮਸਊਦਾ ਬੇਗਮ, ਅਬਦੁੱਰ ਰਸ਼ੀਦ ਤੇ ਰਜ਼ੀਆ ਬੇਗਮ ਹਨ। 1947 ਈ. ਤੋਂ ਬਾਅਦ ਸ਼੍ਰੀਮਤੀ ਰਜ਼ੀਆ ਬੇਗਮ ਦਾ ਵਿਆਹ ਚੌਧਰੀ ਗ਼ੁਲਾਮ ਕਾਦਿਰ ਨਾਲ ਹੋਇਆ ਜਿਹੜੇ ਪਿੰਡ ਫਾਂਬੜਾ, ਤਹਿਸੀਲ ਭੂੰਗਾ, ਰਿਆਸਤ ਕਪੂਰਥਲਾ, ਇੰਡੀਆ ਦੇ ਰਹਿਣ ਵਾਲੇ ਸਨ ਅਤੇ ਜੋ ਪਾਕਿਸਤਾਨ ਆ ਕੇ ਜ਼ਿਲ੍ਹਾ ਲਾਇਲਪੁਰ ਤਹਿਸੀਲ ਸਮੁੰਦਰੀ ਵਿਚ ਆਬਾਦ ਹੋਏ ਅਤੇ 1975 ਈ. ਵਿਚ ਇਸ ਪਿੰਡ ਨੂੰ ਛੱਡ ਕੇ ਲਾਇਲਪੁਰ ਵਿੱਖੇ ਪੱਕੇ ਤੌਰ ਤੇ ਰਿਹਾਇਸ਼ ਕਰ ਲਈ। ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਮੁਹਤਰਮਾ ਰਜ਼ੀਆ ਬੇਗਮ ਦੇ ਪੁੱਤਰਾਂ ਵਿਚੋਂ ਇਕ ਪੁੱਤਰ ਹੈ ਜਦੋਂਕਿ ਮੁਹਤਰਮਾ ਖ਼ਦੀਜਾ ਬੀਬੀ ਦਾ ਦੋਹਤਾ ਅਤੇ ਮੌਲਵੀ ਸਾਹਿਬ (ਰਹਿ.) ਦਾ ਪੜ ਦੋਹਤਾ ਹੈ।

**ਰਚਨਾਵਾਂ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕਲਾਮ ਦਸਵੀਂ ਜਮਾਤ ਤੋਂ ਲੈ ਕੇ ਐਮ.ਏ. ਤੱਕ ਪਾਕਿਸਤਾਨੀ ਸਿਲੇਬਸ ਵਿਚ ਸ਼ਾਮਿਲ ਹੈ ਅਤੇ ਆਪ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾਮ ਉੱਤੇ ਡਾ. ਸਾਦਿਕ ਜੰਜੂਆ ਅਤੇ ਡਾ. ਹਫ਼ੀਜ਼ ਅਹਿਮਦ ਨੇ ਪੀ-ਐਚ.ਡੀ. ਵੀ ਕੀਤੀ ਹੈ। ਆਪ ਜੀ ਦਾ ਜ਼ਿਆਦਾਤਰ ਕਲਾਮ ਪੰਜਾਬੀ ਭਾਸ਼ਾ ਵਿਚ ਹੈ ਪਰ ਆਪ ਨੇ ਕੁਝ

ਮਹੱਤਵਪੂਰਨ ਪੁਸਤਕਾਂ ਉਰਦੂ, ਫ਼ਾਰਸੀ ਤੇ ਅਰਬੀ ਵਿਚ ਵੀ ਲਿਖੀਆਂ ਹਨ।

ਆਪ (ਰਹਿ.) ਦੀਆਂ ਹੁਣ ਤੱਕ ਮੰਜ਼ਰ-ਏ-ਆਮ ਤੇ ਆਉਣ ਵਾਲੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

(1) ਆਪ ਨੇ ਸਭ ਤੋਂ ਪਹਿਲਾ **"ਦਾਸਤਾਨ-ਏ-ਅਮੀਰ ਹਮਜ਼ਾ"** ਦੀ ਪਹਿਲੀ ਜਿਲਦ ਪੰਦਰਾਂ ਸਾਲ ਦੀ ਉਮਰ ਵਿਚ ਤਕਰੀਬਨ ਇੱਕ ਮਹੀਨੇ ਵਿਚ 1281 ਹਿਜਰੀ (1864 ਈ.) ਵਿਚ ਮੁਕੰਮਲ ਕੀਤੀ ਜਦੋਂ ਕਿ ਦੂਜੀ ਤੇ ਤੀਜੀ ਜਿਲਦ ਵੀਰਵਾਰ ਦੇ ਦਿਨ 16 ਮੁਹਰਮ 1286 ਹਿਜਰੀ ਭਾਵ 29 ਅਪ੍ਰੈਲ 1869 ਈ. 8 ਬਿਸਾਖ 1926 ਬਿਕਰਮੀ ਨੂੰ 20 ਸਾਲ ਦੀ ਉਮਰ ਵਿਚ ਮੁਕੰਮਲ ਕੀਤੀਆਂ। ਇਹਨਾਂ ਵਿਚ ਸ਼ਿਅਰਾਂ ਦੀ ਗਿਣਤੀ ਲੱਗਭਗ 20,000 ਹਜ਼ਾਰ ਹੈ।

2) ਦੂਜੀ ਪੁਸਤਕ **"ਰੂਹ-ਉਲ-ਤਰਤੀਲ"** 19 ਸਾਲ ਦੀ ਉਮਰ ਵਿਚ 1285 ਹਿਜਰੀ ਅਨੁਸਾਰ 1868 ਈ. ਨੂੰ ਮੁਕੰਮਲ ਕੀਤੀ ਜਿਸ ਦੇ ਸ਼ਿਅਰਾਂ ਦੀ ਸੰਖਿਆ 256 ਹੈ।

3) ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਤੀਜੀ ਪੁਸਤਕ **"ਅਹਸਨ-ਉਲ-ਕਸਸ"** 24 ਸਾਲ ਦੀ ਉਮਰ ਵਿਚ ਕੇਵਲ ਇਕ ਮਹੀਨੇ ਵਿਚ 1290 ਹਿਜਰੀ ਬਮੁਤਾਬਿਕ 1873 ਈ. ਨੂੰ ਮੁਕੰਮਲ ਕੀਤੀ। ਇਸ ਦੇ ਸ਼ਿਅਰਾਂ ਦੀ ਗਿਣਤੀ 6666 ਹੈ।

4) ਚੌਥੀ ਕਿਤਾਬ **"ਮਸਅਲਾ-ਏ-ਤੌਹੀਦ"** ਹੈ ਜੋ ਕਿ 17 ਜ਼ੀਅਕਦ 1295 ਹਿਜਰੀ ਅਨੁਸਾਰ 1878 ਈ. ਵਿਚ ਆਪ (ਰਹਿ.) ਨੇ 29 ਵਰਿਆਂ ਦੀ ਉਮਰ ਵਿਚ ਲਿਖੀ। ਇਹ ਉਰਦੂ ਨਸਰ (ਵਾਰਤਕ) ਵਿਚ ਹੈ।

5) ਸੀ-ਹਰਫ਼ੀ **"ਹੁਲੀਆ ਸ਼ਰੀਫ਼ ਹਜ਼ੂਰ ਸੱਲੱਲਾਹੁ ਅਲੈਹਿ ਵ-ਸੱਲਮ** 27 ਰਬੀਅ-ਉਲ-ਅਵੱਲ 1297 ਹਿਜਰੀ ਅਨੁਸਾਰ 9 ਮਾਰਚ 1880 ਈ. 28 ਫੱਗਣ 1936 ਬਿਕਰਮੀ ਦਿਨ ਮੰਗਲਵਾਰ, ਅਸਰ ਵੇਲੇ, ਮੀਰਾਂ ਜਾਨੀ ਮੋਚੀ ਦੀ ਫ਼ਰਮਾਇਸ਼ ਤੇ ਲਿਖੀ। ਉਸ ਸਮੇਂ ਆਪ ਦੀ ਉਮਰ 31 ਵਰਿਆਂ ਦੀ ਸੀ।

6) **"ਚਿੱਠੀਆਂ"** ਮੌਲਵੀ ਸਾਹਿਬ (ਰਹਿ.) ਨੇ ਸੱਯਦ ਰੌਸ਼ਨ ਅਲੀ, ਹੀਰੇ ਸ਼ਾਹ, ਅਤੇ ਸਾਹਿਬਜ਼ਾਦਾ ਗ਼ੁਲਾਮ ਯਾਸੀਨ ਨੂੰ ਕਾਵਿਕ ਚਿੱਠੀਆਂ ਲਿਖੀਆਂ। ਜਿਹੜੀ ਚਿੱਠੀ ਆਪ ਨੇ ਆਪਣੇ ਲਾਡਲੇ ਸ਼ਾਗਿਰਦ ਸੱਯਦ ਰੌਸ਼ਨ ਅਲੀ ਨੂੰ ਲਿਖੀ ਹੈ ਉਸ ਵਿਚ ਮੌਲਵੀ ਸਾਹਿਬ ਖ਼ੁਦ ਆਖਦੇ ਹਨ ਕਿ ਇਹ ਚਿੱਠੀ ਮਿਤੀ 8 ਮੁਹੱਰਮ 1300 ਹਿਜਰੀ ਅਨੁਸਾਰ 10 ਨਵੰਬਰ 1882, 26 ਕਾਤਕ 1939 ਬਿਕਰਮੀ, ਸੋਮਵਾਰ ਦੇ ਦਿਨ, ਦੁਪਿਹਰ ਵੇਲੇ ਜਾਨੀ ਮੋਚੀ ਦੀ ਦੁਕਾਨ ਵਿਚ ਬੈਠ ਕੇ ਲਿਖੀ ਤੇ ਉਸ ਵਕਤ ਅੱਖ ਵਿਚ ਦਰਦ ਹੋ ਰਿਹਾ ਸੀ। ਉਸ ਸਮੇਂ ਆਪ ਦੀ ਉਮਰ 33 ਸਾਲ ਦੀ ਸੀ।

7) **"ਸੀ-ਹਰਫ਼ੀ ਸੱਸੀ ਪੁਨੂੰ"** ਇਹ ਸੀ-ਹਰਫ਼ੀ ਆਪ (ਰਹਿ.) ਦੀ ਸ਼ਾਇਰੀ ਦੀ ਖ਼ੂਬਸੂਰਤ ਉਦਾਹਰਣ ਹੈ।

8) **"ਸੀ-ਹਰਫ਼ੀ ਚੋਪਟਨਾਮਾ"** ਇਹ ਸੀ-ਹਰਫ਼ੀ ਵੀ ਆਪ ਦੀ ਸ਼ਾਇਰੀ ਦੀ ਬੇਹਤਰੀਨ ਮਿਸਾਲ ਹੈ।

9) **"ਪੰਧਨਾਮਾ"** ਇਹ ਕਾਵਿ ਰੂਪ ਵਿਚ ਹੈ ਅਤੇ ਇਕ ਇਸਤਰੀ ਦੇ ਰਸਤਾ ਪੁੱਛਣ ਤੇ ਲਿਖ ਗਈ।

10) ਮੌਲਵੀ ਸਾਹਿਬ ਦੀ ਦਸਵੀਂ ਤੇ ਅੰਤਿਮ ਰਚਨਾ ਜੋ ਹੁਣ ਤੱਕ ਸਾਹਮਣੇ ਆਈ ਹੈ ਉਹ **"ਮਆਰਿਬ-ਉਲ-ਖ਼ਾਸ਼ਿਈਨ"** ਹੈ ਜੋ ਕਿ ਉਰਦੂ ਨਸਰ ਵਿਚ ਆਪ ਜੀ ਦੀ ਦੂਜੀ ਰਚਨਾ ਹੈ। **"ਮਆਰਿਬ-ਉਲ-ਖ਼ਾਸ਼ਿਈਨ"** ਆਪ ਨੇ 1305 ਹਿਜਰੀ ਅਨੁਸਾਰ 1888 ਈ. ਨੂੰ 39 ਸਾਲਾਂ ਦੀ ਉਮਰ ਵਿਚ ਲਿਖੀ। ਇਸ ਤੋਂ ਇਲਾਵਾ ਆਪ ਦੀਆਂ ਕਿਤਾਬਾਂ **"ਕਿੱਸਾ ਰੂਪਨ"** ਤੇ **"ਗੁੱਜਰਨਾਮਾ"** ਵੀ ਹਨ ਪਰ ਪੂਰੀ ਘੋਖ ਪੜਤਾਲ ਕਰਨ ਦੇ ਬਾਵਜੂਦ ਉਪਲਭਧ ਨਹੀਂ ਹੋ ਸਕੀਆਂ।

**ਵਫ਼ਾਤ (ਅਕਾਲ ਚਲਾਣਾ):** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 7 ਸ਼ਾਅਬਾਨ 1309 ਹਿਜਰੀ, ਅਨੁਸਾਰ 7 ਮਾਰਚ 1892, ਮੁਤਾਬਿਕ 24 ਫੱਗਣ, ਦਿਨ ਸੋਮਵਾਰ ਨੂੰ ਕੇਵਲ 43 ਸਾਲ ਦੀ ਉਮਰ ਵਿਚ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਗਏ। ਆਪ ਨੂੰ ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਕਬਰਿਸਤਾਨ ਵਿਚ ਦਫ਼ਨ ਕੀਤਾ ਗਿਆ। ਮੌਲਵੀ ਸਾਹਿਬ (ਰਹਿ.) ਸਿਰਫ਼ ਤਿੰਨ ਦਿਨ ਬੀਮਾਰ ਰਹੇ ਤੇ ਖ਼ੁਦ ਹੀ ਆਪਣੇ ਦੋਸਤਾਂ ਮਿੱਤਰਾਂ ਨੂੰ ਦੱਸ ਦਿੱਤਾ ਸੀ ਕਿ ਮੇਰੇ ਜਾਣ ਦਾ ਸਮਾਂ ਆ ਗਿਆ ਹੈ, ਜਿਸ ਨੇ ਵੀ ਮੈਨੂੰ ਮਿਲਣਾ ਹੈ ਮਿਲ ਲਵੇ। ਤਿੰਨ ਦਿਨਾਂ ਬਾਅਦ ਚਾਸ਼ਤ (ਦਿਨ ਚੜ੍ਹੇ ਪੜ੍ਹੀ ਜਾਣ ਵਾਲੀ ਨਮਾਜ਼) ਦੇ ਸਮੇਂ ਇੰਤਕਾਲ ਹੋਇਆ। ਆਪ ਜੀ ਦੇ ਜਨਾਜ਼ੇ ਦੀ ਨਮਾਜ਼ ਆਪ ਦੇ ਇੱਕ ਮਿੱਤਰ ਮੌਲਵੀ ਅਬਦੁੱਲਾ ਸਾਹਿਬ ਤਲਵੰਡੀ ਵਾਲਿਆਂ ਨੇ ਕਰਵਾਈ। ਉਨ੍ਹਾਂ ਨਾਲ ਮੌਲਵੀ ਸਾਹਿਬ (ਰਹਿ.) ਦਾ ਵਾਅਦਾ ਸੀ ਕਿ ਪਿੱਛੇ ਰਹਿਣ ਵਾਲਾ ਅੱਗੇ ਜਾਣ ਵਾਲੇ ਦੀ ਨਮਾਜ਼-ਏ-ਜਨਾਜ਼ਾ ਪੜ੍ਹਾਵੇਗਾ। ਜਦੋਂ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹੋਰਾਂ ਦੀ ਵਫ਼ਾਤ ਹੋਈ ਤਾਂ ਉਸ ਸਮੇਂ ਮੌਲਵੀ ਅਬਦੁੱਲਾ ਸਾਹਿਬ ਆਲਮਪੁਰ ਤੋਂ ਕੁਝ ਮੀਲ ਦੇ ਫ਼ਾਸਲੇ 'ਤੇ ਸਥਿਤ ਪਿੰਡ ਪੰਡੋਰੀ ਵਿਖੇ ਗਏ ਹੋਏ ਸਨ ਜਿੱਥੇ ਮੌਲਵੀ ਅਬਦੁੱਲਾ ਸਾਹਿਬ ਨੂੰ ਕਰਾਮਾਤੀ ਤੌਰ ਤੇ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹੋਰਾਂ ਦੇ ਇੰਤਕਾਲ ਦਾ ਗਿਆਨ ਹੋਇਆ ਅਤੇ ਉਹ ਕਈ ਮੀਲ ਦਾ ਪੈਦਲ ਸਫ਼ਰ ਕਰਕੇ ਆਲਮਪੁਰ ਪਹੁੰਚੇ। ਜਦੋਂ ਗ਼ੁਸਲ ਕਰਵਾਉਣ ਲੱਗੇ ਤਾਂ ਮਰਹੂਮ ਥੋੜੇ ਜਿਹੇ ਇਸ਼ਾਰੇ ਤੋਂ ਹੀ ਪਾਸਾ ਪਲਟ ਜਾਂਦੇ ਸਨ। ਜਦੋਂ ਕਬਰ ਦੇ ਨੇੜੇ ਪਹੁੰਚੇ ਤਾਂ ਮੌਲਵੀ ਅਬਦੁੱਲਾ ਸਾਹਿਬ ਨੇ ਕਿਹਾ ਕਿ "ਤੁਸੀਂ ਸਾਡੀ ਉਡੀਕ ਵੀ ਨਾ ਕੀਤੀ" ਤਾਂ ਉਸ ਸਮੇਂ ਮਰਹੂਮ ਦੀਆਂ ਅੱਖਾਂ ਵਿਚੋਂ ਅੱਥਰੂ ਬਹਿ ਨਿਕਲੇ, ਮੌਲਵੀ ਅਬਦੁੱਲਾ ਸਾਹਿਬ ਨੇ ਆਪਣੇ ਰੁਮਾਲ ਨਾਲ ਉਨ੍ਹਾਂ ਦੇ ਹੰਝੂ ਪੂੰਝ ਕੇ ਆਪਣੇ ਚਿਹਰੇ ਤੇ ਮਲ ਲਏ। ਜਦੋਂ ਗ਼ੁਸਲ ਤੇ ਕਫ਼ਨ ਤੋਂ ਬਾਅਦ ਆਪ ਨੂੰ ਲਹਿਦ ਵਿਚ ਉਤਾਰਿਆ ਗਿਆ ਤਾਂ ਮੌਲਵੀ ਅਬਦੁੱਲਾ ਸਾਹਿਬ ਕਹਿਣ ਲੱਗੇ ਅੱਜ ਮੈਂ ਤੁਹਾਨੂੰ ਸਾਰਿਆਂ ਨੂੰ ਇਕ ਰਾਜ਼ ਦੀ ਗੱਲ ਦੱਸਦਾ ਹਾਂ ਕਿ ਮੌਲਵੀ ਸਾਹਿਬ (ਰਹਿ.) ਮੇਰੇ ਨਿੱਘੇ ਮਿੱਤਰ ਸਨ, ਮੈਂ ਜਾਣਦਾ ਸੀ ਕਿ ਉਹ ਕਾਮਿਲ ਵਲੀ ਅਲੱਾਹ ਹਨ ਪਰ

ਮੈਨੂੰ ਅੰਦਾਜ਼ਾ ਨਹੀਂ ਸੀ ਕਿ ਉਹ ਵਿਲਾਇਤ (ਸੂਫ਼ੀਵਾਦ ਦਾ ਦਰਜਾ) ਦੇ ਇੰਨੇ ਉੱਚੇ ਦਰਜੇ 'ਤੇ ਬਰਾਜਮਾਨ ਸਨ।

ਮੈਂ ਇੱਥੇ ਕੁੱਝ ਗੱਲਾਂ ਦੀ ਵਿਆਖਿਆ ਕਰ ਦੇਣੀ ਵੀ ਜ਼ਰੂਰੀ ਸਮਝਦਾ ਹਾਂ ਤਾਂ ਜੋ ਆਉਣ ਵਾਲੀਆਂ ਨਸਲਾਂ ਤੱਕ ਸਹੀ ਜਾਣਕਾਰੀ ਪਹੁੰਚ ਸਕੇ ਅਤੇ ਖੋਜਾਰਥੀਆਂ ਲਈ ਅਸਾਨੀ ਹੋ ਸਕੇ।

ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਦੇ ਪਿਤਾ ਮੁਹਤਰਮ ਚੌਧਰੀ ਗ਼ੁਲਾਮ ਕਾਦਿਰ ਮਰਹੂਮ ਨੂੰ ਵੀ ਮੌਲਵੀ ਸਾਹਿਬ (ਰਹਿ.) ਨਾਲ ਡੂੰਘੀ ਅਕੀਦਤ ਸੀ। ਇਸ ਲਈ ਉਨ੍ਹਾਂ ਨੇ ਮੌਲਵੀ ਸਾਹਿਬ (ਰਹਿ.) ਦੇ ਮਜ਼ਾਰ-ਏ-ਅਕਦਸ ਦੀ ਤਾਮੀਰ ਲਈ 1990 ਈਸਵੀ ਵਿਚ ਭਾਰਤ ਦੇ ਸਰਦਾਰ ਨਿਰਮਲ ਸਿੰਘ ਹੋਰਾਂ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਆਪਣੇ ਦੋਸਤਾਂ ਮਿੱਤਰਾਂ ਦੀ ਸਹਾਇਤਾ ਨਾਲ 1991 ਵਿੱਚ ਮੌਲਵੀ ਸਾਹਿਬ (ਰਹਿ.) ਦੇ ਮਜ਼ਾਰ ਨੂੰ ਨਵੇਂ ਸਿਰੇ ਤੋਂ ਤਾਮੀਰ ਕਰਵਾਇਆ।

20 ਅਪ੍ਰੈਲ 2007 ਈ. ਨੂੰ 1947 ਈ. ਤੋਂ ਬਾਅਦ ਇਹਨਾਂ ਸਤਰਾਂ ਦੇ ਲੇਖਕ ਨੂੰ ਪਹਿਲੀ ਵਾਰ ਆਲਮਪੁਰ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਇੰਡੀਆ ਵਿਚ ਮੌਲਵੀ ਸਾਹਿਬ ਦੇ ਮਜ਼ਾਰ 'ਤੇ ਹਾਜ਼ਰੀ ਦੇਣ ਦਾ ਮੌਕਾ ਮਿਲਿਆ। ਉਨ੍ਹਾਂ ਦੀ ਕਬਰ ਦੇ ਸਰਹਾਣੇ ਜੋ ਪੱਥਰ ਦਾ ਕਤਬਾ ਲੱਗਿਆ ਸੀ ਉਸ ਉੱਤੇ ਉਨ੍ਹਾਂ ਦੀ ਜਨਮ ਮਿਤੀ 29 ਜਨਵਰੀ 1849 ਈ. ਅਤੇ ਵਫ਼ਾਤ ਦੀ ਤਾਰੀਖ਼ 7 ਮਾਰਚ 1892 ਈ. ਹੀ ਦਰਜ ਹੈ।

ਮੌਲਵੀ ਸਾਹਿਬ (ਰਹਿ.) ਉੱਚ ਕੋਟੀ ਦੇ ਹਕੀਮ ਵੀ ਸਨ। ਆਪ ਨੇ ਆਪਣੇ ਘਰ ਦੇ ਨੇੜੇ ਇਕ ਮਸਜਿਦ ਬਣਵਾਈ ਜਿੱਥੇ ਆਪ ਦੀ ਨਿਗਰਾਨੀ ਵਿਚ ਲਗਭੱਗ 40 ਸ਼ਾਗਿਰਦ ਦੂਰ ਦਰਾਡੇ ਤੋਂ ਆ ਕੇ ਗਿਆਨ ਪ੍ਰਾਪਤ ਕਰਦੇ ਸਨ। ਮੌਲਵੀ ਸਾਹਿਬ (ਰਹਿ.) ਇਹਨਾਂ ਨੂੰ ਧਾਰਮਿਕ ਗਿਆਨ ਦੇ ਨਾਲ ਨਾਲ ਹਿਕਮਤ, ਉਰਦੂ ਅਤੇ ਫ਼ਾਰਸੀ ਦੀ ਮੁਫ਼ਤ ਤਾਲੀਮ ਵੀ ਦਿੰਦੇ ਸਨ। ਆਪ ਦਾ ਖ਼ਾਨਦਾਨੀ ਪੇਸ਼ਾ ਜ਼ਿਮੀਂਦਾਰੀ ਸੀ। ਇਕ ਵਾਰ ਮੌਲਵੀਂ ਸਾਹਿਬ (ਰਹਿ.) ਦਾ ਇਕ ਨੌਕਰ ਅਲੀ ਬਖ਼ਸ਼ ਪਸ਼ੂਆਂ ਲਈ ਚਾਰਾ ਲੈਣ ਗਿਆ ਤਾਂ ਬੜੀ ਦੇਰ ਬਾਅਦ ਵਾਪਸ ਪਰਤਿਆ ਤਾਂ ਮੌਲਵੀ ਸਾਹਿਬ (ਰਹਿ.) ਨੇ ਉਸ ਨੂੰ ਸੰਬੋਧਨ ਕਰਦੇ ਹੋਏ ਕਿਹਾ:

ਸਾਰਾ ਦਿਨ ਉਡੀਕਿਆ, ਗਿਆ ਕਵੇਲਾ ਹੋ
ਡੇੜ੍ਹ ਕਮਾਈ ਤੁਧ ਦੀ ਭਰੀਆਂ ਪੌਣੇ ਦੋ.

ਇਹਨਾਂ ਸਤਰਾਂ ਦੇ ਲੇਖਕ ਨੂੰ ਖ਼ਾਨਦਾਨੀ ਤੌਰ ਤੇ ਇਸ ਗੱਲ ਦਾ ਗਿਆਨ ਹੈ ਕਿ ਹਜ਼ਰਤ ਮੌਲਵੀ (ਰਹਿ.) ਦੇ ਪਿਤਾ ਸ਼੍ਰੀ ਕਿਸੇ ਮਸੀਤ ਦੇ ਇਮਾਮ ਨਹੀਂ ਸਨ। ਕੁਝ ਲੇਖਕ ਦੋਸਤਾਂ ਨੇ ਬਿਨਾਂ ਕਿਸੇ ਪ੍ਰਪੱਕ ਖੋਜ ਤੋਂ ਉਹਨਾਂ ਨੂੰ ਮਸਜਿਦ ਦਾ ਇਮਾਮ ਲਿਖਿਆ ਹੈ ਜੋ ਕਿ ਠੀਕ ਨਹੀਂ ਹੈ। ਉਹ ਇਕ ਨੇਕ ਦਿਲ ਵਿਅਕਤੀ ਸਨ ਤੇ ਉਨ੍ਹਾਂ ਦਾ ਖ਼ਾਨਦਾਨੀ ਕਿੱਤਾ ਜ਼ਿਮੀਂਦਾਰੀ ਸੀ। ਮੈਂ ਇੱਥੇ ਇਸ ਗੱਲ ਦੀ ਵਿਆਖਿਆ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ ਸੱਯਦ ਰੌਸ਼ਨ ਅਲੀ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਸਾਹਿਬ (ਰਹਿ.) ਦੇ ਖ਼ਾਸ ਸ਼ਾਗਿਰਦ ਸਨ।

ਪਾਠਕ੍ਰਮ ਤੇ ਖੋਜਾਤਮਕ ਪੁਸਤਕਾਂ ਵਿਚ ਕੁੱਝ ਲਿਖਾਰੀਆਂ ਨੇ ਬਿਨਾਂ ਕਿਸੇ ਪਰਪੱਕ ਖੋਜ ਤੋਂ ਮੌਲਵੀ ਸਾਹਿਬ (ਰਹਿ.) ਦੇ ਸਿਲਸਲਾ-ਏ-ਤਰੀਕਤ ਸਬੰਧੀ

ਵੱਖਰੀਆਂ-ਵੱਖਰੀਆਂ ਰਾਵਾਂ ਅਤੇ ਆਪਣੇ ਆਪਣੇ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ ਪਰ ਉਹਨਾਂ ਕੋਲ ਕੋਈ ਸਪੱਸ਼ਟ ਦਲੀਲ ਤੇ ਤੱਥ ਅਧਾਰਿਤ ਨਜ਼ਰੀਆ ਨਹੀਂ ਹੈ। ਇਹ ਗੱਲ ਆਪ ਦੇ ਇੰਤਕਾਲ ਤੋਂ ਲੈ ਕੇ ਅੱਜ ਤੱਕ ਭਾਵ 117 ਸਾਲਾਂ ਤੱਕ ਰਹੱਸ ਬਣੀ ਰਹੀ ਪਰ ਮਾਰਚ 2009 ਵਿਚ ਮੌਲਵੀ ਸਾਹਿਬ (ਰਹਿ.) ਦਾ ਹੱਥ ਲਿਖਤ ਕਾਵਿਕ ਸਜਰਾ-ਏ-ਤਰੀਕਤ ਮੈਨੂੰ ਮਿਲਿਆ। ਇਹ ਸ਼ਜਰਾ-ਏ-ਤਰੀਕਤ ਤਿੰਨ ਭਾਸ਼ਾਵਾਂ ਉਰਦੂ, ਫ਼ਾਰਸੀ ਤੇ ਪੰਜਾਬੀ ਵਿਚ ਲਿਖਿਆ ਹੋਇਆ ਹੈ ਅਤੇ ਇਹ ਸ਼ਜਰਾ (ਬੰਸਾਵਲੀ) ਮੌਲਵੀ ਸਾਹਿਬ (ਰਹਿ.) ਨੇ ਬਾਰਾਂ ਸਾਲਾਂ ਦੀ ਉਮਰ ਵਿਚ ਕਿਸੇ ਮਿੱਤਰ ਦੇ ਕਹਿਣ ਤੇ ਲਿਖਿਆ ਸੀ। ਜਿਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਆਪ ਪਰਤੱਖ ਰੂਪ ਵਿਚ ਕਿਸੇ ਕੋਲ ਬੈਅਤ ਨਹੀਂ ਸਨ ਭਾਵ ਸਿੱਧੇ ਤੌਰ ਤੇ ਕਿਸੇ ਦੇ ਮੁਰੀਦ ਨਹੀਂ ਸਨ। ਹੁਣ ਕਿਉਂਕਿ ਮੇਰੇ ਕੋਲ ਤਰੀਕਤ ਦੀ ਬੰਸਾਵਲੀ ਦੀ ਸੂਰਤ ਵਿਚ ਪ੍ਰਮਾਣ ਉਪਲਬਧ ਹੈ, ਇਸ ਲਈ ਮੈਂ ਇਸ ਸ਼ਜਰਾ-ਏ-ਤਰੀਕਤ ਨੂੰ ਪ੍ਰਕਾਸ਼ਿਤ ਕਰਕੇ ਜਨ ਸਧਾਰਨ ਤੱਕ ਪਹੁੰਚਾ ਦਿਆਂਗਾ। ਮੌਲਵੀ ਸਾਹਿਬ (ਰਹਿ.) ਦੇ ਅਨੁਸਾਰ:

ਇਸ਼ਕ ਕਰਮ ਦਾ ਕਤਰਾ ਅਜ਼ਲੀ ਤੈਂ ਮੈਂ ਦੇ ਵੱਸ ਨਾਹੀਂ
ਇਕਨਾਂ ਲੱਭਦਿਆਂ ਹੱਥ ਨਾ ਆਵੇ ਇਕਨਾਂ ਦੇ ਵਿਚ ਰਾਹੀਂ।

ਮੈਂ ਹਮੇਸ਼ਾ ਈਮਾਨਦਾਰੀ ਨਾਲ ਸੱਚੀ ਗੱਲ ਕੀਤੀ ਹੈ ਅਤੇ ਸੱਚੀ ਗੱਲ ਨੂੰ ਸੱਚੇ ਦਿਲ ਨਾਲ ਕਬੂਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਸਬੰਧੀ ਕਲਮ ਚੁੱਕਣ ਤੋਂ ਪਹਿਲਾਂ ਪੂਰੀ ਜ਼ਿੰਮੇਦਾਰੀ ਤੇ ਡੂੰਘੀ ਖੋਜ ਨਾਲ ਤੱਥ ਅਧਾਰਿਤ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ। ਇਸ ਵਿਚ ਨਿੱਜੀ ਇੱਛਾਵਾਂ ਦਾ ਅਮਲ-ਦਖ਼ਲ ਨਹੀਂ ਹੋਣਾ ਚਾਹੀਦਾ ਤਾਂਕਿ ਆਉਣ ਵਾਲੀਆਂ ਨਸਲਾਂ ਤੱਕ ਤੱਥ ਅਧਾਰਿਤ ਤੇ ਲਾਭਦਾਇਕ ਜਾਣਕਾਰੀ ਪਹੁੰਚ ਸਕੇ। ਇਤਿਹਾਸ ਲਿਖਣ ਲਈ ਆਲਾ ਦਿਮਾਗ਼ ਤੇ ਸਿਆਣਪਤਾ ਦੀ ਲੋੜ ਹੁੰਦੀ ਹੈ। ਇਸ ਲਈ ਇਸ ਕੰਮ ਨੂੰ ਸੰਪੂਰਨ ਜ਼ਿੰਮੇਦਾਰੀ, ਖ਼ਲੂਸ ਅਤੇ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

ਮੈਂ ਆਪਣੇ ਮਿੱਤਰ ਸਰਦਾਰ ਚੇਤਨ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ (ਰੀਟਾਇਰਡ) ਦਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਮੌਲਵੀ ਸਾਹਿਬ ਦੀਆਂ ਸੂਫ਼ੀ ਰੰਗ ਵਾਲੀਆਂ ਮਹਾਨ ਸਾਹਿਤਕ ਰਚਨਾਵਾਂ ਦੇ ਪੁਨਰ-ਪ੍ਰਕਾਸ਼ਨ ਸਬੰਧੀ ਯੋਗ ਸਲਾਹ-ਮਸ਼ਵਰਾ ਅਤੇ ਸਹਿਯੋਗ ਦਿੱਤਾ।

**ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ**

ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ

ਰਿਸਰਚ ਆਰਗੇਨਾਈਜ਼ੇਸ਼ਨ ਫ਼ੈਸਲਾਬਾਦ

0092-300-4473366, 0092-313-8666611

Email: president_alampuri@yahoo.com
president_org@hotmail.com

Website: www.alampuri-research.org

# ਸ਼ਜਰਾ-ਏ-ਨਸਬ (ਬੰਸਾਵਲੀ)

ਇਹਨਾਂ ਸਤਰਾਂ ਦੇ ਲੇਖਕ ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ ਨੇ ਦੱਖਣੀ ਏਸ਼ੀਆ ਦੇ ਮਹਾਨ ਸੂਫ਼ੀ ਕਵੀ ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਜਰਾ-ਏ-ਨਸਬ ਭਾਵ ਬੰਸਾਵਲੀ ਦਾ ਸੰਪਾਦਨ ਕਰ ਦਿੱਤਾ ਹੈ ਤਾਂ ਜੋ ਖੋਜਕਾਰਾਂ, ਗਿਆਨੀਆਂ ਤੇ ਸਾਹਿਤ ਪ੍ਰੇਮੀਆਂ ਲਈ ਸਹੂਲਤ ਹੋ ਸਕੇ। ਬੰਸਾਵਲੀ ਨਿਮਨ ਲਿਖਤ ਅਨੁਸਾਰ ਹੈ।

ਚੌਧਰੀ ਸੁਲਤਾਨ ਅਲੀ

↓

ਚੌਧਰੀ ਮੁਰਾਦ ਬਖ਼ਸ਼

↓

**ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)**

↓

ਆਇਸ਼ਾ ਬੀਬੀ
ਪਤਨੀ/ਸੁਲਤਾਨ ਅਲੀ

↓

ਫ਼ਜ਼ਲ ਅਹਿਮਦ, ਗ਼ੁਲਾਮ ਫ਼ਾਤਿਮਾ

↓

ਖ਼ਦੀਜਾ ਬੀਬੀ
ਪਤਨੀ/ਅਬਦੁਲ ਅਜ਼ੀਜ਼

↓

ਅਬਦੁਲ ਲਤੀਫ਼, ਸਈਦਾ
ਬੇਗਮ, ਮਸਊਦਾ ਬੇਗਮ,
ਅ਼ਬੱਦੁਰ ਰਸ਼ੀਦ, ਰਜ਼ੀਆ
ਬੇਗਮ ਪਤਨੀ/ਗ਼ੁਲਾਮ ਕਾਦਿਰ

↓

ਸਾਹਿਬਜ਼ਾਦਾ ਮਸਊਦ ਅਹਿਮਦ
ਸੱਜਾਦਾ ਨਸ਼ੀਨ, ਬਾਨੀ ਅਤੇ ਪ੍ਰਧਾਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਰਿਸਰਚ
ਆਰਗੇਨਾਈਜ਼ੇਸ਼ਨ (ਰਜਿ.)
ਫ਼ੈਸਲਾਬਾਦ, ਪਾਕਿਸਤਾਨ

*****

# ਤਹਦੀਸ-ਏ-ਨਿਆਮਤ

ਅਲਹਮਦੁ-**ਲਿੱਲਾਹਿ ਵੱਸਲਾਤਿ ਵੱਸਲਾਮ ਅਲਾ** ਰਸੂਲਹਿਲ-**ਕਰੀਮ** ਵਆਲਹਿ-**ਵ-ਅਸਹਾਬਹਿ ਅਜਮਾਅਈਨ ਅੱਮਾ ਬਾਅਦ** ਫ਼ਾਊਜ਼ੁਬਿੱਲਹ ਹਿਮਿਨਸ਼ **ਸ਼ੈਤਾ** ਨਿੱਰਾਜੀਮ।

ਚੰਗੀ ਤਰ੍ਹਾਂ ਸਮਝ ਲਓ ਕਿ ਦੀਨ ਦੇ ਗੂੜ੍ਹੇ ਭੇਦਾਂ ਦਾ ਗਿਆਨ ਹੋਣਾ ਅੱਲਾਹ ਦੀ ਵਿਸ਼ੇਸ਼ ਨਿਆਮਤ ਤੇ ਬਖ਼ਸ਼ਿਸ਼ ਹੈ ਅਤੇ ਇਹ ਭੇਦ ਉਹਨਾਂ ਅਹਿਲਕਾਰਾਂ 'ਤੇ ਹੀ ਖੁੱਲਦਾ ਹੈ ਜਿਹੜੇ ਆਪਣੇ ਆਪ ਨੂੰ ਰੱਬ ਦੇ ਹੁਕਮਾਂ ਅੱਗੇ ਖ਼ੁਸ਼ੀ ਤੇ ਮੁਹੱਬਤ ਨਾਲ ਝੁਕਾ ਲੈਂਦੇ ਹਨ ਅਤੇ ਆਪਣੇ ਆਪ ਨੂੰ ਆਪਣੇ ਮਾਲਿਕ ਦੀ ਮਰਜ਼ੀ ਅਨੁਸਾਰ ਹੀ ਢਾਲ ਲੈਂਦੇ ਹਨ। ਬਿਨਾਂ ਚੂੰ-ਚਰਾਂ ਕੀਤੇ ਸਾਲਿਕ ਬਣ ਕੇ ਚੱਲਦੇ ਹਨ ਤੇ ਫਿਰ ਇਕ ਸਮਾਂ ਅਜਿਹਾ ਆਉਂਦਾ ਹੈ ਕਿ ਉਨ੍ਹਾਂ 'ਤੇ ਰੱਬ ਦੇ ਹੁਕਮਾਂ ਦੀ ਹਿਕਮਤ ਜ਼ਾਹਿਰ ਹੋਣ ਲਗਦੀ ਹੈ ਅਤੇ ਇਸ ਬ੍ਰਹਿਮੰਡ ਦੇ ਢਾਂਚੇ ਦੀ ਸਮਝ ਆਉਣ ਲਗਦੀ ਹੈ। ਇਸ ਨੂੰ ਦੂਰ ਦ੍ਰਿਸ਼ਟੀ ਦਾ ਨੂਰ ਕਿਹਾ ਜਾਂਦਾ ਹੈ ਅਤੇ ਇਹ ਦੂਰ ਅੰਦੇਸ਼ ਰੱਬ ਦੇ ਭੇਦ ਪਾਉਣ ਵਾਲੇ ਖ਼ਾਸ ਪਿਆਰੇ ਬੰਦੇ ਹੁੰਦੇ ਹਨ ਜਿੰਨ੍ਹਾਂ ਨੂੰ ਪੂਰੀ ਕਾਇਨਾਤ ਦਾ ਮਾਲਿਕ ਆਪਣੇ ਖ਼ਜ਼ਾਨਿਆਂ ਦੇ ਰਾਜ਼ ਦੱਸਦਾ ਹੈ ਅਜਿਹੇ ਹੀ ਖ਼ੁਸ਼ ਨਸੀਬ ਲੋਕਾਂ ਵਿਚੋਂ ਇਕ ਵਿਸ਼ੇਸ਼ ਨਾਂ ਹਜ਼ਰਤ ਮੌਲਾਨਾ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਹੈ।

ਆਪ ਪੰਜਾਬੀ ਭਾਸ਼ਾ ਦੇ ਮਹਾਨ ਕਵੀ ਅਤੇ ਪ੍ਰਸਿੱਧ ਕਿੱਸਾ ਕਾਵਿ ਅਹਸਨ-ਉਲ-ਕਸਸ (ਕਿੱਸਾ ਯੂਸੁਫ਼ ਜ਼ੁਲੈਖ਼ਾ) ਦੇ ਰਚਨਾਕਾਰ ਵੀ ਹਨ। ਮੌਲਵੀ ਸਾਹਿਬ ਦੀ ਸ਼ਖ਼ਸੀਅਤ ਕਿਸੇ ਤਰ੍ਹਾਂ ਦੀ ਜਾਣ-ਪਹਿਚਾਣ ਦੀ ਮੁਹਤਾਜ ਨਹੀਂ ਸਗੋਂ ਉਹ ਤਾਂ ਚੌਧਵੀਂ ਦੇ ਚੰਦ ਵਾਂਗ ਇਲਮੀ ਦੁਨੀਆ ਦੇ ਅਸਮਾਨ ਤੇ ਚਮਕ ਰਹੇ ਹਨ। ਆਪ ਦੀ ਇਕ ਲਾ-ਜਵਾਬ ਕਿਤਾਬ **ਮਆਰਿਬ-ਉਲ-ਖ਼ਾਸ਼ਿਈਨ** ਨਮਾਜ਼ ਦੇ ਵਿਸ਼ੇ ਤੇ ਲਿਖੀ ਜਾਣ ਵਾਲੀ ਅਦਭੁਤ ਤੇ ਬੇ-ਮਿਸਾਲ ਪੁਸਤਕ ਹੈ। ਇਸ ਦੀ ਪਦਵੀ ਤੇ ਮਰਤਬਾ ਬਹੁਤ ਉੱਚਾ ਹੈ, ਜਿਹੜੀ ਨਮਾਜ਼ ਦੇ ਭੇਦਾਂ ਤੇ ਰਮਜ਼ਾਂ ਸਬੰਧੀ ਆਪ ਦੀ ਕਲਮ-ਏ-ਹਕੀਕਤ ਤੋਂ ਜ਼ਾਹਿਰ ਹੋਈ ਹੈ ਅਤੇ ਜਿਸ ਵਿੱਚ ਨਮਾਜ਼ ਅਤੇ ਇਸ ਸੰਬਧੀ ਨੁਕਤਿਆਂ 'ਤੇ ਚਰਚਾ ਕੀਤੀ ਗਈ ਹੈ। ਇਸ ਪੁਸਤਕ ਨੂੰ ਅਰਬੀ ਦੀਆਂ ਬੇ-ਨਜ਼ੀਰ ਲਿਖਤਾਂ ਫ਼ਤੁਹਾਤ-ਏ-ਮਕੀਹ, ਇਹਯਾ-ਏ-ਉਲੂਮ-ਉਦੀਨ ਅਤੇ ਹੁੱਜਤ-ਉੱਲਾਹ-ਉਲ-ਬਲਾਗ਼ਾ ਦੀ ਹਮ-ਪੱਲਾ ਕਿਹਾ ਜਾ ਸਕਦਾ ਹੈ।

ਇਸ ਪੁਸਤਕ ਦੇ ਇੱਕ-ਇੱਕ ਸ਼ਬਦ ਵਿਚ ਗਿਆਨ ਦੇ ਗੁੱਝੇ ਨੁਕਤੇ ਪੋਸ਼ੀਦਾ ਹਨ ਤੇ ਇੱਕ ਇੱਕ ਵਾਕ ਗਿਆਨ ਦਾ ਇਕ ਦਰਿਆ ਹੈ। ਇਹਸਾਨ

(ਤਸਵੁੱਫ਼) ਦੀਆਂ ਮੰਜ਼ਿਲਾਂ ਕਿਵੇਂ ਤੈਅ ਹੁੰਦੀਆਂ ਹਨ? ਇਹ ਇਸ ਪੁਸਤਕ ਦਾ ਪਾਠਕ ਅਧਿਐਨ ਤੋਂ ਬਾਅਦ ਹੀ ਮਹਿਸੂਸ ਕਰ ਸਕਦਾ ਹੈ ਪਰ ਇਸ ਲਈ ਪਾਠਕ ਦੀ ਸਮਝ, ਗਿਆਨ, ਖ਼ਾਲਿਸ ਸੋਚ, ਪਹੁੰਚ ਰੱਖਣ ਵਾਲਾ ਜ਼ਿਹਨ, ਸੂਝ-ਬੂਝ ਰੱਖਣ ਵਾਲਾ ਦਿਮਾਗ਼ ਤੇ ਨਿਮਰਤਾ ਰੱਖਣ ਵਾਲੇ ਦਿਲ ਦੀ ਸ਼ਰਤ ਹੈ। ਨਹੀਂ ਤਾਂ ਸਾਰੀ ਪ੍ਰਕ੍ਰਿਆ ਹੀ ਬੇਕਾਰ ਹੋ ਜਾਵੇਗੀ, ਹਾਂ ਜੇਕਰ ਕੋਈ ਚਾਹਵਾਨ ਪੂਰੀ ਚਾਹਤ ਤੇ ਨਿਮਰਤਾ ਨਾਲ ਕਿਸੇ ਕਾਮਿਲ ਮੁਰਸ਼ਿਦ ਤੋਂ ਥੋੜਾ ਥੋੜਾ ਪਾਠ ਪੜ੍ਹ ਕੇ ਸਮਝ ਲਵੇ ਤਾਂ ਕੁਝ ਅਸੰਭਵ ਨਹੀਂ ਕਿ ਖ਼ੁਦ ਹੀ ਮੁਰਸ਼ਿਦ-ਏ-ਕਾਮਿਲ ਅਤੇ ਦੂਜਿਆਂ ਲਈ ਚਾਨਣ ਮੁਨਾਰਾ ਬਣ ਜਾਵੇ। ਹਜ਼ਰਤ ਮੌਲਾਨਾ ਮਰਹੂਮ ਨੇ ਫ਼ਨੂਨ-ਏ-ਅਕਲੀਆ ਅਤੇ ਉਲੂਮ-ਏ-ਨਕਲੀਆ ਤੋਂ ਕੰਮ ਲੈਂਦੇ ਹੋਏ ਨਮਾਜ਼ ਸੰਬਧੀ ਜੋ ਡੂੰਘੇ ਭੇਦ ਜ਼ਾਹਿਰ ਕੀਤੇ ਹਨ ਉਹ ਇਸ ਗੱਲ ਦੇ ਪ੍ਰਤੀਕ ਹਨ ਕਿ ਆਪ ਉੱਤੇ ਇਲਮ-ਏ-ਲੱਦੁੰਨੀ ਭਾਵ ਰੱਬ ਵਲੋਂ ਗਿਆਨ ਦੀ ਬਾਰਿਸ਼ ਹੁੰਦੀ ਸੀ। ਗੁੱਝਿਆਂ ਨੁਕਤਿਆਂ ਨਾਲ ਭਰੀ ਇਸ ਕਿਤਾਬ ਵਿਚ ਹਿਕਮਤ ਦਾ ਨੂਰ ਬਿਖਰਿਆ ਹੋਇਆ ਹੈ ਅਤੇ ਇਹਨਾਂ ਸਭ ਨੂੰ ਇਕ ਲੜੀ ਵਿਚ ਪਰੋ ਕੇ ਮਆਰਿਫ਼ ਦੇ ਗਿਆਨ ਅਤੇ ਨਮਾਜ਼ ਸੰਬੰਧੀ ਛੁਪਿਆਂ ਭੇਦਾਂ ਤੇ ਨੁਕਤਿਆਂ ਦੀ ਇਕ ਸੁੰਦਰ ਮਾਲਾ ਤਿਆਰ ਕਰ ਦਿੱਤੀ ਹੈ ਜਿਸ ਨਾਲ ਸਾਲਿਕ ਦੇ ਦਿਲ ਵਿਚੋਂ ਦੁਨੀਆਵੀ ਲਾਲਚ ਅਤੇ ਦਿਮਾਗ਼ ਵਿਚੋਂ ਸ਼ੱਕ ਤੇ ਵਹਿਮ ਭਰਮ ਦੂਰ ਹੋ ਜਾਂਦੇ ਹਨ ਅਤੇ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਮਹਾਨ ਰੱਬ ਦੇ ਹੁਕਮ ਦੂਰ ਦ੍ਰਿਸ਼ਟੀ ਤੋਂ ਖ਼ਾਲੀ ਨਹੀਂ ਸਗੋਂ ਹਰ ਹੁਕਮ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ ਵਿਚ ਇਨਸਾਨਾਂ ਦਾ ਹੀ ਲਾਭ ਹੈ। ਇਸ ਪੁਸਤਕ ਦੇ ਅਧਿਐਨ ਨਾਲ ਅਗਿਆਨੀਆਂ ਦੇ ਦਿਲਾਂ ਨੂੰ ਵੀ ਸਕੂਨ ਮਿਲਦਾ ਹੈ ਅਤੇ ਨਫ਼ਸ ਦੀਆਂ ਬੁਰਾਈਆਂ ਅਤੇ ਮਰਦੂਦ ਸ਼ੈਤਾਨਾਂ ਤੋਂ ਵੀ ਸੁਰੱਖਿਅਤ ਰਹਿਣ ਦੀ ਇਕ ਢਾਲ ਹੱਥ ਆ ਜਾਂਦੀ ਹੈ ਅਤੇ ਉਪਰੋਕਤ ਦੋਹਾਂ ਦਾ ਵਾਰ ਖ਼ਾਲੀ ਜਾਂਦਾ ਹੈ। ਧੋਖੇ ਅਤੇ ਸ਼ੈਤਾਨੀ ਵਸਵਸਿਆਂ ਤੋਂ ਮਨ ਨੂੰ ਸਦੀਵੀ ਸ਼ਾਂਤੀ ਤੇ ਚੈਨ ਮਿਲਦਾ ਹੈ ਅਤੇ ਨਾਲ ਹੀ ਨਿਮਰਤਾ ਤੇ ਆਜਿਜ਼ੀ ਦੀ ਦੌਲਤ ਮਿਲ ਜਾਂਦੀ ਹੈ ਜੋ ਕਿ ਹਜ਼ਰਤ ਮੁਹੰਮਦ (ਸ.) ਦੇ ਦੀਨ ਦਾ ਹਾਸਿਲ ਹੈ।

ਸਹੀ ਹਦੀਸਾਂ ਵਿਚ ਹਜ਼ੂਰ ਰਸੂਲ-ਏ-ਕਰੀਮ ਸੱਲੱਲਾਹੁ ਅਲੈਹਿ ਵ-ਸੱਲਮ ਨੇ ਆਪਣੀ ਉੱਮਤ ਨੂੰ ਇਕ ਦੁਆ ਦੀ ਵਿਸ਼ੇਸ ਤੌਰ ਤੇ ਤਾਲੀਮ ਦਿੱਤੀ:

**'ਅੱਲਾ ਹੁੰਮਾ ਇੰਨੀ ਅਸਅਲੂਕਾ ਇਲਮਨ ਨਾਫ਼ਿ.ਗਾ ਕ਼ਲਬਨ ਖ਼ਾਸ਼ਿਅਨ-ਵ-ਅਮਲਾ- ਮੁਤਕੱਬਿਲਾ''**

ਐ ਮੇਰੇ ਰੱਬ, ਮੈਂ ਤੇਰੇ ਤੋਂ ਸਵਾਲ ਕਰਦਾ ਹਾਂ ਲਾਭਦਾਇਕ ਗਿਆਨ, ਜਾਗਰੂਕ ਤੇ ਨਿਮਰਤਾ ਪੂਰਵਕ ਦਿਲ ਅਤੇ ਸਵੀਕਾਰ ਹੋਣ ਵਾਲੇ ਅਮਲ ਦਾ। ਜੇਕਰ ਪਾਠਕ ਇਸ ਪੁਸਤਕ ਦਾ ਅਧਿਐਨ ਕਰਨ ਤੋਂ ਬਾਅਦ ਖ਼ਾਲਿਸ ਅਮਲ ਵੀ ਆਰੰਭ ਕਰ ਦੇਵੇ ਤਾਂ ਇਸ ਅਰਦਾਸ ਦੇ ਨਤੀਜੇ ਵੱਜੋਂ ਮਿਲਣ ਵਾਲੇ ਇਨਾਮ ਤੇ ਬਖ਼ਸ਼ਿਸ਼ਾਂ ਸਮੇਟ ਲੈਂਦਾ ਹੈ। ਲਾਭਦਾਇਕ ਗਿਆਨ ਜੋ ਕਿ ਅਧਿਐਨ ਦੌਰਾਨ ਹੀ ਪ੍ਰਾਪਤ ਹੋ ਜਾਂਦਾ ਹੈ। ਸੇਵਾ ਕਰਨ ਵਾਲਾ ਦਿਲ ਲਾਭਦਾਇਕ ਗਿਆਨ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਜਿਸ ਦੀ ਪ੍ਰਾਪਤੀ ਉਪਰੋਕਤ ਦੋ ਤੋਂ ਬਾਅਦ ਜ਼ਰੂਰੀ ਹੋ

ਜਾਂਦੀ ਹੈ। ਇਨਸ਼ਾਅੱਲਾਹ (ਜੇਕਰ ਰੱਬ ਨੇ ਚਾਹਿਆ) ਉਸ ਇੱਜ਼ਤ-ਓ-ਜਲਾਲ ਵਾਲੇ ਰੱਬ ਦੀ ਰਹਿਮਤ ਤੇ ਭਰੋਸੇ ਉੱਤੇ ਉਪਰੋਕਤ ਤਿੰਨੋਂ ਦੌਲਤਾਂ, ਦੁਨੀਆ ਅਤੇ ਆਖ਼ਰਤ ਸਬੰਧੀ ਸਫ਼ਲਤਾ ਦੀ ਜ਼ਮਾਨਤ ਹਨ। ਬਸ ਪਾਠਕ ਨੂੰ ਚਾਹੀਦਾ ਹੈ ਕਿ ਇਸ ਕਿਤਾਬ ਤੋਂ ਫ਼ਾਇਦਾ ਉਠਾਉਣ ਲਈ ਪੂਰਨ ਤੌਰ ਤੇ ਅੰਦਰੋਂ ਅਤੇ ਬਾਹਰੋਂ ਨਿਰਮਲ ਹੋਵੇ। ਸੱਚਾਈ ਅਤੇ ਦਸਾਂ ਨੁਹਾਂ ਦੀ ਕਿਰਤ 'ਤੇ ਸਖ਼ਤੀ ਨਾਲ ਕਾਰਬੰਦ ਹੋ ਜਾਵੇ ਅਤੇ ਦਿਲੀ ਖ਼ਲੂਸ ਨਾਲ ਇਕ ਵਿੱਦਿਆਰਥੀ ਤੇ ਸਾਲਿਕ-ਏ-ਰਾਹ ਬਣ ਕੇ ਅਧਿਐਨ ਕਰੇ ਤਾਂ ਨਿਸਚਿਤ ਤੌਰ ਤੇ ਰੱਬ ਦੀ ਬਖ਼ਸ਼ਿਸ਼ ਸਦਕਾ ਹਰ ਉਹ ਚੀਜ਼ ਸਮਝੇਗਾ ਜੋ ਉਹ ਚਾਹੇਗਾ। **ਵ-ਅੱਲਾਹ-ਉਲ-ਮਸਤਆਨ-ਉਲ-ਆਲਾ**

ਇਹ ਪੁਸਤਕ ਮੈਨੂੰ ਮੇਰੇ ਮਰਹੂਮ ਉਸਤਾਦ-ਏ-ਮੁਹਤਰਮ ਹਜ਼ਰਤ ਮੌਲਾਨਾ ਮੁਫ਼ਤੀ ਇਸਹਾਕ (ਮੌਤ 28 ਅਗਸਤ 2013 ਈ.) ਰਾਹੀਂ ਪ੍ਰਾਪਤ ਹੋਈ, ਜਿਨ੍ਹਾਂ ਦੀ ਸੰਗਤ ਦੇ ਲੱਗਭੱਗ 20 ਸਾਲਾਂ ਵਿਚ ਮੈਨੂੰ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਗਿਆਨ ਤੇ ਉਲੂਮ ਸਿੱਖਣ ਦਾ ਮੌਕਾ ਮਿਲਿਆ। ਉਸਤਾਦ-ਏ-ਮੁਹਤਰਮ ਜਿਸ ਵਿਲੱਖਣਤਾ ਨਾਲ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਿਅਰ ਪੜ੍ਹਿਆ ਕਰਦੇ ਸਨ, ਮੇਰੀ ਕਲਮ ਉਸ ਨੂੰ ਬਿਆਨ ਕਰਨ ਤੋਂ ਅਸਮਰਥ ਹੈ। ਇਸ ਪੁਸਤਕ ਮਆਰਿਬ-ਉਲ-ਖ਼ਾਸ਼ਿਈਨ ਦਾ ਹੱਥ ਲਿਖਤ ਖਰੜਾ ਪੁਰਾਣੇ ਖ਼ਤ (ਪੁਰਾਣੀ ਲਿਪੀ) ਵਿਚ ਸੀ ਜੋ ਸੋਧ ਤੇ ਜਾਂਚ ਲਈ ਆਪ ਕੋਲ ਆਇਆ। ਆਪ ਨੇ ਇਹ ਜ਼ਿੰਮੇਵਾਰੀ ਮੈਨੂੰ ਸੌਂਪੀ ਅਤੇ ਦੁਆ ਦਿੱਤੀ ਕਿ ਮੈਂ ਇਸ ਨੂੰ ਪੂਰਾ ਕਰ ਸਕਾਂ। ਕਿਤਾਬ ਨੂੰ ਪੜ੍ਹਿਆ ਤਾਂ ਦਿਮਾਗ਼ ਰੌਸ਼ਨ ਹੋਇਆ, ਅੱਖਾਂ ਠੰਡੀਆਂ ਹੋਈਆਂ ਤੇ ਦਿਲ ਨੂਰ ਨਾਲ ਭਰ ਗਿਆ। ਮੈਂ ਪੁਸਤਕ ਨੂੰ ਜਿਸ ਚਾਹ ਤੇ ਉਮਾਹ ਨਾਲ ਪੜ੍ਹਿਆ ਉਸ ਨੂੰ ਰੱਬ ਹੀ ਜਾਣਦਾ ਹੈ ਤੇ ਮੈਂ ਜਜ਼ਾ ਤੇ ਖ਼ੈਰ ਦੀ ਉਮੀਦ ਵੀ ਉਸੇ ਤੋਂ ਰੱਖਦਾ ਹਾਂ। ਇਸ ਸੰਬੰਧੀ ਮੇਰੇ ਸਵਰਗਵਾਸੀ ਉਸਤਾਦ ਜੀ ਨੇ ਮੇਰੀ ਜੋ ਅਗਵਾਈ ਕੀਤੀ ਉਸ ਦੇ ਬਦਲੇ ਉਹ ਜ਼ਰੂਰ ਹੀ ਸਵਰਗਾਂ ਦੇ ਮਜ਼ੇ ਲੈ ਰਹੇ ਹੋਣਗੇ, ਇਨਸ਼ਾਅ-ਅੱਲਾਹ। ਇਸ ਪੁਸਤਕ ਸਬੰਧੀ ਅੰਤਿਮ ਮਸ਼ਵਰਾ ਉਹਨਾਂ ਦੀ ਵਫ਼ਾਤ ਤੋਂ ਦੋ ਦਿਨ ਪਹਿਲਾਂ ਹੀ ਹੋਇਆ, ਅਫ਼ਸੋਸ ਕਿ ਉਹ ਇਸ ਪੁਸਤਕ ਨੂੰ ਪ੍ਰਕਾਸ਼ਿਤ ਹੁੰਦੀ ਨਾ ਵੇਖ ਸਕੇ।

ਮੇਰਾ ਇਰਾਦਾ ਹੈ ਕਿ ਇਸ ਕਿਤਾਬ ਦੇ ਟੀਕੇ ਨੂੰ ਭਾਸ਼ਣ ਦੇ ਰੂਪ ਵਿਚ ਰਿਕਾਰਡ ਕਰਵਾ ਦਿਆਂ ਪਰ ਇਸ ਲਈ ਬੁੱਧੀਜੀਵੀ ਦੋਸਤਾਂ ਦੀ ਮਦਦ ਅਤੇ ਸਾਹਿਬਜ਼ਾਦਾ ਮਸਊਦ ਅਹਿਮਦ ਸਾਹਿਬ ਦੇ ਹੁਕਮ ਦੀ ਲੋੜ ਹੈ। ਅੱਲਾਹ ਤਆਲਾ ਨੇ ਸਾਹਿਬਜ਼ਾਦਾ ਮਸਊਦ ਅਹਿਮਦ ਸਾਹਿਬ ਨੂੰ ਜੋ ਤੌਫ਼ੀਕ ਦਿੱਤੀ ਹੈ, ਉਹ ਅਸਲ ਵਿਚ ਰੱਬ ਦੀਆਂ ਰਹਿਮਤਾਂ ਤੇ ਬਖ਼ਸ਼ਿਸ਼ਾਂ ਦੀ ਬਾਰਿਸ਼ ਹੈ, ਸ਼ਾਇਦ ਇਸ ਸੰਬੰਧੀ ਸ਼ਾਹਿਬਜ਼ਾਦਾ ਸਾਹਿਬ ਵੀ ਜਾਣੂ ਨਾ ਹੋਣ ਕਿ ਜਿਸ ਮਿਹਨਤ ਤੇ ਮੁਸ਼ੱਕਤ ਨਾਲ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਗਿਆਨ ਨੂੰ ਪ੍ਰਫੁਲਿਤ ਕਰ ਰਹੇ ਹਨ, ਵਿਸ਼ੇਸ਼ ਤੌਰ ਤੇ ਜਿਸ ਮਿਹਨਤ ਤੇ ਲਗਨ ਨਾਲ ਉਹ ਇਕੱਲੇ ਹੀ ਸਾਰਾ ਕੰਮ ਕਰ ਰਹੇ ਹਨ ਉਹ ਉਨ੍ਹਾਂ ਦਾ ਹੀ ਹਿੱਸਾ ਹੈ। ਜਦੋਂਕਿ ਉਹ ਬੀਮਾਰ ਵੀ ਹਨ ਤੇ ਉਮਰ ਦੇ ਉਸ ਪੜਾਅ ਤੇ ਹਨ ਜਿੱਥੇ ਹੌਸਲੇ ਟੁੱਟ ਜਾਂਦੇ

ਹਨ ਪਰ ਉਨ੍ਹਾਂ ਨੂੰ ਕੰਮ ਕਰਦੇ ਹੋਏ ਵੇਖ ਕੇ ਮਹਿਸੂਸ ਹੁੰਦਾ ਹੈ ਕਿ ਉਹ ਰੱਬ ਦੀ ਖ਼ਾਸ ਰਹਿਮਤ ਦੀ ਵਸੀਅਤ ਸਦਕਾ ਕੰਮ ਕਰ ਰਹੇ ਹਨ। ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਇਸ ਕੰਮ ਦੀ ਨੌਈਅਤ ਅਨੁਸਾਰ ਇਕ ਵੱਡੇ ਅਦਾਰੇ ਦੀ ਲੋੜ ਹੈ ਪਰ ਉਹ ਆਪਣੇ ਆਪ ਵਿਚ ਇਕ ਅਦਾਰਾ ਬਣ ਕੇ ਹੀ ਕੰਮ ਕਰ ਰਹੇ ਹਨ ਜਿਵੇਂ ਉਨ੍ਹਾਂ ਨੂੰ ਇਸ ਕੰਮ ਲਈ ਚੁਣ ਲਿਆ ਗਿਆ ਹੋਵੇ।

ਸ਼ਾਹਿਬਜ਼ਾਦਾ ਮਸਊਦ ਸਾਹਿਬ ਵਧਾਈ ਦੇ ਪਾਤਰ ਹਨ ਕਿ ਇਹ ਕਿਤਾਬ ਪ੍ਰਕਾਸ਼ਿਤ ਹੋ ਕੇ ਅਵਾਮ ਲਈ ਸੂਦਮੰਦ ਸਾਬਿਤ ਹੋ ਰਹੀ ਹੈ। ਦੁਆ ਹੈ ਕਿ ਅੱਲਾਹ ਤਆਲਾ ਸਾਡੀਆਂ ਕੋਸ਼ਿਸ਼ਾਂ ਨੂੰ ਕਬੂਲ ਫ਼ਰਮਾਵੇ ਤੇ ਸਾਡੀ ਨਿਜਾਤ ਦਾ ਕਾਰਨ ਬਣਾਵੇ, ਆਮੀਨ!

**ਅਹਿਕਰ-ਉਲ-ਇਬਾਦ**
**ਕਾਸ਼ਿਫ਼ ਅਲੀ ਅਫ਼ਾਹ ਅੱਲਾਹ ਅਨਹਾ**

*****

# ਮੁੱਖ ਬੰਧ-ਮਆਰਿਬ-ਉਲ-ਖ਼ਾਸ਼ਿਈਨ

**ਅਲਹਮਦੁ-ਲਿੱਲਾ-ਹਿੱਲਾਜ਼ੀ** ਜਾਅਲੱਸਲਾਤਾ **ਕੁੱਰਾਤਾ ਐਨਿ-ਸਯੱਦਿਲ** ਮੁਰਸਲੀਨਾ **ਵਇਮਾਦਾ ਦੀਨਿਲ** ਮੁਸਲਿਮੀਨਾ **ਵਮਿਅਰਾਜਲ** ਮੁਅਮਿਨੀਨਾ **ਵ**-ਮਆਰਿਬ-ਉਲ-ਖ਼ਾਸ਼ਿਈਨਾ **ਵੱਸਲਾਤੁ ਵੱਸਲਾਮੁ ਅਲਾ** ਉਸਵਾਤਿਲ **ਅਵੱਲੀਨਾ ਵਲ**-ਆਖ਼ਿਰੀਨਾ **ਵ-ਅਲਾ** ਆਲਿਹਿਤੱਾਹਿਰੀਨਾ **ਸਹਬਿਹਿੱਤਯੀਬੀਨਾ** ਇਨੱਸਲਾਤ **ਵਨੁਸੁਕੀ ਵ- ਮਹਯਾਯ ਵਮਮਾਤੀ ਲਿੱਲਾਹਿ ਰੱਬਿਲ** ਆਲਾਮੀਨਾ **ਅੱਲਾ ਹੁੰਮਾ ਤੁਬ ਅੱਲੀਯਾ ਹੱਤਾ ਆਤੂਬਾ** ਵਅਸਿਮਨੀ **ਹੱਤਾ** ਲਾਆਉਦਾ **ਅੱਲਾ ਹੁੰਮਾ ਹੱਬਿਬ** ਇਲਾਯਤਾਆਤਿ **ਵਕੱਰੀ ਇਲਈਯਲ ਖ਼ਾਤੀਨਾਤਿ ਅੱਮਾ ਬਾਅਦ**

ਬਹੁਤ ਹੀ ਨਿਮਾਣਾ ਤੇ ਹਕੀਰ ਬੰਦਾ ਗ਼ੁਲਾਮ ਰਸੂਲ ਅਹਸਾਨੱਲਾ ਹੁ ਇਲੈਹਿ ਬਿਹੁਸਨਿਲ ਕਬੂਲ, ਨਿਵਾਸੀ ਆਲਮਪੁਰ, ਸਭ ਤੋਂ ਪਹਿਲਾਂ ਉਸ ਪਵਿੱਤਰ ਤੇ ਮਹਾਨ ਰੱਬ ਦੀ ਪਨਾਹ ਲੈਂਦਾ ਹਾਂ ਕਿ ਉਹ ਆਪਣੇ ਫ਼ਜ਼ਲ ਤੇ ਕਰਮ ਨਾਲ ਸਾਨੂੰ **"ਅਤਾਮੁਰੂਨੱਨਾਸਾ ਬਿਲ ਬਿੱਰੀ ਵ ਤਨਸੂਨਾ** ਅਨਫ਼ੁਸਾਕੁਮ੦ (ਸੂਰਹ ਅਲਬਕਰਾ : 44) ਦੇ ਖ਼ਿਤਾਬ ਦਾ ਧਾਰਨੀ ਨਾ ਬਣਾਵੇ। ਦੂਜੇ ਉਸ ਮਾਲਿਕ-ਏ-ਕੁੱਲ ਦੇ ਹਜ਼ੂਰ ਬੇਨਤੀ ਹੈ ਕਿ ਜਿਉਂਦੇ ਦਿਲਾਂ ਦੇ ਸ਼ਰਫ਼ ਨਾਲ ਮਾਲਾ-ਮਾਲ ਫ਼ਰਮਾਵੇ। ਦੀਨੀਆਤ ਦੇ ਵਿਦਿਆਰਥੀਆਂ ਦੀ ਖ਼ਿਦਮਤ ਵਿਚ ਬੇਨਤੀ ਹੈ ਕਿ ਰੱਬ ਨੇ ਇਸ ਖ਼ਾਕਸਾਰ ਦੇ ਦੁਖੀ ਦਿਲ ਵਿੱਚ ਪਾਇਆ ਕਿ ਇਸ ਬੇ-ਸਰ-ਓ-ਸਾਮਾਨੀ ਭਾਵ ਬਿਨਾਂ ਪੂੰਜੀ ਤੋਂ, ਸੁਸਤੀ ਤੇ ਨਾਉਮੀਦੀ ਤੋਂ ਬੇਦਾਰੀ ਤੇ ਸੁਚੇਤਤਾ ਵੱਲ ਵੱਧਣ ਦੀ ਥਾਂ ਅਸੀਂ ਸਜਦਿਆ ਦੀ ਹਾਲਤ ਵਿਚ ਵੀ ਗ਼ਫ਼ਲਤ ਤੇ ਬੇਪਰਵਾਹੀ ਦੀ ਨੀਂਦ ਵਿਚ ਸੁੱਤੇ ਪਏ ਹਾਂ, ਇਹਨਾਂ ਨੂੰ ਜਗਾਉਣ ਤੇ ਸੁਚੇਤ ਕਰਨ ਦੇ ਇਰਾਦੇ ਨਾਲ, ਇਕ ਖ਼ੁਲਾਸਾ ਕਰਨ ਵਾਲਾ ਵਿਸ਼ੇਸ਼ ਰਸਾਲਾ ਲਿਖਿਆ ਜਾਵੇ ਅਤੇ ਇਸ ਦਾ ਮੰਤਵ ਖ਼ੁਦ ਆਪਣੇ ਨਫ਼ਸ ਦੀ ਤਰਬੀਅਤ ਤੇ ਸਿਖਲਾਈ ਵੀ ਹੋਵੇ।

**ਫ਼ਾਸ਼ੁਰਿਆ** ਮੁਸਤਾਈਨਨ **ਬਿੱਲਾਹੀ ਵ ਹੁਵਾਯਹਦਿੱਸਬੀਲ੦** ਕਿਉਂਕਿ ਇਸ ਪ੍ਰਕਾਰ ਦਾ ਬਿਆਨ ਆਜਿਜ਼ੀ ਤੇ ਨਿਮਰਤਾ ਕਰਨ ਵਾਲੇ ਲੋਕਾਂ ਦੀ ਸਫ਼ਲਤਾ ਦਾ ਮੁਕਾਮ ਹੈ ਅਤੇ ਇਸ ਨੇਕ ਫ਼ਾਲੀ ਅਤੇ ਆਮ ਮੁਨਾਸਬਤ ਕਾਰਨ ਇਸ ਲਿਖਤ ਦਾ ਨਾਂ **ਮਆਰਿਬ-ਉਲ-**ਖ਼ਾਸ਼ਿਈਨ ਨਿਸਚਿੱਤ ਹੋਇਆ।

**ਫਿਯਾ** ਇਹਅਲਖ਼ਾਸ਼ਿਊਨ **ਅਨਜ਼ੁਰ ਵ-ਅਫ਼ੀਹਾ ਮਾ ਕੀਲਾ ਮਨ ਮਾਰੱਬਾਕੁਮ ਮਾਅ ਅਗ਼ਮਾਜ਼ਲ ਨਜ਼ਰ ਅਨ** ਕਾਇਲਹਾ **ਵਾ ਹਾਫ਼ਿਜ਼ੂ** ਅੱਲੱਸਲਾਵਾਤਿ **ਵੱਸਲਾ ਵਾਤਿਲ-ਵੁਸਤਾ ਵਅਕਬਲੂ ਹਾਬਿਸੱਲਾ ਤਿੱਲ ਵੁਸਤਾ** ਵਕੂਮੂਲਿੱਲਾਹਿ ਕਾਨਿਤੀਨ੦

ਇਸ ਪੁਸਤਕ ਲਈ ਉਰਦੂ ਭਾਸ਼ਾ ਅਪਨਾਉਣ ਦਾ ਮੁਖ ਕਾਰਨ ਇਹ ਹੈ ਕਿ ਇਸ ਦਿਆਰ ਦੇ ਜਿਨ੍ਹਾਂ ਸਾਅਦਤਮੰਦਾ ਦਾ ਗਿਆਨ ਬਹੁਤ ਘੱਟ ਹੈ ਉਹ ਵੀ ਇਸ ਦੇ ਲਾਭ ਤੋਂ ਵੰਚਿਤ ਨਾ ਰਹਿਣ। ਬੇਦਾਰ ਦਿਲ ਰੱਖਣ ਵਾਲੇ ਗਿਆਨੀਆਂ ਨੂੰ ਮੇਰੇ ਵਰਗੇ ਬੇ-ਸਰ-ਓ-ਸਾਮਾਨ ਤੇ ਅਗਿਆਨੀ ਦੀ ਲੋੜ ਨਹੀਂ। ਇਸ ਪੁਸਤਕ ਨੂੰ ਸੰਖੇਪ ਰੂਪ ਵਿਚ ਲਿਖਿਆ ਗਿਆ ਹੈ, ਇਸੇ ਕਾਰਨ ਸ਼ਬਦ ਕੋਸ਼ ਦੀ ਸਲਾਸਤ ਕਾਇਮ ਨਹੀਂ ਰਹੀ। ਇਸ ਲਈ ਜੇਕਰ ਕੋਈ ਚਾਹਵਾਨ ਇਹਨਾਂ ਮੁਸ਼ਕਿਲ ਨੁਕਤਿਆਂ ਨੂੰ ਕਿਸੇ ਮਾਹਿਰ ਗਿਆਨੀ ਤੋਂ ਚੰਗੀ ਤਰ੍ਹਾਂ ਸਮਝ ਲਵੇ ਤਾਂ ਗੁੱਝਿਆਂ ਤੇ ਵਿਆਖਿਆ ਯੋਗ ਤੱਥਾਂ ਦੀ ਤਫ਼ਸੀਲ ਨੂੰ ਸਮਝਣ ਵਿਚ ਸਫ਼ਲ ਹੋ ਸਕਦਾ ਹੈ। ਹਾਂ ਰੰਗੀਨ ਵਾਕਾਂ ਤੇ ਬੋਝਲ ਲਿਖਤ ਤੋਂ ਪਰਹੇਜ਼ ਕੀਤਾ ਗਿਆ ਹੈ ਤਾਂ ਕਿ ਅਸਲ ਮੰਤਵ ਵਿਚ ਵਿਘਨ ਨਾ ਪਵੇ।

*****

# ਪਹਿਲਾ ਨੁਕਤਾ : ਨਮਾਜ਼ ਦੀ ਮਹੱਤਤਾ ਅਤੇ ਇਸ ਨੂੰ ਛੱਡਣ ਦੇ ਨੁਕਸਾਨ

ਸੁਣ ਐ ਪਿਆਰੇ। ਅਸਅਦ ਕੱਲਾਹਿ ਵਾ ਇੱਯਾ○ ਅਕੀਦੇ ਦੀ ਦਰੁਸਤੀ ਤੋਂ ਬਾਅਦ ਸਰਵ ਉੱਚਤਮ ਇਬਾਦਤ ਅਤੇ ਸਰਵਉੱਤਮ ਖ਼ੈਰ ਤੇ ਬਰਕਤ ਨਮਾਜ਼ ਹੈ। ਇਸ ਨੂੰ ਅਮਲੀ ਤੌਰ ਤੇ ਅਪਨਾਉਣ ਤੋਂ ਵੱਧ ਕੇ ਨਾ ਕਿਸੇ ਅਮਲ ਦੀ ਫ਼ਜ਼ੀਲਤ ਹੈ ਅਤੇ ਨਾ ਹੀ ਇਸ ਨੂੰ ਤਰਕ ਕਰਨ ਦੀ ਬੁਰਾਈ ਦੇ ਬਰਾਬਰ ਕੋਈ ਫ਼ਜ਼ੀਹਤ ਜਾਂ ਬੁਰਾਈ ਹੈ। ਇਸ ਲਈ ਕਿਆਮਤ ਵਾਲੇ ਦਿਨ ਸਾਰੇ ਆਮਾਲ ਤੋਂ ਪਹਿਲਾਂ ਮੌਮਿਨ ਦੀਆਂ ਨਮਾਜ਼ਾਂ ਦਾ ਹਿਸਾਬ ਲਿਆ ਜਾਵੇਗਾ, ਪੂਰਾ ਉੱਤਰਿਆ ਤਾਂ ਠੀਕ ਵਰਨਾ ਨੁਕਸਾਨ ਹੀ ਨੁਕਸਾਨ, ਪਕੜ ਹੀ ਪਕੜ। ਕੁਰਆਨ ਮਜੀਦ ਵਿੱਚ ਰੱਬ ਦਾ ਫ਼ਰਮਾਨ ਹੈ ਕਿ ਉੱਚੇ ਮਰਤਬਿਆਂ ਵਾਲੇ ਜੰਨਤੀ ਲੋਕ ਦੋਜ਼ਖ਼ ਦੇ ਮੁਜਰਿਮਾਂ ਨੂੰ ਵੇਖ ਕੇ ਸਵਾਲ ਕਰਨਗੇ ਕਿ:

**ਮਾਸਲਾਕਾਕੁਮ ਫ਼ੀ ਸਕਰ○** (ਅਲ-ਮੁਦੱਸਿਰ : 42)

ਭਾਵ ਕਿਸ ਚੀਜ਼ ਨੇ ਤੁਹਾਨੂੰ ਦੋਜ਼ਖ਼ ਵਿਚ ਧਕੇਲ ਦਿੱਤਾ?

**ਕਾਲੂ ਅਲਮਨਕੁ ਮਿਨਲ-ਮੁਸੱਲੀਨ○** (ਅਲ-ਮੁਦੱਸਿਰ : 43)

ਤਾਂ ਉਹ ਮੁਜਰਿਮ ਉੱਤਰ ਦੇਣਗੇ ਕਿ ਅਸੀਂ ਦੁਨੀਆ ਵਿਚ ਨਮਾਜ਼ਾਂ ਨਹੀਂ ਪੜਦੇ ਸੀ, ਉਂਝ ਪਿੱਛੇ ਹੋਰ ਵੀ ਬੁਰਾਈਆਂ ਤੇ ਗ਼ਲਤੀਆਂ ਦਾ ਜ਼ਿਕਰ ਹੈ ਪਰੰਤੂ ਪਹਿਲਾਂ ਨਮਾਜ਼ ਛੱਡਣ ਦੀ ਹਸਰਤ ਦਾ ਹੀ ਵਰਨਣ ਕਰਨਗੇ। ਇਕ ਜਗ੍ਹਾ ਹੋਰ ਫ਼ਰਮਾਇਆ:

**ਯੌਮਾ ਯੁਕਸ਼ਾਫ਼ੁ ਅਨ ਸਾਕਿਓਂ ਵ ਯੁਦਔਨਾ ਇਲੱਸ ਸੁਜੂਦਿ ਫ਼ਲਾ ਯਸਤਾਤੀਊਨ○ ਖ਼ਾਸ਼ਿਆਤਨ ਅਬਸਾਰੁਹੁਮ ਤਰਹਾਕੁਹੁਮ ਜ਼ਿਲੱਤ ਵਕਦ ਕਾਨੂੰ ਯੁਦਔਨਾ ਇਲੱਸਸੁਜੂਦਿ ਵ-ਹੁਮ ਸਾਲਿਮੂਨ○** (ਸੂਰਤ ਅਲਕਲਮ : 42)

ਇਸ ਦਾ ਖ਼ੁਲਾਸਾ ਇਹ ਹੈ ਕਿ ਕਿਆਮਤ ਦੇ ਦਿਨ ਲੋਕਾਂ ਨੂੰ ਸਜਦਾ ਕਰਨ ਲਈ ਪੁਕਾਰਿਆ ਜਾਵੇਗਾ ਤਾਂ ਸ਼ਰਾਰਤੀ, ਘਟੀਆ ਤੇ ਨੀਚ ਲੋਕ ਸਜਦਾ ਨਹੀਂ ਕਰ ਸਕਣਗੇ। ਸ਼ਰਮ ਅਤੇ ਹਸਰਤ ਕਾਰਨ ਉਨਾਂ ਦੀਆਂ ਅੱਖਾਂ ਝੁਕੀਆਂ ਹੋਈਆਂ ਹੋਣਗੀਆਂ ਅਤੇ ਬਿਲਕੁਲ ਜ਼ਲੀਲ-ਓ-ਖ਼ੁਆਰ ਹੋਣਗੇ। ਉਨਾਂ ਦਾ ਅਜਿਹਾ ਹਾਲ ਇਸ ਲਈ ਹੋਵੇਗਾ ਕਿ ਜਦੋਂ ਦੁਨੀਆ ਵਿਚ ਸਿਹਤ ਅਤੇ ਫ਼ੁਰਸਤ ਦੀ ਹਾਲਤ ਵਿਚ ਉਨ੍ਹਾਂ ਨੂੰ ਸਜਦੇ ਲਈ ਬੁਲਾਇਆ ਜਾਂਦਾ ਸੀ ਤਾਂ ਉਹ ਹਾਜ਼ਿਰ ਨਹੀਂ ਹੁੰਦੇ ਸਨ। ਤਾਂ ਜਿੰਨ੍ਹਾਂ ਦੀ ਹਸਰਤ ਅਤੇ ਨਮੋਸ਼ੀ ਦਾ ਇਹ ਹਾਲ ਹੋਵੇਗਾ ਉਹ ਬੇਸ਼ਕ ਨੁਕਸਾਨ ਉਠਾਉਣ ਵਾਲੇ ਹਨ ਅਤੇ ਦੋਜ਼ਖ਼ ਤੋਂ ਬਿਨਾਂ ਉਨ੍ਹਾਂ ਦਾ ਕੋਈ ਹੋਰ ਠਿਕਾਨਾ ਨਹੀਂ ਹੋ ਸਕਦਾ ਅਤੇ ਫ਼ਰਮਾਇਆ:

ਯਵੱਦੁਲਮੁਜਰਿਮੁ ਲਵਯਫ਼ਤਾਦੀ ਮਿਨ ਅਜ਼ਾਬਿ ਯੌਮਿਅਜ਼ਿਮ ਬਿਬਾਨਿਹੀ○ ਵਸਾਹਿਬਾਤਿਹੀ ਵ-ਅਖ਼ੀਹ○ ਵਫ਼ਸੀਲਾਤਿਹਿੱਲਾਤਿ ਤੁਅਵੀਹ○ ਵਮਨ ਫ਼ਿਲਅਰਜ਼ਿ ਜਮੀਆ○ ਸੁੱਮਾ ਯੁਨਜਿਹ○ ਕੱਲਾ ਇੱਨਾਹਾਲਾਜ਼ਾ○ ਨੱਜ਼ਾਆ ਤੱਲਿੱਸ਼ਾਵਾ○ ਤਦਊ ਮਨ ਅਦਬਰਾ ਵਤਾਵੱਲਾ○ ਵਜਮਾਅ ਫ਼ਾ ਅਵਆ○ ਇਨੱਲ ਇਨਸਾਨਾ ਖ਼ੁਲਿਕਾ ਹਾਲੂਆ○ ਇਜ਼ਾ ਮੱਸਾ ਹੁਸ਼ੱਰੁ ਜਜ਼ੂਆ○ ਵਇਜ਼ਾ ਮੱਸਾ-ਹੁਲ ਖ਼ੈਰੁ ਮਨੂਆ○ ਇਲੱਲ ਮੁਸੱਲੀਨ○ ਅੱਲਾਜ਼ੀਨਾ ਹੁਮ ਅਲਾ ਸਲਾਤਿਹਿਮ ਦਾਆਇਮੂਨ○ ਇਲਾ ਕੌਲਾ ਅਲਾ ਸਲਾਤਿਹਿਮ ਯੁਹਾਫ਼ਿਜ਼ੂਨ○ (ਸੂਰਹ ਅਲ-ਮੁਆਰਿਜ : 11 ਤੋਂ 34)

ਭਾਵ ਇਹ ਕਿ ਮੁਜਰਿਮ ਤਮੰਨਾ ਕਰੇਗਾ ਕਿ ਕਿਆਮਤ ਦੇ ਅਜ਼ਾਬ ਤੋਂ ਆਪਣੀ ਪਿਆਰੀ ਧੀ ਅਤੇ ਹਮਰਾਜ਼ ਪਤਨੀ ਅਤੇ ਗ਼ਮਖ਼੍ਵਾਰ ਭਾਈ ਅਤੇ ਉਨ੍ਹਾਂ ਖ਼ੈਰ ਖ਼੍ਵਾਹਾਂ ਤੇ ਸ਼ੁਭਚਿੰਤਕਾਂ ਨੂੰ, ਜਿਨ੍ਹਾਂ ਨੇ ਦੁਨੀਆ ਵਿਚ ਉਸਨੂੰ ਸਹਿਯੋਗ ਦਿੱਤਾ, ਆਪਣੀ ਸ਼ਰਨ ਵਿਚ ਲਿਆ ਕੇ ਅਤੇ ਸਾਰੇ ਜਹਾਨ ਦੇ ਦੂਜੇ ਲੋਕਾਂ ਨੂੰ ਆਪਣੀ ਥਾਂ ਫ਼ਿਦਿਆਂ (ਬਦਲਾ) ਦੇ ਕੇ ਬਚ ਜਾਵੇ, ਪਰ ਅਜਿਹਾ ਸੰਭਵ ਨਹੀਂ ਹੋ ਸਕੇਗਾ ਭਾਵ ਮੁਜਰਿਮ ਦੀ ਆਰਜ਼ੂ ਹੋਵੇਗੀ ਕਿ ਮੇਰੇ ਦੋਸਤ ਅਹਿਬਾਬ, ਜਿਨ੍ਹਾਂ ਨੂੰ ਮੈਂ ਦੁਨੀਆ ਵਿਚ ਆਪਣੀ ਜਾਨ ਤੋਂ ਵੱਧ ਕੇ ਸਮਝਿਆ ਸੀ ਅਤੇ ਉਹ ਵੀ ਮੈਨੂੰ ਅਜਿਹਾ ਹੀ ਸਮਝਦੇ ਸਨ, ਮੇਰੇ ਬਦਲੇ ਦੋਜ਼ਖ਼ ਵਿਚ ਚਲੇ ਜਾਣ ਅਤੇ ਮੈਨੂੰ ਛੱਡ ਦਿੱਤਾ ਜਾਵੇ ਪਰ ਇਹ ਕੌਣ ਮੰਨੇ? ਮੁਜਰਿਮ ਨੂੰ ਦੋਜ਼ਖ਼ ਤੋਂ ਇਹ ਡਰ ਤੇ ਵਿਹਸ਼ਤ ਕਿਉਂ ਨਾ ਹੋਵੇ? ਕਿ ਉਹ ਤਾਂ ਭੜਕਦੀ ਹੋਈ ਅੱਗ ਹੈ ਕਿ ਆਪਣੇ ਮਿਕਨਾਤੀਸੀ ਪ੍ਰਭਾਵ ਕਾਰਨ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਕੇ ਸਮੇਟਦੀ ਜਾਂਦੀ ਹੈ ਅਤੇ ਉਨ੍ਹਾਂ ਮੁਜਰਿਮਾਂ ਨੂੰ ਨਾਂ ਅਤੇ ਲਕਬ ਨਾਲ ਪੁਕਾਰ ਰਹੀ ਹੈ ਜਿਨ੍ਹਾਂ ਨੇ ਫ਼ਰਮਾਬਰਦਾਰੀ ਦੇ ਕਿਬਲੇ ਵੱਲ ਪਿੱਠ ਕੀਤੀ, ਨਮਾਜ਼ ਤੇ ਦੂਜੀਆਂ ਜ਼ਿੰਮੇਦਾਰੀਆਂ ਤੋਂ ਮੂੰਹ ਮੋੜਿਆ, ਮਾਲ ਤੇ ਦੁਨੀਆ ਨੂੰ ਇਕੱਠਾ ਕੀਤਾ ਅਤੇ ਉਸ ਨੂੰ ਭਾਂਡਿਆਂ ਤੇ ਜ਼ਖ਼ੀਰਾ ਦਾਨਾ ਵਿਚ ਰੱਖ ਛੱਡਿਆ ਭਾਵ ਉਸ ਵਿਚੋਂ ਰੱਬ ਦਾ ਹੱਕ ਅਦਾ ਨਹੀਂ ਕੀਤਾ।

ਬੇਸ਼ਕ ਇਨਸਾਨ ਅੱਵਲ ਦਰਜੇ ਦਾ ਲਾਲਚੀ ਤੇ ਲੋਭੀ ਹੈ, ਜਦੋਂ ਉਸ ਨੂੰ ਤੰਗੀ ਤੇ ਤਕਲੀਫ਼ ਪਹੁੰਚਦੀ ਹੈ ਤਾਂ ਉਹ ਬੇਚੈਨ ਹੋ ਕੇ ਭੜਕ ਉੱਠਦਾ ਹੈ ਅਤੇ ਜਦੋਂ ਖ਼ੁਸ਼ਹਾਲੀ ਤੇ ਸਕੂਨ ਮਿਲਦਾ ਹੈ ਤਾਂ ਗ਼ਰੂਰ ਤੇ ਘੁਮੰਡ ਵਿਚ ਆ ਕੇ ਆਪਣੇ ਅਸਲ ਮਾਲਿਕ ਤੇ ਉਸ ਦੇ ਹੁਕਮਾਂ ਨੂੰ ਹੀ ਭੁੱਲ ਜਾਂਦਾ ਹੈ ਪਰੰਤੂ ਸੱਚੇ ਨਮਾਜ਼ੀ ਹਮੇਸ਼ਾ ਹੀ ਆਪਣੀ ਨਮਾਜ਼ ਅਦਾ ਕਰਦੇ ਹਨ, ਕਦੇ ਅਣਗਿਹਲੀ ਨਹੀਂ ਕਰਦੇ ਅਤੇ ਨਮਾਜ਼ ਦੀ ਬਰਕਤ ਨਾਲ ਹਰ ਤਰ੍ਹਾਂ ਦੀਆਂ ਦੁਨੀਆਵੀ ਤੇ ਦੀਨੀ ਬੁਰਾਈਆਂ ਤੋਂ ਬਚੇ ਰਹਿੰਦੇ ਹਨ। ਇੱਥੋਂ ਤੱਕ ਕਿ ਇਸ ਬਿਆਨ ਦੇ ਅਖ਼ੀਰ 'ਚ ਫ਼ਰਮਾਇਆ ਕਿ ਉਹ ਆਪਣੀ ਨਮਾਜ਼ ਦੀਆਂ ਸਾਰੀਆਂ ਸ਼ਰਤਾਂ, ਮਰਿਆਦਾਵਾਂ ਅਤੇ ਸਮਿਆਂ ਦੀ ਪਾਬੰਦੀ ਕਰਦੇ ਹਨ ਅਤੇ ਉਸ ਤੇ ਗਹਿਰੀ ਨਜ਼ਰ ਰੱਖਦੇ ਹਨ। ਹੱਕ ਤਆਲਾ ਨੇ ਆਪਣੀਆਂ ਰਹਿਮਤਾਂ ਤੇ ਬਖ਼ਸ਼ਿਸ਼ਾਂ ਤੋਂ ਸੱਖਣੇ ਤੇ ਵਾਂਝੇ ਲੋਕਾਂ

ਦੀ ਤੁਲਨਾ ਨਮਾਜ਼ੀਆਂ ਨਾਲ ਕੀਤੀ ਹੈ। ਰੱਬ ਦੇ ਕਲਾਮ ਵਿਚ ਥਾਂ ਥਾਂ ਤੇ ਨਮਾਜ਼ ਪੜ੍ਹਨ ਦੀ ਮਹੱਤਤਾ ਅਤੇ ਇਸ ਦੇ ਤਰਕ ਕਰਨ ਦੀਆਂ ਬੁਰਾਈਆਂ ਅੰਕਿਤ ਕੀਤੀਆਂ ਗਈਆਂ ਹਨ। ਅਜਿਹਾ ਹੀ ਹਦੀਸਾਂ ਵਿਚ ਵੀ ਵਿਆਖਿਆਪੂਰਨ ਵਰਨਣ ਕੀਤਾ ਗਿਆ ਹੈ ਭਾਵ ਪਹਿਲੇ ਦਰਜੇ ਦੇ ਸੁਹਾਬੀਆਂ, ਨੇਕ ਲੋਕਾਂ, ਕਿਤਾਬ ਤੇ ਸੁੰਨਤ ਦੇ ਪੈਰੋਕਾਰਾਂ ਦਾ ਇਹੋ ਅਕੀਦਾ ਸੀ ਕਿ ਉਹ ਨਮਾਜ਼ ਤਰਕ ਕਰਨ ਵਾਲੇ ਦੇ ਦੀਨ ਨੂੰ ਉਚਿਤ ਨਹੀਂ ਮੰਨਦੇ ਸਨ। ਲਿਹਾਜ਼ਾ ਮਿਸ਼ਕਾਤ ਸ਼ਰੀਫ਼ ਵਿਚ ਅਬਦੁੱਲਾ ਇਬਨ-ਏ-ਸ਼ਕੀਕ (ਰਜ਼ੀ.) ਤੋਂ ਰਿਵਾਇਤ ਹੈ ਕਿ:

**ਕਾਨਾ ਅਸਹਾਬੁ ਰਸੂਲ ਅਲੱਾਹਿ ਸੱਲੱਲਾਹੁ ਅਲੈਹਿ ਵ-ਸਲੱਮ ਲਾ-ਯਾਰੂਨਾ ਸ਼ੈਇਮ ਮਿਨਲ-ਆਮਾਲਿ ਤਰਕੁਹੁ ਕੁਫ਼ਰੁਨ ਗ਼ੈਰੱਸਲਾਤ੦**

ਭਾਵ ਹਜ਼ਰਤ ਮੁਹੰਮਦ ਸਲੱਲਾਹੁ ਅਲੈਹਿ ਵ-ਸੱਲਮ ਦੇ ਸੁਹਾਬੀ (ਰਜ਼ੀ.) ਨਮਾਜ਼ ਤੋਂ ਬਿਨਾਂ ਕਿਸੇ ਵੀ ਅਮਲ ਨੂੰ ਛੱਡਣਾ ਕੁਫ਼ਰ ਨਹੀਂ ਸਮਝਦੇ ਸਨ, ਕੇਵਲ ਨਮਾਜ਼ ਛੱਡਣ ਨੂੰ ਹੀ ਕੁਫ਼ਰ ਸਮਝਦੇ ਸੀ।

**ਵ-ਅਨ ਜਾਬਿਰਨ ਕਾਲਾ ਰਜ਼ੀਅਲੱਾਹ ਤਆਲਾ ਅਨਹੁ ਕਾਲਾ ਰਸੂਲ ਲੁੱਲਾਹਿ ਸੱਲਲਾਹੁ ਅਲੈਹਿ ਵ-ਸੱਲਮ ਬੈਨਲ ਅਬਦਿ ਵ-ਬੈਨਲ ਕੁਫ਼ਰਿ ਤਰਕੁਸੱਲਾਤ (ਰਵਾਹ ਮੁਸਲਿਮ)**

ਹਜ਼ਰਤ ਜਾਬਿਰ (ਰਜ਼ੀ.) ਤੋਂ ਰਿਵਾਇਤ ਹੈ ਕਿ ਪੈਗ਼ੰਬਰ ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ ਕਿ ਬੰਦੇ ਅਤੇ ਕੁਫ਼ਰ ਦੇ ਵਿਚਕਾਰ ਅੰਤਰ ਕਰਨ ਵਾਲੀ ਚੀਜ਼ ਨਮਾਜ਼ ਹੈ ਭਾਵ ਬੰਦੇ ਨੇ ਨਮਾਜ਼ ਨੂੰ ਤਰਕ ਕਰ ਦਿੱਤਾ ਤਾਂ ਕੁਫ਼ਰ ਵਿਚ ਪੈ ਗਿਆ। ਇਹ ਹਦੀਸ ਸਹੀ ਮੁਸਲਿਮ ਦੀ ਹੈ।

**ਵ-ਆਨਿਬਨਿ ਮਸਊਦਿਨ ਰਜ਼ੀਅਲੱਾਹ ਅਨਹੁ ਕਾਲਾ ਸਾਅਲਤੁਨੱਬੀਆ ਸਲੱਲਾਹੁ ਅਲੈਹਿ ਵ-ਸੱਲਮ ਅਇੱਯੁਲ ਆਮਾਲਿ ਆਹੱਬੁ ਇੱਲੱਲਾਹਿ ਤਆਲਾ ਕਾਲੱਸਲਾਤੁ ਲਿਵਕਤਿਹਾ ਅਲਖ (ਮੁੱਤਫ਼ਿਕ ਅਲੈਹਿ)**

ਭਾਵ ਹਜ਼ਰਤ ਅਬਦੁੱਲਾ ਇਬਨ-ਏ-ਮਸਊਦ (ਰਜ਼ੀ.) ਤੋਂ ਰਿਵਾਇਤ ਹੈ ਕਿ ਮੈਂ ਨਬੀ (ਸ.) ਤੋਂ ਪੁੱਛਿਆ ਕਿ ਰੱਬ ਨੂੰ ਕਿਹੜਾ ਕੰਮ ਸਭ ਤੋਂ ਵੱਧ ਪਸੰਦ ਹੈ? ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ ਕਿ ਨਮਾਜ਼ ਨੂੰ ਸਮੇਂ ਸਿਰ ਅਦਾ ਕਰੋ। ਅਲਾ ਆਖ਼ਿਰ-ਉਲ-ਹਦੀਸ (ਇਹ ਹਦੀਸ ਬੁਖ਼ਾਰੀ ਤੇ ਮੁਸਲਿਮ ਦੀ ਹੈ)

**ਵ-ਅਨ ਅਬਦਿੱਲਾਹ ਇਬਨ-ਏ-ਅਮਰੂ ਇਬਨਿਲਆਸਿ ਆਨਿੱਨਬੀ ਸਲੱਲਾਹੁ ਅਲੈਹਿ ਵ-ਸੱਲਮ ਅੱਨਾਹੁ ਜਕਰਸੱਲਾਤਾ ਯੋਮਨ ਫ਼ਾਕਾਲਾ ਮਨ ਹਾਫ਼ਾਜ਼ਾ ਅਲੈਹਾ ਕਾਨਤ ਲਾਹੁ ਨੂਰਓਂ ਵਬਰਹਾਨਓਂ ਨਜਾਤਓਂ ਯੋਮਲ ਕਿਆਮਾਤਿ ਵ-ਮੱਲਮ ਯੂਹਾਫ਼ਿਜ਼ ਅਲੈਹਾ ਲਮ ਤਕੁੱਲਾਹੁ ਨੂਰਓਂ ਬੁਰਹਾਨਓਂ ਵਾਲਾ ਨਜਾਤਓਂ ਵਕਾਨਾ ਯੋਮ ਉਲ-ਕਿਆਮਾਤਿ ਮਾਆ ਕਾਰੂਨਾ ਵ-ਫ਼ਿਰੋਨਾ ਵ-ਹਾਮਾਨਾ ਵ-ਉਬੀ ਯਿਬਨਿ ਖ਼ਲਫ਼ਿਨ੦**

ਅਰਥਾਤ ਉਮਰੂ ਬਿਨ ਅਲਆਸ ਦੇ ਪੁੱਤਰ ਅਬਦੁੱਲਾ ਰਜ਼ੀ. ਤੋਂ ਰਿਵਾਇਤ

ਹੈ ਕਿ ਉਨ੍ਹਾਂ ਨੇ ਹਜ਼ਰਤ ਮੁਹੰਮਦ (ਸ.) ਤੋਂ ਨਕਲ ਕੀਤਾ ਹੈ ਕਿ ਇਕ ਦਿਨ ਆਪ ਸਰਵਰ-ਏ-ਆਲਮ (ਸ.) ਨੇ ਨਮਾਜ਼ ਸਬੰਧੀ ਦੱਸਿਆ ਕਿ ਜਿਹੜਾ ਵਿਅਕਤੀ ਨਮਾਜ਼ ਦੀ ਰੱਖਿਆ ਕਰੇ ਭਾਵ ਹਮੇਸ਼ਾ ਸਮੇਂ ਸਿਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਨਮਾਜ਼ ਪੜ੍ਹਦਾ ਰਹੇ ਤਾਂ ਕਿਆਮਤ ਦੇ ਦਿਨ ਉਹ ਨਮਾਜ਼ ਉਸ ਲਈ ਨੂਰ, ਬੁਰਹਾਨ ਅਤੇ ਨਜਾਤ ਦਾ ਕਾਰਨ ਹੋਵੇਗੀ ਅਤੇ ਜਿਹੜਾ ਵਿਅਕਤੀ ਨਮਾਜ਼ ਦੀ ਹਿਫ਼ਾਜ਼ਤ ਨਹੀਂ ਕਰਦਾ ਤਾਂ ਕਿਆਮਤ ਦੇ ਦਿਨ ਉਸ ਲਈ ਨਾ ਨੂਰ ਹੋਵੇਗਾ ਨਾ ਬੁਰਹਾਨ ਅਤੇ ਨਾ ਹੀ ਨਜਾਤ। ਇਹ ਵਿਅਕਤੀ ਕਾਰੂਨ, ਫ਼ਿਰਔਨ, ਹਾਮਾਨ ਅਤੇ ਅਬੀ ਇਬਨ-ਏ-ਖ਼ਲਫ਼ ਦੇ ਨਾਲ ਹੋਵੇਗਾ ਭਾਵ ਦੋਜ਼ਖ਼ ਵਿਚ।

**ਵ-ਅਨ ਅਬੀਹੁਰੈਰਾ ਰਜ਼ੀ. ਕਾਲਾ ਕਾਲਾ ਰਸੂਲੁੱਲਾੱਹਿ ਸਲੱਲਾਹੁ ਅਲੈਹਿ ਵ-ਸੱਲਮ ਅਰਾ ਐਤੁਮ ਲੌ ਅੱਨਹਿਰਨ ਬਿਬਾਬਿ ਆਹਦਿਕੁਮ ਯ਼ਗਤਾਸਿਲੁ ਫ਼ੀਹਿ ਕੁੱਲਾ ਯੌਮਿਨ ਖ਼ਮਸਨ ਹਲ ਯਬਕਾ ਮਿਨ ਦਰਾਨਿਹੀ ਸ਼ੈਯੁਨ ਕਾਲੂ ਅਲਾ ਯਬਕਾ ਮਿਨਦਰਾਨਿਹੀ ਸ਼ੈਯੁਨ ਕਾਲਾ ਫ਼ਜ਼ਾਲਿਕਾ ਮਸਲੁ ਸਲਾਵਾਤਿਲ ਖ਼ਮਸਿ ਯਮਹੁਲਾੱਹੁ ਬਿਹਿੱਨਲ ਖ਼ਤਾਇਆ (ਮੁਤਫ਼ਿਕ ਅਲੈਹਿ)**

ਹਜ਼ਰਤ ਅੱਬੂ ਹੁਰੈਰਾ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਆਪਣੇ ਸੁਹਾਬੀਆਂ ਨੂੰ ਫ਼ਰਮਾਇਆ "ਦੱਸੋ ਕਿ ਜੇਕਰ ਤੁਹਾਡੇ ਵਿਚ ਕਿਸੇ ਦੇ ਦਰਵਾਜ਼ੇ ਤੇ ਨਹਿਰ ਵਹਿੰਦੀ ਹੋਵੇ ਅਤੇ ਉਹ ਉਸ ਵਿਚ ਹਰ ਰੋਜ਼ ਪੰਜ ਵਾਰ ਨ੍ਹਾਇਆ ਕਰੇ ਤਾਂ ਕਿ ਉਸ ਵਿਅਕਤੀ ਤੇ ਕੁਝ ਮੈਲ ਰਹਿ ਜਾਵੇਗੀ? ਸੁਹਾਬਾ ਰਜ਼ੀ. ਨੇ ਬੇਨਤੀ ਕੀਤੀ ਕਿ ਹਜ਼ਰਤ ਉਸ ਉੱਤੇ ਤਾਂ ਬਿਲਕੁਲ ਵੀ ਮੈਲ ਨਹੀਂ ਰਹੇਗੀ। ਆਪ (ਸ.) ਨੇ ਫ਼ਰਮਾਇਆ ਫੇਰ ਇਹ ਪੰਜਗਾਨਾ ਨਮਾਜ਼ ਦੀ ਉਦਾਹਰਣ ਹੈ। ਅਲੱਾਹ ਤਆਲਾ ਇਸ ਦੀ ਬਰਕਤ ਨਾਲ ਗ਼ਲਤੀਆਂ ਭਾਵ ਗੁਨਾਹਾਂ ਨੂੰ ਮਿਟਾ ਦਿੰਦੇ ਹਨ। (ਇਹ ਸਹੀਹੀਨ ਦੀ ਹਦੀਸ ਹੈ)

ਐ ਜਾਨ-ਏ-ਮਨ! ਤੂੰ ਇਹਨਾਂ ਆਇਤਾਂ ਤੇ ਹਦੀਸਾਂ ਤੋਂ ਜ਼ਰੂਰ ਸਮਝ ਲਿਆ ਹੋਵੇਗਾ ਕਿ ਨਿਮਰਤਾ ਨਾਲ ਪੜੀ ਹੋਈ ਨਮਾਜ਼ ਦੀ ਵੱਡੀ ਫ਼ਜ਼ੀਲਤ ਹੈ, ਨਜਾਤ ਦਾ ਵਸੀਲਾ ਹੈ ਅਤੇ ਇਸ ਦੇ ਤਰਕ ਕਰਨ ਵਾਲੇ ਨੂੰ ਬਹੁਤ ਹੀ ਸਖ਼ਤ ਤੇ ਭਾਰੀ ਅਜ਼ਾਬ ਹੈ। ਇਸਲਾਮ ਦਾ ਇਹੋ ਢੰਗ ਹੈ ਤੇ ਇਸ ਤੇ ਹੀ ਇਨਸਾਨ ਦੀ ਅੱਛਾਈ ਤੇ ਬੁਰਾਈ ਦਾ ਦਾਰ-ਓ-ਮਿਦਾਰ ਹੈ। ਬੇਸ਼ਕ ਮੁਸਲਮਾਨ ਇਸ ਤੋਂ ਸਮਝ ਸਕਦਾ ਹੈ ਕਿ ਨਮਾਜ਼ ਅਦਾ ਕਰਨੀ ਕਿੰਨੀ ਜ਼ਰੂਰੀ ਹੈ ਅਤੇ ਇਸ ਨੂੰ ਛੱਡਣ ਦਾ ਕਿੰਨਾ ਨੁਕਸਾਨ। ਫੇਰ ਨਮਾਜ਼ ਪੜ੍ਹਨ ਵਾਲੇ ਨੂੰ ਇਹ ਖ਼ੁਸ਼ੀ ਜ਼ਰੂਰ ਹੁੰਦੀ ਹੈ ਕਿ ਮੈਂ ਬਾਗ਼ੀ, ਜ਼ਿਆਦਤੀ ਕਰਨ ਵਾਲੇ ਅਤੇ ਨਮਾਜ਼ ਛੱਡਣ ਵਾਲੇ ਫ਼ਿਰਕੇ ਵਿਚੋਂ ਨਹੀਂ ਹਾਂ। ਇਸ ਲਈ ਜੇਕਰ ਸੱਚਮੁੱਚ ਦਾ ਨਮਾਜ਼ੀ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਆਪਣੇ ਮਾਲਿਕ ਦੀ ਬਖ਼ਸ਼ੀ ਹੋਈ ਤੌਫ਼ੀਕ ਅਨੁਸਾਰ ਉਸ ਦਾ ਧੰਨਵਾਦ ਕਰੇ ਅਤੇ ਬਖ਼ਸ਼ਿਸ਼ ਪ੍ਰਾਪਤੀ ਲਈ ਲਗਾਤਾਰ ਉਪਰਾਲੇ ਕਰਦਾ ਰਹੇ। ਆਪਣੀ ਕਿਸੇ ਕੋਸ਼ਿਸ਼ ਨੂੰ ਹੱਦ ਅੱਪੜੀ ਹੋਈ ਨਾ ਸਮਝੇ ਕਿ ਗੁਣਾਂ ਦੀ ਕੋਈ ਹੱਦ ਨਹੀਂ। ਸੁੰਦਰਤਾ, ਮਹਾਨਤਾ ਅਤੇ ਤਾਕਤ ਦੀ ਕੋਈ ਹੱਦ ਨਹੀਂ ਅਤੇ

ਜੇਕਰ ਉਹ ਨਮਾਜ਼ ਦੀ ਹਕੀਕਤ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹੈ ਤਾਂ ਉਸ ਨੇ ਆਪਣਾ ਪਹਿਲਾ ਫ਼ਰਜ਼ ਹੀ ਅਦਾ ਨਹੀਂ ਕੀਤਾ। ਉਸ ਦਾ ਨਾਂ ਨਮਾਜ਼ੀ ਕਿੱਥੇ? ਉਸ ਨੂੰ ਚਾਹੀਦਾ ਹੈ ਕਿ ਨਮਾਜ਼ ਪੜ੍ਹਨ ਦਾ ਦ੍ਰਿੜ ਨਿਸ਼ਚਾ ਕਰੇ, ਸਾਰੀਆਂ ਸ਼ਰਤਾਂ ਤੇ ਹੱਦਾਂ 'ਚ ਰਹਿੰਦੇ ਹੋਏ ਨਮਾਜ਼ ਦੀ ਨੀਅਤ ਬੰਨੇ ਤਾਂ ਜੋ ਨਮਾਜ਼ੀਆਂ ਦੀ ਸ਼੍ਰੇਣੀ ਵਿਚ ਸ਼ਾਮਿਲ ਹੋ ਸਕੇ।

ਐ ਮੇਰੇ ਪਿਆਰੇ ਨਮਾਜ਼ੀ! ਹੁਣ ਜ਼ਰਾ ਪ੍ਰੀਖਿਆ ਦੀ ਕਸੌਟੀ ਉੱਤੇ ਆਪਣੀ ਨਮਾਜ਼ ਦੀ ਸਮੀਖਿਆ ਕਰ ਲੈ ਕਿ ਤੂੰ ਆਪ ਨਮਾਜ਼ ਪੜ੍ਹਨ ਵਾਲਿਆਂ ਵਿਚੋਂ ਹੈਂ ਜਾਂ ਨਹੀਂ? ਤੇਰੀ ਨਮਾਜ਼ ਕਬੂਲ ਕਰਨ ਯੋਗ ਹੈ ਜਾਂ ਫੇਰ ਤੇਰੇ ਹੀ ਮੂੰਹ ਤੇ ਮਾਰੇ ਜਾਣ ਯੋਗ ਹੈ ਅਤੇ ਤੂੰ ਆਪਣੀ ਨਮਾਜ਼ ਕਾਰਨ ਉੱਚੀ ਸ਼ਾਨ ਵਾਲੇ ਮਹਾਨ ਰੱਬ ਦੇ ਦਰਬਾਰ ਵਿਚ ਬੁਲਾਇਆ ਜਾਂਦਾ ਹੈਂ ਜਾਂ ਤੈਨੂੰ ਕਿਹਾ ਜਾਂਦਾ ਹੈ ਸੱਲਿ ਇੰਨਾਕਾ ਲਮ ਤੁਸੱਲਿ○ ਇਸ ਲਈ ਤੇਰੀ ਨਮਾਜ਼ ਦੀ ਸਮੀਖਿਆ ਰੱਬ ਅਤੇ ਰੱਬ ਦੇ ਰਸੂਲ (ਸ.) ਦੇ ਕਲਾਮ ਨਾਲ ਹੁੰਦੀ ਹੈ ਤੂੰ ਆਪਣੇ ਦਿਲ ਦੀਆਂ ਅੱਖਾਂ ਨਾਲ ਪਰਖ ਲੈ।

*****

# ਦੂਜਾ ਨੁਕਤਾ : ਨਮਾਜ਼, ਨਮਾਜ਼ੀ ਲਈ ਲਾਭਦਾਇਕ ਜਾਂ ਹਾਨੀਕਾਰਕ - ਆਲੋਚਨਾਤਮ ਅਧਿਐਨ

ਰੱਬ ਨੇ ਸੂਰਹ ਨਿਸਾਅ ਵਿਚ ਕੂਟਨੀਤੀ ਭਾਵ ਦੋਗਲਾਪਣ ਰੱਖਣ ਵਾਲਿਆਂ ਦੀ ਨਮਾਜ਼ ਸੰਬੰਧੀ ਫ਼ਰਮਾਇਆ ਹੈ:

**ਵਾ-ਇਜ਼ਾ ਕਾਮੂ ਇਲੱਸਲਾਤਿ ਕਾਮੂ ਕੁਸਾਲਾ0 ਯੂਰਾਆਊ-ਨੱਨਾਸਾ ਵਲਾ ਯਜ਼ਕੁਰੂ ਨੱਲਾਹਾ ਇੱਲਾ ਕਲੀਲਾ0 ਮੁਜ਼ਬਜ਼ਾਬੀਨਾ ਬੈਨਾ ਜ਼ਾਲਿਕ0 ਲਾਇਲਾ ਹਾਊਲਾਇ ਵਲਾ ਲਾਇਲਾ ਹਾਊਲਾਅ0 ਵਮਈਯੁਜ਼ਲਿੱਲਾਹੁ ਫ਼ਲਨ ਤਾਜਿਦਾ ਲਾਹੂ ਸਬੀਲਾ0** (ਅੱਨਿਸਾਅ : 142)

ਭਾਵ ਮੁਨਾਫ਼ਿਕ ਤੇ ਦੋਗਲੇ ਵਿਅਕਤੀ ਜਦੋਂ ਨਮਾਜ਼ ਲਈ ਖੜੇ ਹੁੰਦੇ ਹਨ ਤਾਂ ਬੜੇ ਔਖੇ ਹੋ ਕੇ ਖੜੇ ਹੁੰਦੇ ਹਨ, ਥੱਕੇ ਹਾਰੇ ਭਾਵ ਸੁਸਤ ਹੁੰਦੇ ਹਨ। ਨਮਾਜ਼ ਵਿਚ ਦਿਲ ਨਹੀਂ ਲੱਗਦਾ, ਬੱਸ ਉਹ ਲੋਕਾਂ ਨੂੰ ਦਿਖਾਉਂਦੇ ਹਨ ਕਿ ਅਸੀਂ ਵੀ ਮੋਮਿਨ ਹਾਂ, ਉਂਜ ਉਹ ਦਿਲ ਤੋਂ ਰੱਬ ਨੂੰ ਯਾਦ ਨਹੀਂ ਕਰਦੇ। ਸਰੀਰਕ ਪੱਖੋਂ ਉਹ ਕੁਫ਼ਰ ਅਤੇ ਈਮਾਨ ਦੀਆਂ ਸੋਚਾਂ ਵਿਚ ਉਲਝੇ ਰਹਿੰਦੇ ਹਨ, ਨਾ ਇੱਧਰ ਦੇ ਹਨ ਨਾ ਉੱਧਰ ਦੇ, ਭਾਵ ਜੇਕਰ ਖ਼ਾਲਿਸ ਮੋਮਿਨ ਹੁੰਦੇ ਤੇ ਸੱਚੇ ਦਿਲ ਨਾਲ ਧਿਆਨ ਲਾ ਕੇ ਉਸ ਇੱਜ਼ਤ ਤੇ ਜਲਾਲ ਵਾਲੇ ਮਾਲਿਕ ਦੇ ਸਾਹਮਣੇ ਖੜੇ ਹੋ ਕੇ ਨਮਾਜ਼ ਪੜਦੇ ਤਾਂ ਸੱਚੇ ਮੋਮਿਨਾਂ ਵਾਂਗ ਆਪਣੇ ਰੱਬ ਦੀ ਬਖ਼ਸ਼ਿਸ਼ ਤੇ ਰਹਿਮਤ ਦੇ ਹੱਕਦਾਰ ਬਣਦੇ ਅਤੇ ਜੇਕਰ ਸਿਰਫ਼ ਕੁਫ਼ਰ ਤੇ ਹੀ ਰਹਿੰਦੇ ਭਾਵ ਕੂਟਨੀਤੀ ਤੇ ਦੋਗਲੇਪਣ ਨਾਲ ਵੀ ਨਮਾਜ਼ ਪੜ੍ਹਦੇ ਤਾਂ ਕਤਲ, ਕੈਦ ਤੇ ਲੁੱਟ ਖਸੁੱਟ ਦੇ ਭਾਗੀ ਨਾ ਬਣਦੇ। ਇਸ ਲਈ ਇਸ ਪ੍ਰਕਾਰ ਦੇ ਨਮਾਜ਼ੀਆਂ ਨੂੰ ਉਨ੍ਹਾਂ ਦੇ ਬਾਹਰੀ ਰੂਪ ਨੇ ਕਤਲ-ਓ-ਗ਼ਾਰਤ ਕੀਤੇ ਜਾਣ ਤੋਂ ਬਚਾਇਆ ਵਰਨਾ ਆਖ਼ਰਤ ਦੇ ਮਜ਼ੇ ਤੇ ਮੌਜ ਤੋਂ ਉਨ੍ਹਾ ਨੂੰ ਕੁਝ ਵੀ ਨਸੀਬ ਨਹੀਂ। ਇਹ ਲੋਕ ਨਾ ਨਮਾਜ਼ ਵਿਚ ਹਨ ਅਤੇ ਨਾ ਹੀ ਇਸ ਨੂੰ ਤਰਕ ਕਰਨ ਵਾਲਿਆਂ ਵਿਚ। ਤਨ ਨਮਾਜ਼ ਪੜਦਾ ਹੈ ਮਨ ਨੂੰ ਕੁਝ ਵੀ ਖ਼ਬਰ ਨਹੀਂ ਅਤੇ ਜਿਸ ਨੂੰ ਅੱਲਾਹ ਤਆਲਾ ਗੁਮਰਾਹ ਰਹਿਣ ਦੇਵੇ ਤਾਂ ਉਸ ਲਈ ਹੋਰ ਕੋਈ ਵੀ ਰਸਤਾ ਨਹੀਂ ਹੈ। ਹੁਣ ਨਮਾਜ਼ੀ ਨੂੰ ਚਾਹੀਦਾ ਹੈ ਕਿ ਆਪਣੀ ਨਮਾਜ਼ ਪ੍ਰਤੀ ਸੁਚੇਤ ਹੋਵੇ ਕਿ ਮੱਕਾਰੀ ਤੇ ਦੋਗਲਾਪਣ ਸਿਮਰਨ ਦੀ ਘਾਟ ਜਾਂ ਸ਼ਿਸ਼-ਓ-ਪੰਜ ਤੋਂ ਹੈ ਜਾਂ ਸੂਝ-ਬੂਝ, ਹਿੰਮਤ, ਚਾਹਤ, ਲਗਨ, ਸੱਚਾਈ, ਨਿਮਰਤਾ, ਸਿਮਰਨ ਦੀ ਕਸਰਤ ਤੇ ਅਮਨ ਸਾਂਤੀ ਕਾਰਨ। ਸਿਮਰਨ ਤੇ ਜ਼ਿਕਰ ਦੀ ਘਾਟ, ਦਿਲੀ ਸਤਿਕਾਰ ਦੀ ਘਾਟ, ਅਦਬ ਆਦਾਬ ਦੀ ਰੱਖਿਆ ਲਈ ਕਸੂਰਵਾਰ ਹੈ ਤੇ ਸਿਮਰਨ ਦੀ ਕਸਰਤ ਇਸ ਦਾ ਸਿਖ਼ਰ ਹੈ। ਬੱਸ ਜੇਕਰ ਰੱਬ ਦੀ ਪਨਾਹ ਪਹਿਲੇ ਢੰਗ ਅਨੁਸਾਰ ਹੈ ਤਾਂ ਉਸ ਦੀ ਨਮਾਜ਼ ਮੁਨਾਫ਼ਿਕਾਂ ਵਰਗੀ ਹੈ ਅਤੇ ਜੇਕਰ ਇਹ ਚਤਰ ਵਿਅਕਤੀ ਆਪਣੇ ਅਜਿਹੇ ਹੀ ਅਮਲਾਂ

ਕਾਰਨ ਮੁਨਾਫ਼ਿਕ ਕਹਿਲਾਉਂਦੇ ਹਨ ਅਤੇ ਕੁਝ ਸਿਫ਼ਤਾਂ ਤੇ ਖ਼ੂਬੀਆਂ ਵਿਚ ਉਨ੍ਹਾਂ ਨਾਲ ਮਿਲਦੇ ਜੁਲਦੇ ਹਨ ਅਤੇ ਕੁੱਝ ਵਿਚ ਵਿਪਰੀਤ ਹਨ ਤਾਂ ਵੀ ਇਹ ਅਮਲ ਮੁਨਾਫ਼ਿਕਾਨਾ ਹੈ, ਇਸ ਦੀ ਭਰਪਾਈ ਕਰਨਾ ਵੀ ਉਸ ਤੇ ਵਾਜਿਬ ਹੈ, ਜ਼ਰੂਰੀ ਹੈ ਅਤੇ ਜੇਕਰ ਦੂਜੇ ਢੰਗ ਅਨੁਸਾਰ ਨਮਾਜ਼ ਅਦਾ ਕਰਦਾ ਹੈ ਤਾਂ ਰੱਬ ਦਾ ਸ਼ੁਕਰ ਕਰਦੇ ਹੋਏ ਭਗਤੀ ਵਿਚ ਮਸ਼ਗੂਲ ਹੋ ਜਾਵੇ ਅਤੇ ਖ਼ਾਮੀਆਂ ਨੂੰ ਦੂਰ ਕਰਨ ਲਈ ਰੱਬ ਦੇ ਹਜ਼ੂਰ ਬੇਨਤੀ ਕਰੇ ਅਤੇ ਆਪਣੀ ਕੋਸ਼ਿਸ਼ ਕਰਦਾ ਰਹੇ। ਅਲੱਾਹ ਤਆਲਾ ਦਾ ਫ਼ਰਮਾਨ ਹੈ:

**ਫ਼ਵੈਲੁੱਲਿਲ ਮੁਸੱਲੀਨ-ਅੱਲਾਜ਼ੀਨਾ ਹੁਮ ਅਨ ਸਲਾਤਿਹਿਮ ਸਾਹੂਨ੦ ਅੱਲਾਜ਼ੀਨਾ ਹੁਮ ਯੁਰਾਆਊਨ੦ (ਸੂਰਹ ਅਲਮਾਊਨ : 4-6)**

ਅਫ਼ਸੋਸ! ਸਖ਼ਤ ਅਜ਼ਾਬ ਹੈ ਉਨ੍ਹਾਂ ਨਮਾਜ਼ੀਆਂ ਲਈ ਜੋ ਆਪਣੀ ਨਮਾਜ਼ ਤੋਂ ਬੇਖ਼ਬਰ ਤੇ ਲਾਪਰਵਾਹ ਹਨ, ਧਿਆਨ ਲਾ ਕੇ ਨਮਾਜ਼ ਨਹੀਂ ਪੜ੍ਹਦੇ, ਉਹ ਤਾਂ ਲੋਕਾਂ ਨੂੰ ਦਿਖਾਉਂਦੇ ਹਨ, ਉਨ੍ਹਾਂ ਵਿਚ ਨਿਮਰਤਾ ਤੇ ਸਤਿਕਾਰ ਕਿੱਥੇ? ਅਤੇ ਫ਼ਰਮਾਇਆ:

**ਵਸਤਾਈਨੂ ਬਿੱਸਬਰੀ ਵਸੱਲਾਤ੦ ਵਾ ਇੰਨਾਹਾ ਲਾਕਬੀਰਾਤੁਨ ਇੱਲਾ ਅਲਲ-ਖ਼ਾਸ਼ਿਈਨ੦ (ਸੂਰਹ ਅਲਬਕਰਾ : 45)**

ਭਾਵ ਰੱਬ ਤੋਂ ਸਹਾਇਤਾ ਮੰਗੋ, ਉਸ ਦੀ ਫ਼ਰਮਾਬਰਦਾਰੀ ਕਰਕੇ ਅਤੇ ਨਮਾਜ਼ ਪੜ੍ਹ ਕੇ। ਬੇਸ਼ੱਕ ਨਮਾਜ਼ ਦੀ ਪਾਬੰਦੀ ਕਰਨਾ ਔਖਾ ਕੰਮ ਹੈ ਪਰ ਖ਼ਾਸ਼ਿਈਨ (ਨਿਮਰਤਾ ਤੇ ਆਜਜ਼ੀ ਕਰਨ ਵਾਲੇ) ਲਈ ਮੁਸ਼ਕਿਲ ਨਹੀਂ ਹੈ ਕਿਉਂਕਿ ਉਹ ਖ਼ੁਦ ਨਮਾਜ਼ ਬਿਨਾਂ ਰਹਿ ਨਹੀਂ ਸਕਦੇ। ਉਨ੍ਹਾਂ ਨੂੰ ਰੱਬ ਦੀ ਦਹਿਸ਼ਤ ਰੋਅਬ ਅਤੇ ਦਬਦਬੇ ਦੇ ਡਰ ਨੇ ਨਿਮਰਤਾ ਪੂਰਵਕ ਤੇ ਪਰਉਪਕਾਰੀ ਬਣਾ ਦਿੱਤਾ ਹੈ। ਉਨ੍ਹਾਂ ਦੇ ਨਫ਼ਸ ਰੱਬ ਦੇ ਵਾਅਦੇ 'ਤੇ ਭਰੋਸਾ ਕਰ ਕੇ, ਉਸ ਦੀ ਫ਼ਰਮਾਬਰਦਾਰੀ ਨੂੰ ਮੰਨ ਕੇ, ਉਸ ਲਈ ਮਿਹਨਤ ਮੁਸ਼ੱਕਤ ਕਰਨ ਵਾਲੇ ਬਣ ਗਏ ਹਨ ਭਾਵ ਇਸ ਨੂੰ ਆਦਤ ਬਣਾ ਲਿਆ ਹੈ। ਅਮਾਨਤ ਦੇ ਅਦਾ ਕਰਨ ਨੂੰ ਉਹ ਖ਼ੁਦ ਗ਼ਨੀਮਤ ਸਮਝਦੇ ਹਨ। ਨਮਾਜ਼ ਉਨ੍ਹਾਂ ਦੀਆਂ ਅੱਖਾਂ ਦੀ ਠੰਡਕ ਅਤੇ ਦਿਲ ਦਾ ਸਕੂਨ ਹੈ। ਦੁੱਖਾਂ ਤਕਲੀਫ਼ਾਂ ਦੇ ਨਿਸ਼ਾਨਾਂ ਨੂੰ ਮਿਟਾਉਣ ਵਾਲੀ, ਰੂਹ ਦੀ ਹਾਜਤ ਤੇ ਹਜ਼ੂਰ-ਏ-ਖ਼ਾਸ ਦਾ ਅਦਬ ਆਦਾਬ, ਮੁਹਬਤ ਤੇ ਸਨੇਹ ਦੀ ਚਾਸ਼ਨੀ ਅਤੇ ਦਿਲ ਦੇ ਬੇਦਾਰ ਹੋਣ ਦਾ ਵਸੀਲਾ ਹੈ। ਸਰ-ਏ-ਖ਼ਫ਼ੀ ਦਾ ਖੁੱਲਣਾ ਜਾਂ ਬੇਦਾਰ ਹੋਣਾ ਇਨਸਾਨੀਅਤ ਦੀ ਮੈਅਰਾਜ ਹੈ।ਫਿਰ ਉਨ੍ਹਾਂ ਉੱਤੇ ਨਮਾਜ਼ ਕਿਉਂ ਭਾਰੀ ਹੋਵੇਗੀ। ਅਸਲ ਵਿਚ ਇਹੋ ਜਿਹੇ ਲੋਕ ਹੀ ਮੋਮਿਨ ਹਨ ਅਤੇ ਇਹਨਾਂ ਹਕੀਕਤ ਪਸੰਦ ਦੋਸਤਾਂ ਦੀ ਨਮਾਜ਼ ਹੀ ਅਸਲ ਨਮਾਜ਼ ਹੈ। ਹੱਕ ਤਆਲਾ ਨੇ ਫ਼ਰਮਾਇਆ ਹੈ:

**ਇਨੱਸਲਾਤਾ ਤਨਹਾ ਆਨਿਲਫ਼ਹਸ਼ਾਇ ਵਲ ਮੁਨਕਿਰ੦**

ਕਿ ਨਮਾਜ਼ ਨਮਾਜ਼ੀ ਨੂੰ ਭੱਦੀਆਂ ਤੇ ਬੁਰੀਆਂ ਗੱਲਾਂ ਤੋਂ ਰੋਕਦੀ ਹੈ ਭਾਵ ਰੱਬ ਨਮਾਜ਼ ਦੀ ਤਾਸੀਰ ਦੀ ਖ਼ਬਰ ਦਿੰਦਾ ਹੈ।

ਵਰਨਣਯੋਗ ਹੈ ਕਿ ਹਜ਼ਰਤ ਮੁਹੰਮਦ (ਸ.) ਦੇ ਸੁਹਾਬੀਆਂ ਵਿਚੋਂ ਇੱਕ

ਅਨਸਾਰੀ ਨੌਜਵਾਨ, ਹਜ਼ਰਤ ਦੇ ਪਿੱਛੇ ਜਮਾਤ ਨਾਲ ਨਮਾਜ਼ ਪੜਿਆ ਕਰਦਾ ਸੀ। ਇਕ ਵਾਰ ਲੋਕਾਂ ਨੇ ਆਪ (ਸ.) ਕੋਲ ਉਸ ਨੌਜਵਾਨ ਦਾ ਹਾਲ ਦੱਸਿਆ ਕਿ ਹਜ਼ਰਤ ਕੋਈ ਗ਼ੁਨਾਹ ਅਜਿਹਾ ਨਹੀਂ ਜੋ ਇਸ ਨੇ ਨਾ ਕੀਤਾ ਹੋਵੇ, ਜਿਸ ਦਾ ਇਹ ਭਾਗੀ ਨਾ ਹੋਵੇ। ਹਜ਼ਰਤ ਨੇ ਸਾਰੀ ਗੱਲ ਸੁਨਣ ਉਪਰੰਤ ਫ਼ਰਮਾਇਆ "ਇੰਨਸਲਾਤਾ ਸਾਤਨਹਾ" ਭਾਵ ਛੇਤੀ ਹੀ ਨਮਾਜ਼ ਇਸ ਨੂੰ ਗੁਨਾਹਾਂ ਤੋਂ ਰੋਕ ਦੇਵੇਗੀ। ਕੁੱਝ ਸਮਾਂ ਬਾਅਦ ਹੀ ਉਸ ਨੌਜਵਾਨ 'ਤੇ ਰੱਬ ਦੀ ਬਖ਼ਸ਼ਿਸ਼ ਹੋਈ ਅਤੇ ਉਸ ਨੇ ਸਾਰੇ ਗੁਨਾਹਾਂ ਤੋਂ ਸੱਚੀ ਤੌਬਾ ਕਰ ਲਈ ਅਤੇ ਰੱਬ ਦੀ ਭਗਤੀ ਕਰਨ ਵਾਲਾ ਪਰਹੇਜ਼ਗਾਰ ਬਣ ਗਿਆ ਤੇ ਫਿਰ ਕਿਸੇ ਗੁਨਾਹ ਵੱਲ ਧਿਆਨ ਨਹੀਂ ਕੀਤਾ।

ਹਜ਼ਰਤ ਅਨਸ ਬਿਨ ਮਾਲਿਕ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ: ਜਿਹੜੇ ਵਿਅਕਤੀ ਨੂੰ ਉਸ ਦੀ ਨਮਾਜ਼ ਬੁਰਾਈਆਂ ਤੋਂ ਨਾ ਰੋਕੇ, ਉਸ ਨੂੰ ਉਸ ਨਮਾਜ਼ ਤੋਂ ਕੁਝ ਵੀ ਪ੍ਰਾਪਤ ਨਹੀਂ ਹੋਇਆ, ਸਿਵਾਏ ਮਿਹਨਤ ਮੁੱਸ਼ਕਤ ਤੋਂ ਭਾਵ ਇੱਜ਼ਤ ਮਾਣ ਤੇ ਖ਼ੂਬੀ ਤਾਂ ਦੂਰ ਦੀ ਗੱਲ, ਨਾ ਪੜ੍ਹਨ ਦੀ ਹਾਲਤ ਵਿਚ ਉਸ ਤੋਂ ਮਿਲਣ ਵਾਲੇ ਦੁੱਖ ਦਰਦ ਦਾ ਭਾਗੀ ਬਣ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਉਸ ਨੇ ਦਿਲ ਲਾ ਕੇ ਨਮਾਜ਼ ਨਹੀਂ ਪੜ੍ਹੀ ਅਤੇ ਜੇਕਰ ਪੜ੍ਹਦਾ ਤਾਂ ਜ਼ਰੂਰ ਇਸ ਦਾ ਅਸਰ ਹੁੰਦਾ। ਇਹੋ ਨਾ-ਕਦਰੀ ਤੇ ਬੇ-ਰਗ਼ਬਤੀ ਉੱਚੇ ਦਰਜੇ ਦੇ ਅਮਲ ਦੀ ਖ਼ੂਬੀ ਨੂੰ ਬਰਬਾਦ ਕਰ ਦਿੰਦੀ ਹੈ ਤੇ ਦੂਰੀ ਅਤੇ ਜੁਦਾਈ ਦਾ ਕਾਰਨ ਬਣਦੀ ਹੈ। ਅੱਲ੍ਹਾ ਤਆਲਾ ਨੇ ਫ਼ਰਮਾਇਆ:

**ਵਮਾ ਉਮਿਰੂ ਇੱਲਾ ਲਿਯਅਬੁਦੁਲੱਾਹਾ ਮੁਖ਼ਲਿਸੀਨਾ ਲਾ-ਹੁੱਦੀਨਾ ਹੁਨਾਫ਼ਾਅ ਵ-ਯੁਕੀਮੁਸੱਲਾਤਾ ਵਯੁਤੁਜ਼ੁਕਾਤਾ ਵਜ਼ਾਲਿਕਾ ਦੀਨੁਲਕੱਈਮਾਤ੦** (ਅਲਬੀਨਤਾ : 5)

ਭਾਵ ਲੋਕਾਂ ਨੂੰ ਕੇਵਲ ਇਹੋ ਕਿਹਾ ਗਿਆ ਹੈ ਕਿ ਨਿਮਰਤਾ ਪੂਰਵਕ, ਝੂਠੇ ਅਕੀਦਿਆਂ ਤੇ ਵਹਿਮਾਂ ਭਰਮਾਂ ਤੋਂ ਮੂੰਹ ਮੋੜ ਕੇ ਆਪਣੇ ਰੱਬ ਦੀ ਇਬਾਦਤ ਕਰਨ। ਨਿਸਚਿਤ ਸਮੇਂ ਤੇ ਨਿਯਮਿਤ ਸ਼ਰਤਾਂ ਅਨੁਸਾਰ ਪੂਰੀ ਆਜਜ਼ੀ ਨਾਲ ਨਮਾਜ਼ ਅਦਾ ਕਰਨ। ਸਮੇਂ ਸਿਰ ਜ਼ੁਕਾਤ ਦੇਣ ਕਿਉਂਕਿ ਇਹੋ ਸੱਚਾ ਅਤੇ ਪੱਕਾ ਦੀਨ ਹੈ। ਫ਼ਰਮਾਇਆ ਕਿ:

**ਅਲਾ- ਲਿੱਲਾਹਿੱਦੀਨੁਲ-ਖ਼ਾਲਿਸ੦**

ਖ਼ਬਰਦਾਰ ਰਹੋ ਕਿ ਰੱਬ ਲਈ ਦੀਨ ਖ਼ਾਲਿਸ ਹੈ। ਖ਼ਾਲਿਸ ਤੋਂ ਭਾਵ ਜਿਸ ਵਿਚ ਕੋਈ ਮਿਲਾਵਟ ਨਾ ਹੋਵੇ, ਹਰ ਪ੍ਰਕਾਰ ਦੇ ਦਿਖਾਵੇ ਤੇ ਨੁਮਾਇਸ਼ ਤੋਂ ਪਾਕ ਹੋਵੇ। ਉਸ ਦੇ ਅੰਦਰ ਤੇ ਬਾਹਰ ਸੰਪੂਰਨ ਸਨੇਹ ਤੇ ਪ੍ਰੇਮ ਨਾਲ ਝੁਕੇ ਹੋਏ ਹੋਣ। ਜੇਕਰ ਇਬਾਦਤ ਤੇ ਭਗਤੀ ਕਰਨ ਵਾਲਾ ਨਿਮਰਤਾ, ਆਜਿਜ਼ੀ ਤੇ ਡਰ ਨਾਲ ਝੁਕ ਕੇ ਸਾਹਿਬ-ਏ-ਇਬਾਦਤ ਭਾਵ ਰੱਬ ਦੇ ਹਜ਼ੂਰ ਪੇਸ਼ ਹੁੰਦਾ ਹੈ ਤਾਂ ਉਸ ਨੂੰ ਨਿਸਚਿਤ ਹੀ ਉਸ ਦਾ ਫ਼ਲ ਮਿਲਦਾ ਹੈ। ਕੁਰਆਨ ਮਜੀਦ ਵਿਚ ਅੰਕਿਤ ਹੈ ਕਿ:

**ਕਦ ਅਫ਼ਲਾਹਲ ਮੋਅਮਿਨੂਨ੦ ਅੱਲਾਜ਼ੀਨਾ ਹੁਮ ਫ਼ੀ ਸਲਾਤਿਹਿਮ ਖ਼ਾਸ਼ਿਊਨ੦ ਅਲਖ ਅਲਆਯਾ** (ਸੂਰਹ ਅਲ ਮੋਮਿਨੂਨ : 1 ਤੋਂ 2 ਤੱਕ)

ਬੇਸ਼ਕ ਖ਼ਲਾਸੀ ਪਾ ਗਏ ਅਤੇ ਸਫ਼ਲ ਹੋਏ ਉਹ ਮੋਮਿਨ ਜਿਹੜੇ ਆਪਣੀ ਨਮਾਜ਼ ਵਿਚ ਆਜਿਜ਼ੀ ਕਰਦੇ ਹਨ।

ਖ਼ੁਸ਼ੂਅ (ਆਜਿਜ਼ੀ) ਤੋਂ ਭਾਵ ਹੈ ਅਲੱਾਹ ਤਆਲਾ ਦੀ ਵੱਡਿਆਈ, ਬਜ਼ੁਰਗੀ, ਰੋਅਬ ਅਤੇ ਦਬਦਬੇ ਤੋਂ ਡਰਨਾ ਅਤੇ ਆਪਣੀ ਆਜਿਜ਼ ਤੇ ਬੇਬਸੀ ਉੱਤੇ ਸ਼ਰਮ ਕਰਨਾ ਕਿ ਉਹ ਆਪਣੇ ਮਾਲਿਕ-ਏ-ਹਕੀਕੀ ਦੀਆਂ ਨੇਅਮਤਾਂ ਤੇ ਬਖ਼ਸ਼ਿਸ਼ਾਂ ਦਾ ਹੱਕ ਅਦਾ ਨਹੀਂ ਕਰ ਸਕਦਾ। ਇਸ ਲਈ ਜ਼ਰੂਰੀ ਹੈ ਕਿ ਉਹ ਆਪਣੇ ਮਾਲਿਕ ਦੇ ਪਿਆਰ ਤੇ ਸਤਿਕਾਰ ਵਿਚ ਆਪਣੇ ਆਪ ਨੂੰ ਭੁਲਾ ਦੇਵੇ ਅਤੇ ਕੇਵਲ ਰੱਬ ਤੋਂ ਬਿਨਾਂ ਬਾਕੀ ਸਭ ਨਾਲ ਨਾਲੋਂ ਸੰਬੰਧ ਤੋੜ ਦੇਵੇ, ਬਾਤਿਨ ਦੇ ਸ਼ੈਤਾਨੀ ਵਸਵਸਿਆਂ ਅਤੇ ਮੈਂ ਨੂੰ ਖ਼ਤਮ ਕਰ ਦੇਵੇ ਅਤੇ ਰੱਬ ਦੀ ਇਬਾਦਤ ਵਿਚ ਐਨਾ ਲੀਨ ਹੋ ਜਾਵੇ ਕਿ ਆਪਣੇ ਆਪ ਨੂੰ ਭੁੱਲ ਜਾਵੇ। ਹਰ ਪ੍ਰਕਾਰ ਦੀਆਂ ਤਾਰੀਫ਼ਾਂ, ਹਮਦਾਂ ਤੇ ਪ੍ਰਸ਼ੰਸਾਵਾਂ ਦਾ ਧੁਰਾ ਉਸ ਅਜ਼ੀਮ ਰੱਬ ਦੀ ਬਾਰਗਾਹ ਨੂੰ ਸਮਝੇ ਅਤੇ ਕਿਸੇ ਪ੍ਰਕਾਰ ਦੇ ਗੁਣ ਆਪਣੀ ਜ਼ਾਤ ਨਾਲ ਸਬੰਧਤ ਨਾ ਕਰੇ।

**ਕਮਾ ਸਰਹ ਬਿਲਮਹੱਕਿਕੂਨ੦** ਬੱਸ ਜਿਸ ਨੇ ਨਮਾਜ਼ ਵਿਚ ਆਜਜ਼ੀ ਦੀ ਦਾਤਿ ਪਾਈ ਉਹ ਹੀ ਇਨਸਾਨੀਅਤ ਦੇ ਸਿਖਰ ਉੱਤੇ ਪਹੁੰਚ ਗਿਆ ਅਤੇ ਨਮਾਜ਼ ਦੀ ਤਾਸੀਰ ਨਾਲ ਉਸ ਦੀ ਰੂਹਾਨੀਅਤ ਦਾ ਨੂਰ ਪੂਰੀ ਤਰ੍ਹਾਂ ਰੌਸ਼ਨ ਹੋ ਗਿਆ। ਅਖ਼ਲਾਕੀ ਤੇ ਸਦਾਚਾਰਕ ਬੁਰਾਈਆਂ ਤੋਂ ਪਾਕ ਸਾਫ਼ ਹੋ ਕੇ ਉਹ ਅਖ਼ਲਾਕ ਦੇ ਸਭ ਤੋਂ ਉੱਚੇ ਦਰਜੇ ਦਾ ਧਾਰਨੀ ਤੇ ਭਾਗੀ ਬਣ ਗਿਆ। ਉਸ ਪੁਰ ਨੂਰ ਹਸਤੀ ਭਾਵ ਰੱਬ ਦੇ ਇਸ਼ਕ ਦੀ ਗਰਮੀ ਨੇ ਉਸ ਦੀ ਖ਼ੁਦ ਪਸੰਦੀ ਤੇ ਘੁਮੰਡ ਦੇ ਖ਼ਿਰਮਨ ਨੂੰ ਜਲਾ ਦਿੱਤਾ, ਉਸ ਨੇ ਆਉਣ ਵਾਲੇ ਕੱਲ ਦੇ ਵਾਅਦੇ ਨੂੰ ਮੌਜੂਦਾ ਸਮੇਂ ਵਿਚ ਨਕਦ ਸਮਝਿਆ ਅਤੇ ਫੇਰ ਉਸ ਦਾ ਹਾਲ ਇਬਾਰਤਾਂ ਤੇ ਇਸ਼ਾਰਿਆਂ ਦੇ ਇਜ਼ਹਾਰ ਵਿਚੋਂ ਵੀ ਲੰਘਿਆ।

**ਅਲੱ ਹੁੱਮਾ ਅਰਜ਼ਕਨਾਹਾ ਵੱਲਅਖ਼ਵਾਨਿਨਾ੦**

ਦੇਖੋ ਇਸ ਆਇਤ ਵਿਚ ਅਲੱਾਹ ਤਆਲਾ ਨੇ ਮੋਮਿਨਾਂ ਦੀ ਖ਼ਲਾਸੀ ਨੂੰ ਉਨ੍ਹਾਂ ਦੀ ਨਮਾਜ਼ ਵਿਚ ਪਾਈ ਜਾਣ ਵਾਲੀ ਨਿਮਰਤਾ ਕਾਰਨ ਪ੍ਰਵਾਨ ਕੀਤਾ। ਸੋ ਜਿਨ੍ਹਾਂ ਉਸੂਲ ਪਰਸਤ ਲੋਕਾਂ ਦੇ ਉਸੂਲਾਂ ਅਨੁਸਾਰ ਗ਼ੈਰ ਮੁਕੱਯਦ ਨੂੰ ਮੁਕੱਯਦ ਤੇ ਲੱਦ ਦਿੱਤਾ ਜਾਂਦਾ ਹੈ, ਜਿੱਥੇ ਨਮਾਜ਼ ਦੇ ਜ਼ਿਕਰ ਨੂੰ, ਜਿਸ ਤੋਂ ਬਿਹਤਰੀ ਜਾਂ ਫ਼ਲਾਹ ਦਰਕਾਰ ਹੈ, ਗ਼ੈਰ ਮੁਕਯੱਦ ਪਾਇਆ ਜਾਵੇ, ਉਨ੍ਹਾਂ ਦੇ ਗ਼ੈਰ ਦੇ ਨਜ਼ਦੀਕ ਵੀ ਲੋੜ ਅਨੁਸਾਰ ਨਮਾਜ਼ ਵਿਚ ਆਜਿਜ਼ੀ ਕਰਨਾ ਖ਼ੁਦ ਨਾਜ਼ਿਰ-ਏ-ਤਕਯੱਦ ਲਈ ਗ਼ੈਰ ਮੁਕੱਯਦ ਦਾ ਭਾਗੀ ਬਨਣਾ ਹੈ।

ਇਹ ਗੱਲ ਪ੍ਰਮਾਣਿਤ ਹੈ ਕਿ ਨਿਮਰਤਾ ਤੇ ਆਜਿਜ਼ੀ ਰਹਿਤ ਨਮਾਜ਼ ਉਸ ਮਾਲਿਕ-ਏ-ਹੱਕ ਦੇ ਸ਼ਾਯਾਨ-ਏ-ਸ਼ਾਨ ਨਹੀਂ। ਰੱਬ ਦੇ ਫ਼ਜ਼ਲ ਤੇ ਰਹਿਮਤ ਸਦਕਾ ਹੀ ਹਰ ਬੇਸਮਝ ਨੂੰ ਅਮਨ ਤੇ ਚੈਨ ਪ੍ਰਾਪਤ ਹੋ ਸਕਦਾ ਹੈ। ਬੇਸ਼ਕ ਭੁੱਲੇ ਭਟਕੇ ਨਮਾਜ਼ੀ ਨੂੰ ਇਸ ਦਾ ਅਸਲ ਲਾਭ ਪ੍ਰਾਪਤ ਨਹੀਂ ਹੁੰਦਾ।

**ਇੱਲਾ ਮਾਸ਼ਾਅਲੱਾਹ ਵ-ਮਤਲੂਬਨਾ ਅਫ਼ੂਹ ਅਲੱਾਹੁਮ ਅਰਨਾ ਹਕਾਇਕ-ਉਲ-ਅਸ਼ੀਆ ਕਮਾ ਹੀ੦**

ਨਮਾਜ਼ ਸਾਰੀਆਂ ਇਬਾਦਤਾਂ ਦੀ ਜੜ੍ਹ ਹੈ। ਇਬਾਦਤ ਵਿਚ ਪਰਉਪਕਾਰੀ, ਫ਼ਰਮਾਬਰਦਾਰੀ, ਅਰਦਾਸ, ਤੌਹੀਦ (ਰੱਬ ਨੂੰ ਇਕ ਮੰਨ ਕੇ ਇਬਾਦਤ ਕਰਨਾ)

ਅਤੇ ਮਆਰਫ਼ਤ ਸ਼ਾਮਿਲ ਹਨ ਅਤੇ ਇਹ ਵੀ ਜ਼ਰੂਰੀ ਹੈ ਕਿ ਇਹ ਸਭ ਕੁਝ ਜ਼ਾਹਿਰ ਤੇ ਬਾਤਿਨ ਤੋਂ ਹੋਵੇ। ਬੱਸ ਜੇਕਰ ਜ਼ਾਹਿਰ, ਬਾਤਿਨ ਅਨੁਸਾਰ ਹੈ ਅਤੇ ਬਾਤਿਨ ਪੂਰੀ ਸੱਚਾਈ ਤੇ ਈਮਾਨਦਾਰੀ ਨਾਲ ਜ਼ਾਹਿਰ ਅਨੁਕੂਲ ਹੈ ਤਾਂ ਫ਼ਰਮਾਬਰਦਾਰੀ ਹੈ ਵਰਨਾ ਰੌਸ਼ਨੀਆਂ ਤੇ ਇਸ਼ਾਰਿਆਂ ਨਾਲ ਨੇਕ ਤੇ ਪਾਰਖੂ ਲੋਕਾਂ ਨੂੰ ਧੋਖਾ ਦਿੱਤਾ ਜਾਣਾ ਸੰਭਵ ਨਹੀਂ। ਦੂਆ, ਤੌਹੀਦ ਅਤੇ ਮਆਰਫ਼ਤ ਸਬੰਧੀ ਜਾਣ ਲੈਣਾ ਚਾਹੀਦਾ ਹੈ ਕਿ ਇਹ ਕੇਵਲ ਜਿਸਮਾਨੀ ਕਸਰਤ ਨਹੀਂ। ਇਬਾਦਤ ਦੇ ਵੱਖ-ਵੱਖ ਦਰਜਿਆਂ ਉੱਤੇ ਨਮਾਜ਼ ਹਾਵੀ ਹੈ ਜੋ ਕਿ ਆਇਤ

**ਵਮਾ ਖ਼ਲਕਤੁਲ ਜਿੰਨਾ ਵਲ-ਇਨਸਾ ਇੱਲਾ ਲਿਯਾਅਬੁਦੂਨ੦** (ਸੂਰਹ ਅਲਜ਼ਾਰਿਆਤ: 56)

ਦੇ ਅਖ਼ੀਰਲੇ ਕਲਮੇ ਦੀ ਵਿਆਖਿਆ ਬਾਈ ਲਾਯਅਰਿਫ਼ੂਨ੦ ਕਰਦੇ ਹਨ, ਤੋਂ ਭਾਵ ਹੈ ਕਿ ਸਾਰੇ ਦਰਜਿਆਂ ਦਾ ਗੁੱਝਾ ਅਧਿਐਨ ਕੀਤਾ ਜਾਵੇ ਕਿਉਂਕਿ ਮਾਅਰਫ਼ਤ (ਰੱਬ ਨੂੰ ਪਹਿਚਾਨਣਾ) ਨੂੰ ਆਪਣੇ ਲਈ ਜ਼ਰੂਰੀ ਕਰਨਾ ਵੀ ਇਬਾਦਤ ਦੀਆਂ ਕਿਸਮਾਂ ਵਿਚੋਂ ਇਕ ਕਿਸਮ ਹੈ ਅਤੇ ਅਮਲ ਇਬਾਦਤ ਦੀ ਅਸਲ ਰੂਹ ਹੈ, ਜਦੋਂ ਬੰਦਗੀ ਵਿਚੋਂ ਇਹੋ ਹੀ ਗ਼ਾਇਬ ਹੈ ਤਾਂ ਇਹ ਦਿਖਾਵਾ ਤੇ ਬਣਾਵਟ ਬੇਕਾਰ ਹੈ। ਇਬਾਦਤ ਅਤੇ ਮਾਅਰਫ਼ਤ ਅਸਲ ਵਿਚ ਇਕੋ ਹੀ ਚੀਜ਼ ਹੈ। ਜੇਕਰ ਮਾਅਰਫ਼ਤ ਨਹੀਂ ਹੋਵੇਗੀ ਤਾਂ ਇਬਾਦਤ ਵੀ ਨਹੀਂ ਹੋਵੇਗੀ। ਹਦੀਸ ਸ਼ਰੀਫ਼ ਵਿਚ ਲਿਖਿਆ ਹੈ:

**ਇੰਨੱਲਾਹਾ ਲਾ ਯਨਜ਼ੁਰੁ ਇਲਾ ਸੁਵਰਿਕੁਮ ਵ-ਆਮਾਲਿਕੁਮ ਵਲਾ ਕਿਨੀਯਨਜ਼ੁਰੁ ਇਲਾ ਕੁਲੂਬਿਕੁਮ ਵ-ਨਿੱਯਾਤਿਕੁਮ੦**

ਰੱਬ, ਕੇਵਲ ਤੁਹਾਡੀਆਂ ਸ਼ਕਲਾਂ ਅਤੇ ਅਮਲਾਂ ਨੂੰ ਹੀ ਨਹੀਂ ਵੇਖਦਾ ਸਗੋਂ ਤੁਹਾਡੇ ਦਿਲਾਂ ਅਤੇ ਨੀਅਤਾਂ ਨੂੰ ਵੀ ਵੇਖਦਾ ਹੈ।

ਭਾਵ ਜੇਕਰ ਬਾਹਰੀ ਅਮਲ ਦਿਲ ਦੀ ਮਨਸ਼ਾ ਤੇ ਨੇਕ ਨੀਤੀ ਨਾਲ ਕੀਤੇ ਹਨ ਤਾਂ ਸਵੀਕਾਰ ਹਨ, ਵਰਨਾ ਨਹੀਂ। ਇਸ ਲਈ ਦਿਖਾਵੇ ਵਾਲੇ ਅਮਲਾਂ ਦਾ ਭਰੋਸਾ ਨਹੀਂ। ਜ਼ਾਹਰੀ ਅਮਲ ਤਾਂ ਹੀ ਕਬੂਲ ਹੋਵੇਗਾ ਜੇਕਰ ਦਿਲ ਅਤੇ ਨੀਅਤ ਵਿਚ ਤਾਲਮੇਲ ਹੋਵੇਗਾ। ਜਦੋਂ ਦਿਲ ਇੱਧਰ-ਉੱਧਰ ਘੁੰਮਦਾ ਫਿਰਦਾ ਹੈ ਅਤੇ ਸਰੀਰ ਨਮਾਜ਼ ਪੜ੍ਹਦਾ ਰਹਿੰਦਾ ਹੈ ਤਾਂ ਹਦੀਸ ਦੀ ਦਲੀਲ ਅਤੇ ਤਰਕ ਅਨੁਸਾਰ ਇਹ ਨਮਾਜ਼ ਕਬੂਲ ਨਹੀਂ ਹੋਵੇਗੀ। ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ:

**ਲਾ ਯਕਬੱਲਲਾਹੁ ਸਲਾਵਾਤਾ ਇਮਰੀ ਇੱਲਾ ਲਾਯਸ਼ਹਾਦੂ ਫ਼ੀਹਾ ਕਲਬੁ ਕਮਾ ਯਸ਼ਹਦੁ ਬਦਾਨੁਹੂ੦**

ਰੱਬ ਉਸ ਵਿਅਕਤੀ ਦੀ ਨਮਾਜ਼ ਕਬੂਲ ਨਹੀਂ ਕਰਦਾ ਜਿਸ ਦਾ ਦਿਲ ਨਮਾਜ਼ ਵਿੱਚ ਹਾਜ਼ਿਰ ਨਾ ਹੋਵੇ ਜਿਵੇਂ ਉਸ ਦਾ ਸਰੀਰ ਹਾਜ਼ਿਰ ਹੈ।

**ਵ-ਅਨੱਰਜੁਲਾ ਅਲੱਸਲਾਤਿ ਦਾਇਮੁਨ ਵਲਾ ਯੁਕਤਾਬੁ ਲਾਹੁ ਉਸ਼ੁਰੁਹਾ ਇਜ਼ਾ ਕਾਨਾ ਕਲਬੁਹੂ ਸਾਹਿਯਲੱਾਹਿ੦**

ਬੇਸ਼ਕ ਕੋਈ ਵਿਅਕਤੀ ਸਾਰੀ ਉਮਰ ਨਮਾਜ਼ ਪੜ੍ਹਦਾ ਹੈ ਪਰੰਤੂ ਉਸ ਦੇ ਅਮਲਾਂ ਦੇ ਖਾਤੇ ਵਿਚ ਨਮਾਜ਼ ਦੇ ਦਸਵੇਂ ਹਿੱਸੇ ਜਿੰਨਾਂ ਵੀ ਸਵਾਬ ਨਹੀਂ

ਲਿਖਿਆ ਜਾਂਦਾ ਕਿਉਂਕਿ ਉਸ ਦਾ ਦਿਲ ਭਟਕਿਆ ਹੋਇਆ ਸੀ। ਅਤੇ ਫ਼ਰਮਾਇਆ:

**ਲਾ ਸਲਾਤਾ ਇੱਲਾ ਬਿਹੁਜ਼ੂਰਿਲ ਕਲਬ੦**

ਭਾਵ ਦਿਲ ਦੇ ਹਜ਼ੂਰ ਬਿਨਾਂ ਨਮਾਜ਼ ਨਹੀਂ ਹੁੰਦੀ।

ਇਸ ਦੀ ਵਿਆਖਿਆ ਵਿਚ ਕਿਹਾ ਜਾਂਦਾ ਹੈ ਕਿ ਇੱਥੇ ਅਸਲ ਨਮਾਜ਼ ਦੀ ਨਫ਼ੀ ਨਹੀਂ ਸਗੋਂ ਕਮਾਲ ਦੀ ਨਫ਼ੀ ਹੈ। ਇਕਰਾਰ ਕਰਨ ਵਾਲੇ ਤੋਂ ਪੁੱਛਿਆ ਜਾਂਦਾ ਹੈ ਕਿ ਕਿਸ ਦਰਜੇ ਦੇ ਕਮਾਲ ਦੀ ਨਫ਼ੀ ਕਰਦਾ ਹੈ? ਬੱਸ ਜੇਕਰ ਉਹ ਕਹੇ ਕਿ ਮਾਬਹ ਅਲ-ਅਮਰ (ਹੁਕਮ ਅਨੁਸਾਰ) ਅਦਾ ਹੋਇਆ, ਫ਼ਜ਼ੀਲਤ ਤੋਂ ਜਾਣੂ ਨਾ ਹੋ ਸਕਿਆ ਤਾਂ ਇਸ ਦਾ ਸਬੂਤ ਕਹਿਣ ਵਾਲੇ ਜ਼ਿੰਮੇ ਹੈ। ਨਮਾਜ਼ ਦਾ ਮੁੱਖ ਮੰਤਵ ਰੱਬ ਦੇ ਹੁਕਮ ਨੂੰ ਪੂਰਾ ਕਰਨਾ ਹੈ। ਇਸ ਲਈ ਨਾ ਇਸ ਦੀ ਹਕੀਕਤ ਉੱਤੇ ਨਫ਼ੀ ਅੰਕਿਤ ਹੋਈ ਨਾ ਇਸ ਦੀ ਵਾਧੂ ਸਿਫ਼ਤ ਉੱਤੇ।

ਹਜ਼ਰਤ ਨੇ ਇਹ ਵੀ ਫ਼ਰਮਾਇਆ ਹੈ ਕਿ ਕਈ ਲੋਕਾਂ ਨੂੰ ਨਮਾਜ਼ ਤੋਂ ਰੰਜ ਅਤੇ ਦੁੱਖ ਤੋਂ ਬਿਨਾਂ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ। ਫ਼ੇਰ ਇੱਥੇ ਰੱਬ ਦੇ ਹੁਕਮ ਅਨੁਸਾਰ ਅਦਾ ਹੋਣਾ, ਦੁੱਖ ਅਤੇ ਦਰਦ ਕਿਵੇਂ ਹੋ ਸਕਦਾ ਹੈ? ਬੱਸ ਜੇਕਰ ਇਹ ਕਿਹਾ ਜਾਵੇ ਕਿ ਇਹ ਮੁਨਾਫ਼ਿਕਾਂ ਦੇ ਹੱਕ ਵਿਚ ਹੈ ਤਾਂ ਇਸ ਖ਼ਾਸੀਅਤ ਦਾ ਸਬੂਤ ਵੀ ਕਹਿਣ ਵਾਲੇ ਜ਼ਿੰਮੇ ਹੈ। ਹਜ਼ਰਤ ਸੁਫ਼ਿਆਨ ਸੋਰੀ (ਰਹਿ.) ਦਾ ਧਰਮ ਇਹ ਹੈ ਕਿ ਨਿਮਰਤਾ ਤੇ ਆਜਿਜ਼ੀ ਤੋਂ ਬਿਨਾਂ ਨਮਾਜ਼ ਬਿਲਕੁਲ ਵੀ ਜਾਇਜ਼ ਨਹੀਂ। ਹਜ਼ਰਤ ਹਸਨ ਬਸਰੀ (ਰਹਿ.) ਫ਼ਰਮਾਉਂਦੇ ਹਨ ਜਿਸ ਨਮਾਜ਼ ਵਿਚ ਦਿਲ ਹਾਜ਼ਿਰ ਨਾ ਹੋਵੇ ਉਹ ਦੁੱਖ ਜਾਂ ਅਜ਼ਾਬ ਦੇ ਬਹੁਤ ਨੇੜੇ ਹੈ।

ਇੱਕ ਬੰਦਾ ਮਾਲਿਕ ਦੀ ਸੇਵਾ ਵਿਚ ਬਿਲਕੁਲ ਵੀ ਹਾਜ਼ਿਰ ਨਹੀਂ ਹੋਇਆ ਅਤੇ ਆਪਣੀ ਇਸ ਕਮੀ 'ਤੇ ਸ਼ਰਮਿੰਦਾ ਹੈ ਅਤੇ ਇਕ ਬੰਦਾ ਹਾਜ਼ਿਰ ਤਾਂ ਹੋਇਆ ਪਰ ਸੱਚੇ ਦਿਲੋਂ ਖ਼ਿਦਮਤ ਗੁਜ਼ਾਰੀ ਨਾ ਕੀਤੀ, ਹੁਕਮ ਮੰਨਣ ਵੱਲ ਧਿਆਨ ਨਾ ਦਿੱਤਾ ਅਤੇ ਆਪਣੇ ਮਾਲਿਕ ਦੀ ਸ਼ਾਨ ਤੇ ਜਲਾਲ ਤੋਂ ਡਰਿਆ ਨਹੀਂ, ਉਸ ਦੀ ਮਹਾਨਤਾ ਤੇ ਬਜ਼ੁਰਗੀ ਉੱਤੇ ਝਾਤ ਨਹੀਂ ਪਾਈ, ਉਸ ਦੀਆਂ ਬਖ਼ਸ਼ਿਸ਼ਾਂ ਤੇ ਨੇਅਮਤਾਂ ਦੀ ਕਦਰਦਾਨੀ ਕਰਨ ਵਿਚ ਸੁਸਤ ਰਿਹਾ ਅਤੇ ਅਸਲ ਖ਼ਿਦਮਤ ਅਤੇ ਕਾਰਗੁਜ਼ਾਰੀ ਦੀ ਹਕੀਕਤ ਨੂੰ ਨਾ ਸਮਝਿਆ ਅਤੇ ਫੇਰ ਇਹਨਾਂ ਕਮੀਆਂ ਦੇ ਬਾਵਜੂਦ ਆਪਣੇ ਆਪ ਨੂੰ ਹੱਕ ਸੱਚ 'ਤੇ ਚੱਲਣ ਵਾਲਾ ਸਮਝਿਆ। ਸ਼ਾਇਦ ਅਜਿਹੇ ਹਾਜ਼ਿਰ ਗ਼ਾਫ਼ਿਲ ਉੱਤੇ ਗ਼ੈਰ ਹਾਜ਼ਿਰ ਸ਼ਰਮਿੰਦਾ ਹੋਣ ਵਾਲੇ ਦੀ ਨਿਸਬਤ ਜ਼ਿਆਦਾ ਅਜ਼ਾਬ ਹੋਵੇ। ਅੱਲਾਹ ਤਆਲਾ ਨੇ ਫ਼ਰਮਾਇਆ **ਆਕਿਮਿੱਸਲਾਤਾ ਲਿਜ਼ਿਕਰੀ੦** (ਸੂਰਹ ਤਾਹਾ : 14)

ਮੈਨੂੰ ਯਾਦ ਕਰਨ ਲਈ ਨਮਾਜ਼ ਪੜ੍ਹਿਆ ਕਰੋ, ਕਿ ਨਮਾਜ਼ ਤੋਂ ਭਾਵ ਰੱਬ ਨੂੰ ਯਾਦ ਕਰਨਾ ਹੈ। ਜੇਕਰ ਰੱਬ ਨੂੰ ਯਾਦ ਹੀ ਨਾ ਕੀਤਾ ਤਾਂ ਨਮਾਜ਼ ਕਿਸ ਕੰਮ ਦੀ? ਹਜ਼ਰਤ ਮੁਆਜ਼ ਬਿਨ ਜਬਲ (ਰਜ਼ੀ.) ਫ਼ਰਮਾਉਂਦੇ ਹਨ ਕਿ ਜਦੋਂ ਨਮਾਜ਼ੀ ਦਾ ਧਿਆਨ ਇੰਨ੍ਹਾਂ ਹੋਵੇ ਕਿ ਆਪਣੇ ਸੱਜੇ-ਖੱਬੇ ਦੇ ਆਦਮੀ ਨੂੰ ਪਹਿਚਾਨ ਲਵੇ ਤਾਂ ਉਸ ਦੀ ਨਮਾਜ਼ ਨਹੀਂ ਹੁੰਦੀ। ਸਮਝਦਾਰ ਵਿਅਕਤੀ ਨੂੰ ਤਾਂ ਇਹਨਾਂ

ਆਇਤਾਂ, ਹਦੀਸਾਂ ਅਤੇ ਮਸ਼ਾਇਖ਼ ਦੇ ਕੌਲਾਂ ਵਿਚੋਂ ਇਕ ਹੀ ਕਾਫ਼ੀ ਹੈ ਪਰ ਜਿਹੜਾ ਵਿਅਕਤੀ ਆਪਣੇ ਨਫ਼ਸ ਦੇ ਪਿੱਛੇ ਚਲੱਦਾ ਹੈ ਉਹ ਕਦੇ ਵੀ ਸਮਝਣ ਵਾਲਾ ਨਹੀਂ ਉਲਟਾ ਆਪਣੀਆਂ ਘਟੀਆ ਤੇ ਮਾੜੀਆਂ ਗੱਲਾਂ ਕਰ ਕੇ ਦੁਤਕਾਰ ਦਿੱਤੇ ਜਾਣ ਦੇ ਕਾਬਿਲ ਹੋਵੇਗਾ।

ਦੀਨ ਦੇ ਇਮਾਮਾਂ ਦਾ ਫ਼ਤਵਾ ਹੈ ਕਿ ਜਦੋਂ ਨਮਾਜ਼ ਦੇ ਆਰੰਭ ਵਿਚ ਨੀਅਤ ਕਰਨ ਵੇਲੇ ਨਮਾਜ਼ੀ ਦਾ ਦਿਲ ਹਾਜ਼ਿਰ ਹੋਵੇ ਤਾਂ ਉਸਦੀ ਨਮਾਜ਼ ਸ਼ੁੱਧ ਤੇ ਸਹੀ ਹੈ ਭਾਵੇਂ ਬਾਕੀ ਦੀ ਨਮਾਜ਼ ਵਿਚ ਮਨ ਦੂਜੇ ਖ਼ਿਆਲਾਂ ਵਿਚ ਚਲਿਆ ਜਾਵੇ। ਅਜਿਹੀ ਸਥਿਤੀ ਵਿਚ ਇਤਰਾਜ਼ ਨੂੰ ਸਵੀਕਾਰ ਕਰਦੇ ਹੋਏ ਸੋਚੇ ਕਿ ਹਦੀਸਾਂ ਅਨੁਸਾਰ ਨਮਾਜ਼ੀਆਂ ਦਾ ਹਾਲ ਵੱਖ-ਵੱਖ ਪਾਇਆ ਗਿਆ ਹੈ। ਕੁਝ ਦੀ ਨਮਾਜ਼ ਕੇਵਲ ਦੂਰੀ ਦਾ ਕਾਰਨ ਬਣਦੀ ਹੈ, ਜਿਸ ਤਰ੍ਹਾਂ ਕਿ ਪਿੱਛੇ ਦੱਸਿਆ ਗਿਆ ਅਤੇ ਕੁਝ ਨੂੰ ਸਿਰਫ਼ ਦੁੱਖ ਅਤੇ ਇਸ ਉੱਤੇ ਨਮਾਜ਼ ਅਦਾ ਕਰਨ ਦੀ ਮਸ਼ੱਕਤ। ਕੁਝ ਹਦੀਸਾਂ ਵਿਚ ਅੰਕਿਤ ਹੈ ਕਿ ਨਮਾਜ਼ੀ, ਨਮਾਜ਼ ਦੇ ਛੇਵੇਂ, ਦਸਵੇਂ ਹਿੱਸੇ ਆਦਿ ਦਾ ਸਵਾਬ ਪ੍ਰਾਪਤ ਕਰਦਾ ਹੈ। ਸੋ ਇਸ ਦਲੀਲ ਤੋਂ ਇਹੋ ਸਮਝ ਆਉਂਦਾ ਹੈ ਕਿ ਅਸਲ ਨਮਾਜ਼ ਵਿਚ ਦਿਲ ਇੱਧਰ ਉੱਧਰ ਨਹੀਂ ਭੱਟਕਦਾ ਸਗੋਂ ਰੱਬ ਦੇ ਹਜ਼ੂਰ ਹਾਜ਼ਿਰ ਰਹਿੰਦਾ ਹੈ। ਜਿੰਨਾ ਨਮਾਜ਼ ਵਿਚ ਦਿਲ ਹਾਜ਼ਿਰ ਰਿਹਾ, ਉੰਨੀ ਹੀ ਨਮਾਜ਼ ਹੋਈ, ਬਾਕੀ ਨਹੀਂ। ਸੋ ਦੇਖ ਤੈਨੂੰ ਪੂਰੀ ਨਮਾਜ਼ ਪੜ੍ਹਨ ਦਾ ਹੁਕਮ ਦਿੱਤਾ ਗਿਆ ਹੈ ਜਾਂ ਇਸ ਦੇ ਕੁਝ ਹਿੱਸੇ ਦਾ? ਅਫ਼ਸੋਸ ਨਮਾਜ਼ੀ ਨੇ ਜੰਨਤ ਦਾ ਦਰਵਾਜ਼ਾ ਵੇਖਿਆ ਪਰ ਉਸ ਵਿਚ ਪ੍ਰਵੇਸ਼ ਨਾ ਕਰ ਸਕਿਆ। ਫੇਰ ਆਪਣਾ ਨਾਂ ਵੀ ਜੰਨਤੀ ਰੱਖ ਲਿਆ। ਫੇਰ ਇਹ ਵੀ ਕਿ ਜਿਨਾਂ ਦੇ ਦਿਲ ਨਮਾਜ਼ ਵਿਚ ਇੱਧਰ ਉੱਧਰ ਭਟਕਦੇ ਫਿਰਦੇ ਹਨ, ਉਨ੍ਹਾਂ ਨੂੰ ਨੀਅਤ ਵੇਲੇ ਵੀ ਪੂਰਨ ਹਜ਼ੂਰ ਕਿੱਥੇ ਨਸੀਬ ਹੁੰਦਾ ਹੈ। ਇਮਾਮ ਹੁਜੱਤੁਲ ਇਸਲਾਮ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਨਮਾਜ਼ ਵਿਚ ਹਜ਼ੂਰ ਪ੍ਰਾਪਤ ਨਹੀਂ ਉਹਨਾਂ ਨੂੰ ਆਪਣੀ ਨਮਾਜ਼ ਤੋਂ ਸਿਰਫ਼ ਇਹ ਲਾਭ ਹੋਇਆ ਕਿ ਉਹਨਾਂ ਦੀਆਂ ਗਰਦਨਾਂ ਇਸਲਾਮ ਦੀ ਤਲਵਾਰ ਤੋਂ ਬਚ ਗਈਆਂ, ਕਤਲ-ਓ-ਗ਼ਾਰਤ ਅਤੇ ਨੁਕਸਾਨ ਤੋਂ ਉਹਨਾਂ ਦੀ ਜਾਨ ਅਤੇ ਮਾਲ ਸੁਰੱਖਿਅਤ ਰਹੇ ਪਰ ਇਹ ਨਮਾਜ਼ ਆਖ਼ਿਰਤ ਵਿਚ ਪੇਸ਼ ਕਰਨ ਯੋਗ ਨਹੀਂ। ਰੱਬ ਦੇ ਪੈਗ਼ਾਮ ਅਨੁਸਾਰ ਜਿਸ ਨੂੰ ਨਮਾਜ਼ ਨੇ ਬੁਰਾਈਆਂ ਤੋਂ ਨਾ ਰੋਕਿਆ ਅਤੇ ਸੱਚੇ ਦਿਲੋਂ ਨਿਮਰਤਾ ਸਹਿਤ ਹੱਕ ਵੱਲ ਨਾ ਝੁਕਾਇਆ, ਉਸ ਨੇ ਅਸਲ ਵਿਚ ਨਮਾਜ਼ ਪੜ੍ਹੀ ਹੀ ਨਹੀਂ।

ਹੱਦ ਤਾਂ ਇਹ ਹੈ ਕਿ ਇਕ ਸੱਚੇ ਮੋਮਿਨ ਅਤੇ ਮੁਨਾਫ਼ਿਕ ਦੀ ਨਮਾਜ਼ ਉਂਝ ਵੇਖਣ ਵਿਚ ਇਕੋ ਜਿਹੀ ਲਗਦੀ ਹੈ ਅਤੇ ਇਸਲਾਮ ਦੇ ਹੁਕਮਾਂ ਨੂੰ ਮੰਨਣ ਵਿਚ ਦੋਵੇਂ ਬਰਾਬਰ ਦਿੱਸਦੇ ਹਨ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਮੋਮਿਨ ਦੀ ਨਮਾਜ਼ ਕਿਵੇਂ ਵਿਸ਼ੇਸ਼ ਹੋਈ। ਜਦੋਂਕਿ ਮੁਨਾਫ਼ਿਕ ਦੀ ਨਮਾਜ਼ ਲਈ ਮਿਲਣ ਵਾਲਾ ਫਲ ਦੋਜ਼ਖ਼ ਦਾ ਇਕ ਵਿਸ਼ੇਸ਼ ਦਰਜਾ ਹੈ ਤਾਂ ਇਸ ਵਿਚ ਖ਼ੂਬੀ ਕੀ? ਜਦੋਂ ਹਰ ਨਮਾਜ਼ ਵਿਚ ਈਮਾਨ ਦੇ ਇਕਰਾਰ ਤੇ ਤਸਦੀਕ ਰਾਹੀ ਵਾਰ-ਵਾਰ ਪੁਸ਼ਟੀ ਹੁੰਦੀ ਰਹੇਗੀ ਤਾਂ ਰੱਬ ਦੇ ਫ਼ਜ਼ਲ ਨਾਲ ਚੰਗੇ ਨਤੀਜੇ ਦੀ ਆਸ ਕੀਤੀ ਜਾ ਸਕਦੀ ਹੈ। ਧਿਆਨ

ਰੱਖਣਾ ਚਾਹੀਦਾ ਹੈ ਕਿ ਸਾਰੀ ਨਮਾਜ਼ ਵਿਚ ਨੀਅਤ ਕਰਦੇ ਸਮੇਂ ਰੱਬ ਦੇ ਹਜ਼ੂਰ ਦਿਲ ਹਾਜ਼ਿਰ ਹੋਣਾ ਚਾਹੀਦਾ ਹੈ ਤਾਂ ਫੇਰ ਬਾਕੀ ਸਿਮਰਨ, ਜ਼ਿਕਰ ਤੇ ਦੂਜੀਆਂ ਇਬਾਦਤਾਂ ਕਿੱਥੇ ਗਈਆਂ? ਇਹਨਾਂ ਇਬਾਦਤਾਂ ਤੇ ਜ਼ਿਕਰਾਂ ਵਿਚ ਕੁਝ ਹੈ ਵੀ ਜਾਂ ਨਹੀਂ? ਨਫ਼ੀ ਸੰਭਵ ਨਹੀਂ, ਅਸਬਾਤ (ਸਬੂਤ) ਦਾ ਇਕਰਾਰ ਕਰਦਾ ਹੈ ਕਿਉਂਕਿ ਦਿਲ ਦਾ ਇਕਰਾਰ ਇਸ 'ਤੇ ਜ਼ਰੂਰੀ ਨਹੀਂ ਸਮਝਦਾ। ਆਜਿਜ਼ੀ ਤੇ ਨਿਮਰਤਾ ਨਾਲ ਪੜ੍ਹੀਆਂ ਗਈਆਂ ਦੋ ਰਕਾਤਾਂ ਹੀ ਗ਼ੁਨਾਹਾਂ ਨੂੰ ਮਿਟਾ ਦਿੰਦੀਆਂ ਹਨ। ਮਿਸ਼ਕਾਤ ਸ਼ਰੀਫ਼ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ ਕਿ ਜੋ ਕੋਈ ਦੋ ਰਕਾਤਾਂ ਪੜ੍ਹੇ ਅਤੇ ਇਹਨਾਂ ਵਿਚ ਸੁਸਤੀ ਨਾ ਕਰੇ ਤਾਂ ਅੱਲਾਹ ਤਆਲਾ ਉਸ ਦੇ ਪਿਛਲੇ ਸਾਰੇ ਗ਼ੁਨਾਹਾਂ ਨੂੰ ਬਖ਼ਸ਼ ਦਿੰਦਾ ਹੈ। ਹਦੀਸ ਸ਼ਰੀਫ਼ ਦੇ ਸ਼ਬਦ ਇਹ ਹਨ:

**ਮਨਸੱਲਾ ਸਜਦਾਤੈਨਿ ਲਾਯਸਹੂ ਫ਼ੀਹਿਮਾ ਗ਼ਫ਼ਰੱਲੁਹੂ ਲਾਹੂ ਮਾ-ਤਕੱਦਾਮਾ ਮਿਨ ਜ਼ੰਬਿਹੀ੦** ਹਜ਼ਰਤ ਅਬਦੁੱਲਾ ਇਬਨ-ਏ-ਅੱਬਾਸ (ਰਜ਼ੀ.) ਨੇ ਫ਼ਰਮਾਇਆ ਕਿ ਧਿਆਨ ਅਤੇ ਸਤਿਕਾਰ ਨਾਲ ਦੋ ਰਕਾਤਾਂ ਦਾ ਪੜ੍ਹਨਾ ਬੇਹਤਰ ਹੈ ਬਜਾਏ ਇਸ ਦੇ ਕਿ ਸਾਰੀ ਰਾਤ ਇਬਾਦਤ ਕਰਦਾ ਰਹੇ, ਪਰ ਸੁਸਤੀ ਤੇ ਕਾਹਲੀ ਨਾਲ।

**ਵਾ ਇਨ ਤੁਬਦੂ ਮਾਫ਼ੀ ਅਨਫ਼ੁਸਿਕੁਮ ਅਵ ਤੁਖ਼ਫ਼ੂਹੁ ਯੁਹਾਸਿਬਕੁਮ ਬਿਹਿੱਲਾ੦** (ਸੂਰਹ ਅਲ ਬਕਰਾ: 284 ਦਾ ਨਜ਼ੂਲ (ਉਤਰਨਾ) **ਲਾ ਯੁਕੱਲਿਫ਼ੁਲਾਹੁ ਨਫ਼ਸਨ ਇੱਲਾ ਵੁਸਆਹਾ੦** (ਸੂਰਹ ਅਲ-ਬਕਰਾ: 286 ਦੇ ਨਜ਼ੂਲ ਨਾਲ ਰੱਦ ਹੋ ਚੁੱਕਿਆ ਹੈ। ਰੱਬ ਦੀ ਯਾਦ ਵਿਚ ਲੀਨ ਨਾ ਹੋਣ ਦਾ ਮੁੱਖ ਕਾਰਨ ਇਨਸਾਨ ਦਾ ਆਪਣੇ ਨਫ਼ਸ ਦੇ ਪਿੱਛੇ ਚੱਲਣਾ ਹੈ। ਨਫ਼ਸ ਨਾਲ ਗੱਲ-ਬਾਤ ਕਰਨ ਦਾ ਸਿਲਸਲਾ ਉਦੋਂ ਤੱਕ ਨਹੀਂ ਰੁਕਦਾ ਜਦੋਂ ਤੱਕ ਇਸ ਨੂੰ ਪੂਰੀ ਤਰ੍ਹਾਂ ਕੱਟ ਨਾ ਦਿੱਤਾ ਜਾਵੇ। ਪਰ ਸਾਰੀ ਨਮਾਜ਼ ਵਿਚ ਆਪਣੇ ਦਿਲ ਦੀ ਨਿਗਰਾਨੀ ਕਰਨਾ ਇਨਸਾਨ ਦੇ ਵੱਸ ਦੀ ਗੱਲ ਨਹੀਂ ਹੈ ਕਿਉਂਕਿ ਇਨਸਾਨ ਆਪਣੀ ਥੋੜ੍ਹੀ ਜਿਹੀ ਤਾਕਤ ਤੱਕ ਹੀ ਸਮਿਤ ਹੈ। ਤਾਂ ਫੇਰ ਕੀ ਉਹ ਨਮਾਜ਼ ਪੜ੍ਹਨਾ ਹੀ ਛੱਡ ਦੇਵੇ?

ਅੱਬੂ ਈਸਾ ਤਿਰਮਜ਼ੀ (ਰਹਿ.) ਫ਼ਰਮਾਉਂਦੇ ਹਨ:

**ਹੱਦਾ ਸਨਾ ਅਬਦੁਬਨੁ ਹੁਮੈਦਿ ਨਾਉਬੈਦੁਲ੍ਹਾਹਿਬਨੁ ਮੂਸਾ ਅਨ ਇਸਰਾਈਲਾ ਅਨਿੱਸੁਦੱਈ ਕ਼ਾਲਾ ਸਨਾ ਮਨ ਸਮਿਆ ਆੱਲੀਯਾ ਯਾਕੂਲ : ਲੰਮਾ ਨਜ਼ਾਲਤ ਹਾਜ਼ਿਹਿਲ ਆਯਾਤੂ (ਇਨ ਤੁਬਦੂ ਮਾ ਫ਼ੀ ਅਨਫ਼ੁਸਿਕੁਮ ਅਵ ਤੁਖ਼ਫ਼ੂਹੁ ਯੁਹਾਸਿਬ ਕੁਮ ਬਿਹਿੱਲਾਹੁ੦ ਫ਼ਾਯਗ਼ਫ਼ਿਰੁ ਲਿਮਈਯਾਸ਼ਾਉ ਵਯੁਅੱਜ਼ੀਬੁ ਮਈਯਾਸ਼ਾਉ)੦ ਅਲਆਯਤ ਅਹਜ਼ਾਨਤਨਾ ਕ਼ਾਲਾ ਕੁਲਨਾ ਯੁਹੱਦਿਸੁ ਅਹਦੁਨਾ ਨਫ਼ਸਾਹੁ ਫ਼ਾਯੁਹਾਸਾਬੁ ਬਿਹੀ ਲਾਯਦਰੀ ਮਾ ਯੁਗ਼ਫ਼ਾਰੁ ਮਿਨਹੁ ਵਮਾਲਾ ਯੁਗ਼ਫ਼ਾਰੁ ਮਿਨਹੁ ਫ਼ਨਜ਼ਾਲਤ ਹਾਜ਼ਿਹਿਲ ਆਯਾਤੁ ਬਅਦਾ ਹਾ ਫ਼ਨਸਖ਼ਤਹਾ (ਲਾ ਯੂਕੱਲਿਫੁਲ੍ਹਾਹੁ ਨਫ਼ਸਨ ਇੱਲਾ ਵੁਸਆਹਾ੦ ਲਾਹਾ ਮਾਕਸਾਬਤ ਵਅਲੈਹਾ ਮਾਕਤਾਸਬਤ (ਸੂਰਹ ਅਲਬਕਰਾ : 286)**

ਐ ਮਾਵਲ ਇਹ ਉਹ ਨਸਖ਼ ਨਹੀਂ ਜੋ ਤੂ ਸਮਝਦਾ ਹੈ। ਇਸ ਹਦੀਸ ਤੇ ਇਸ ਤੋਂ ਬਾਅਦ ਵਾਲੀ ਹਦੀਸ ਦੀ ਘੋਖ ਕਰ, ਦੋਹਾਂ ਦੀ ਇਬਾਰਤ ਇਹੋ ਹੈ।

ਹਦਿਸਨਾ **ਅਬਦ-ਬਿਨ** ਹਮੀਦਨਲਹਸਨ **ਬਿਨ ਮੂਸਾ-ਓ-ਰੂਹ ਬਿਨ** ਉਬਾਦਤ **ਅਨ-ਹਮਾਦ ਬਿਨ ਸਲਮਤ ਅਨ ਅਲੀ ਬਿਨ ਜ਼ੈਦ ਅਨ** ਉਮੀਯਤ **ਅੰਨਾ ਹਾ ਸਾਲਤ** ਆਇਸ਼ਤਾ **ਅਨ** ਕੌਲਿਲ੍ਹਾਹਿ **ਤਬਾਰਾਕਾ ਵ ਤਆਲਾ (ਇਨ ਤੁਬਦੂ ਮਾਫ਼ਿ** ਅਨਫ਼ੁਸਿਕੁਮ ਅਵਤੁਖ਼ਫ਼ੂਹੁ ਯੂਹਾਸਿਬਕੁਮ ਬਿਹਿੱਲਾਹ੦ **(ਸੂਰਹ ਅਲਬਕਰਾ: 284) ਵ-ਅਨ ਕੌਲਿਹੀ** (ਮਈਯਅਮਲ ਸੂਅਨ ਯੂਜਜਾਬਿਹੀ੦) ਫ਼ਕਾਲਤ **: ਮਾਸਾ ਅਲਨੀ ਅਨਹਾ ਅਹਦੁਨ ਮੁਨਜ਼** ਸਾਅਲਤੁ ਰਸੂਲਲੱਾ **ਹੀ** ਸੱਲੱਲਾਹੀ **ਐਲਹਿ ਵ-ਸੱਲਮ ਫ਼ਾਕਾਲਾ ਹਾਜ਼ਿਹੀ੦** ਮੁਆਤਬਤੁਲੱਾਹਿ ਆਮਨਰੱਸੂਲੁ **ਬਿਮਾ** ਉਨਜ਼ਿਲਾ **ਇਲੈਹੀ ਮਿਨ ਰੱਬੀ ਹੀ** ਵਮੁਅਮੀ **ਨੂਨ੦ ਸੂਰਹ ਅਲਬਕਰਾ: 285**

ਯੂਕੱਲੀਫ਼ੁੱਲਾਹੁ **ਨਫ਼ਸਨ ਇੱਲਾ ਵੁਸਆਹਾ ਲਾਹਾ ਮਾਕਸਾਬਤ ਵ ਅਲੈਹਾ ਮਾਕਤਾਸਬਤ੦ ਰੱਬਾਨਾ** ਲਾਤੁਆਖ਼ਿਜ਼ਨਾ ਇੰਨਾਸੀਨਾ **ਅਵ ਅਖ਼ਤਾਨਾ੦ ਰੱਬਾਨਾ ਵਲਾ** ਤੁਹੰਮਿਲ **ਅਲੈਨਾ** ਇਸਰਨ **ਕਮਾ** ਹਮਲਤਾਹੁ ਅਲੱਜ਼ੀਨਾ **ਮਿਨ** ਕਬਲਿਨਾ੦ **ਰੱਬਾ ਵਲਾ** ਤੁਹੰਮਿਲਨਾ **ਮਾਲਾ ਤਾਕਤ** ਲਾਨਾਬਿਹੀ੦ **ਵਾਅਫ਼ੁ ਅੱਨਾ੦** ਵ.ਗ਼ਫ਼ਿਰਲਾਨਾਂ੦ **ਵਰਹਮਨਾ੦ (ਸੂਰਹ ਅਲ ਬਕਰਾ : 286)**

ਜੇਕਰ ਤੂੰ ਇਸ ਤੋਂ ਉਸ ਤਕਲੀਫ਼ ਨੂੰ ਮਿਟਾਉਂਣਾ ਚਾਹੁੰਦਾ ਹੈ ਜਿਸ ਦੀ ਤਾਕਤ ਨਹੀਂ ਰੱਖਦਾ ਤਾਂ ਉਹ ਤਾਂ ਪਹਿਲਾਂ ਹੀ ਤਕਲੀਫ਼ ਦੇਣ ਵਾਲਿਆ ਵਾਸਤੇ ਉਚਿਤ ਨਹੀਂ, ਬੇਸ਼ਕ ਬੰਦਾ ਆਪਣੀ ਤਾਕਤ ਤੱਕ ਹੀ ਸੀਮਤ ਹੈ। ਇਸ ਤੋਂ ਵੱਧ ਕੇ ਕੁੱਝ ਨਹੀਂ ਕਰ ਸਕਦਾ ਅਤੇ ਜਿੱਥੇ ਤੱਕ ਕਰ ਸਕਦਾ ਹੈ ਉਹ ਇਸ ਦੀ ਪਹੁੰਚ ਵਿਚ ਦਾਖ਼ਲ ਹੈ। ਅਸਲ ਗੱਲ ਤਾਂ ਇਹੋ ਹੈ ਕਿ ਸੁਹਾਬਾ ਕਰਾਮ ਆਪਣੇ ਰੱਬ ਦੇ ਹੁਕਮਾਂ ਅੱਗੇ ਸਿਰ ਝੁਕਾ ਦਿੰਦੇ ਸਨ। ਉਸ ਦੇ ਡਰ ਅਤੇ ਖ਼ੌਫ਼ ਅੱਗੇ ਬੇਵੱਸ ਹੋਣ ਦੇ ਕਾਰਨ ਆਪਣੀਆਂ ਖ਼ੁਫ਼ੀਆ ਗੱਲਾਂ ਬਾਰੇ ਪੁੱਛੇ ਜਾਣ ਅਤੇ ਅਜ਼ਾਬ ਹੋਣ ਤੋਂ ਡਰ ਜਾਂਦੇ ਸਨ। ਉਹਨਾਂ ਦੀ ਸੰਤੁਸ਼ਟੀ ਲਈ ਅਗਲੀ ਆਇਤ ਵਿਚ ਪਹਿਲੀ ਆਇਤ ਦੀਆਂ ਕੁੱਝ ਗੁੱਝੀਆਂ ਗੱਲਾਂ ਦੀ ਵਿਆਖਿਆ ਕੀਤੀ ਗਈ ਹੈ ਜਿਸ ਨਾਲ ਉਹਨਾਂ ਦੇ ਦੁੱਖ ਟੁੱਟ ਗਏ ਅਤੇ ਵਾਹੁਕਮ ਅਲਨਜ਼ਰਤ ਉਲ-ਉਲਾ ਲਕਾ-ਓ-ਉਖ਼ਰਾ ਅਲੈਕਾ੦ ਸਮਝ ਗਏ ਕਿ ਜਦੋਂ ਦਿਲ ਵਿਚ ਕੋਈ ਵੱਸਵਸੇ ਵਾਲੀ ਗੱਲ ਆਵੇ ਤਾਂ ਬੰਦੇ ਨੂੰ ਚਾਹੀਦਾ ਹੈ ਕਿ ਇਸ ਝੂਠੇ ਖ਼ਿਆਲ ਨੂੰ ਦੂਰ ਕਰੇ। ਅਜਿਹਾ ਨਾ ਹੋਵੇ ਕਿ ਇਸ ਖ਼ਿਆਲ ਦੀ ਦਿਲ ਵਿਚ ਤਸਵੀਰ ਬਣਾ ਕੇ ਉਸ ਵਿਚ ਹੀ ਉਲਝਿਆ ਰਹੇ ਅਤੇ ਜੇਕਰ ਅਜਿਹਾ ਕਰੇਗਾ ਤਾਂ ਬੇਸ਼ਕ ਜਵਾਬ ਦੇਹ ਹੋਵੇਗਾ ਭਾਵੇਂ ਉਹ ਬਖ਼ਸ਼ਣਹਾਰ ਚਾਹੇ ਤਾਂ ਆਪਣੇ ਫ਼ਜ਼ਲ ਤੇ ਮਿਹਰ ਨਾਲ ਮਾਫ਼ ਕਰ ਦੇਵੇ। ਬੱਸ ਇਸ ਵਿਆਖਿਆ ਨਾਲ ਉਨ੍ਹਾਂ ਦੇ ਦਿਲਾਂ ਦੇ ਦੁੱਖ-ਦਰਦ ਦਾ ਅੰਤ ਹੋਇਆ। ਹਜ਼ਰਤ ਆਇਸ਼ਾ (ਰਜ਼ੀ.) ਦੀ ਹਦੀਸ ਵਿਚ ਜਿਸ ਦੀ ਇਮਾਮ ਤਿਰਮਜ਼ੀ ਤਾਰੀਫ਼ ਕਰਦੇ ਹਨ ਅੰਕਿਤ ਹੈ ਕਿ ਉਸ ਉੱਤੇ ਰੱਬ ਦੇ ਗ਼ੁੱਸੇ

ਦੀ ਚਰਚਾ, ਕੁਰਆਨ ਮਜੀਦ ਦੀਆਂ ਸਪਸ਼ਟ ਆਇਤਾਂ ਨੂੰ ਝੁਠਲਾਉਣਾ ਅਤੇ ਇਸ ਤੋਂ ਪਹਿਲਾਂ ਵਾਲੇ ਹੁਕਮਾਂ ਨੂੰ ਮੰਨਣ ਤੋਂ ਵੀ ਇਹਨਾਂ ਨੂੰ ਰੋਕੀ ਰੱਖਦਾ ਹੈ ਅਤੇ ਇਹੋ ਰੱਬ ਦੇ ਗ਼ੁੱਸੇ ਤੇ ਨਰਾਜ਼ਗੀ ਦਾ ਬਦਲਾ ਹੈ, ਭਾਵੇਂ ਦੁਨੀਆ ਵਿਚ ਹੀ ਗ਼ਰੀਬੀ ਤੇ ਬਦਹਾਲੀ ਆਦਿ ਦੇ ਡਰ ਦੀ ਕੁਠਾਲੀ ਵਿਚ ਕੁੰਦਨ ਬਣ ਕੇ ਨਿਕਲੇ। ਹਜ਼ਰਤ ਇਬਨ-ਏ-ਅਬੱਾਸ ਦੀ ਹਦੀਸ ਦੇ ਅਰਥ ਤੋਂ ਜ਼ਾਹਿਰ ਹੁੰਦਾ ਹੈ ਕਿ ਸੁਹਾਬਾ ਕਰਾਮ ਰਿਜ਼ਵਾਨ ਉਲੱਾਹ ਤਆਲਾ ਅਲੈਹਿਮ ਅਜਮਾਈਨ ਉੱਤੇ ਜਦੋਂ ਆਪਣਾ ਅੰਤਰੀ ਸਰਵੇਖਣ ਜਾਂ ਮੁਹਾਸਬਾ ਔਖਾ ਲੱਗਿਆਂ ਤਾਂ ਬਹੁਤ ਹੀ ਦੁਖੀ ਤੇ ਬੇਚੈਨ ਹੋਕੇ ਹਜ਼ਰਤ ਮੁਹੰਮਦ (ਸ.) ਦੇ ਸਾਹਮਣੇ ਸਤਿਕਾਰਤ ਬੇਨਤੀ ਕੀਤੀ। ਫੇਰ ਜਦੋਂ ਹਜ਼ਰਤ ਮੁਹੰਮਦ ਸੱਲਲਾਹੁ ਅਲੈਹਿ ਵ-ਸੱਲਮ ਦੇ ਇਰਸ਼ਾਦ ਮੁਬਾਰਕ ਨੂੰ, ਸੱਚੇ ਦਿਲੋਂ ਕਬੂਲ ਕਰਦੇ ਹੋਏ ਸਮਿਅਨਾ ਵ ਅਤਅਨਾ ਉੱਤੇ ਯਕੀਨ ਕੀਤਾ ਅਤੇ ਆਪਣੇ ਅੰਦਰੂਨੀ ਸਰਵੇਖਣ ਭਾਵ ਜ਼ਮੀਰ ਦੀ ਅਵਾਜ਼ ਨੂ ਹੱਕ ਸੱਚ ਮੰਨਿਆ ਤਾਂ ਮਜ਼ਬੂਤ ਈਮਾਨ ਤੇ ਪੂਰਨ ਵਿਸ਼ਵਾਸ ਕਾਰਨ ਆਪਣੇ ਬਖ਼ਸ਼ਣਹਾਰ ਰੱਬ ਦੀ ਰਹਿਮਤ ਅਤੇ ਜੰਨਤ ਦੇ ਯੋਗ ਹੋਏ ਕਿ ਹੱਕ ਤਆਲਾ ਨੇ ਇਨਹਾਂ ਦਾ ਰਸੂਲ ਅਲੱਾਹ (ਸ.) ਤੇ ਈਮਾਨ ਲਿਆਉਣਾ ਬਿਆਨ ਫ਼ਰਮਾਇਆ ਭਾਵ ਉਹਨਾਂ ਦੀ ਤਾਰੀਫ਼ ਕੀਤੀ ਅਤੇ ਵਿਆਖਿਆ ਲਾਯੁਕੱਲਿਫ਼ੁਲੱਾਹO ਤੋਂ ਸੰਪੂਰਨ ਵਿਆਖਿਆ ਨਾਲ ਇਹਨਾਂ ਦੇ ਦੁੱਖ ਦਰਦ ਅਤੇ ਬੇਚੈਨੀ ਦੀ ਭਰਪਾਈ ਕਰ ਦਿੱਤੀ। ਉਹਨਾਂ ਦੇ ਯਤਨਾ ਸਦਕਾ ਹੋਣ ਵਾਲੀਆਂ ਪ੍ਰਾਪਤੀਆਂ ਦੇ ਇਨਾਮ ਨੂੰ ਦੁਗਣਾ ਕਰਕੇ ਖ਼ਬਰ ਦਿੱਤੀ ਅਤੇ ਦੁਆ ਮੰਗਣ ਦਾ ਢੰਗ ਦੱਸਿਆ। ਇਸ ਦੁਆ ਦੀ ਤਾਸੀਰ ਦੀ ਆਪਣੇ ਰਸੂਲ (ਸ.) ਦੀ ਸ਼ਾਨ ਮੁਬਾਰਕ ਤੋਂ ਖ਼ਬਰ ਦਿੱਤੀ ਕਿ ਐ ਰੱਬ ਦੇ ਬੰਦਿਓ ਜਦੋਂ ਤੁਸੀਂ ਸੱਚੇ ਦਿਲੋਂ ਪੁਕਾਰਿਆ ਰੱਬਾਨਾ ਲਾ ਤੁਅਖ਼ਿਜ਼ਨਾO ਤਾਂ ਮੈਂ ਅਜਿਹਾ ਹੀ ਕੀਤਾ ਅਤੇ ਤੁਹਾਡੀ ਬੇਨਤੀ ਨੂੰ ਸਵੀਕਾਰ ਕਰ ਲਿਆ, ਤੁਹਾਡੀਆਂ ਕਮੀਆਂ ਤੇ ਗ਼ਲਤੀਆਂ ਨੂੰ ਦਰਗੁਜ਼ਰ ਕਰ ਦਿੱਤਾ ਕਿਉਂਕਿ ਹਾਕਿਮ ਨੂੰ ਕਿਸੇ ਦੇ ਹੁਕਮ ਦੀ ਬਿਲਕੁਲ ਵੀ ਲੋੜ ਨਹੀਂ। ਉਸ ਦੇ ਹੁਕਮਾਂ ਵਿਚ ਕਿਸੇ ਨੂੰ ਚੂੰ-ਚਰਾਂ ਕਰਨ ਦੀ ਹਿੰਮਤ ਨਹੀਂ, ਉਹ ਜੋ ਚਾਵੇ ਹੁਕਮ ਕਰੇ। ਭਾਵੇਂ ਉਹ ਹੁਕਮ ਬਹੁਤ ਔਖਾ ਹੋਵੇ ਜਿਸ ਤਰ੍ਹਾਂ ਕੁਝ ਹੁਕਮ ਪਹਿਲੀਆਂ ਉੱਮਤਾਂ ਉੱਤੇ ਭਾਰੀ ਸਨ, ਭਾਵੇਂ ਉਹ ਹੁਕਮ ਤਕਲੀਫ਼ ਦੇਣ ਵਾਲਾ ਜਾਂ ਤੁਹਾਡੀ ਤਾਕਤ ਤੋਂ ਵੱਧ ਹੋਵੇ ਪਰ ਮੈਂ ਤੁਹਾਡੀ ਨਿਮਰਤਾ ਤੇ ਆਜਿਜ਼ੀ ਕਾਰਨ ਰਹਿਮ ਕੀਤਾ। ਪਹਿਲੇ ਸਮਿਆਂ ਦੀਆਂ ਉੱਮਤਾਂ ਦੇ ਬਰਾਬਰ ਬੋਝ ਚੁੱਕਣ ਦੀ ਤਕਲੀਫ਼ ਤੇ ਮਸ਼ੱਕਤ ਤੋਂ ਬਚਾਇਆ, ਜਿਸ ਦਾ ਭਾਰ ਚੁੱਕਣ ਦੀ ਤੁਹਾਡੇ ਵਿਚ ਹਿੰਮਤ ਤਾਕਤ ਵੀ ਸੀ ਉਹ ਸਭ ਕੁਝ ਮਾਫ਼ ਹੈ। ਹੁਣ ਦੇਖ ਇਸ ਤੋਂ ਕਿੱਥੇ ਨਿਕਲਿਆ ਹੈ ਕਿ ਨਮਾਜ਼ੀ-ਨਮਾਜ਼ ਦੀ ਹਾਲਤ ਵਿਚ ਪਹੁੰਚਿਆ, ਜਿਸ ਨਫ਼ਸ ਜਾਂ ਖ਼ੁਦਗਰਜ਼ੀ ਦੇ ਚਾਅ ਵਿਚ ਸੁਆਦ ਲੈ ਲੈ ਕੇ ਨਫ਼ਸ ਦੀਆਂ ਗੱਲਾਂ ਵਿਚ ਉਲਝਿਆ ਰਹਿੰਦਾ ਸੀ। ਉਸ ਤੋਂ ਮੂੰਹ ਫੇਰ ਲੈਂਦਾ ਹੈ, ਫੇਰ ਉਸ ਦੀ ਪਕੜ ਨਹੀਂ, ਬਿਨਾਂ ਕਿਸੇ ਸ਼ੱਕ ਉਸ ਦੀ ਨਮਾਜ਼ ਕਬੂਲ ਹੈ। ਹਾਂ ਇਨਸਾਫ਼ ਤਾਂ ਇਹ ਹੈ ਕਿ ਕਿਹਾ ਜਾਵੇ ਕਿ ਜਦੋਂ ਨਮਾਜ਼ ਵਿਚ ਕਿਸੇ ਖ਼ਤਰੇ ਦਾ ਅਨੁਭਵ ਹੋਵੇ ਤਾਂ

ਉਸ ਜੱਬਾਰ ਰੱਬ ਦੀ ਦਹਿਸ਼ਤ ਅਤੇ ਗ਼ਫ਼ੱਾਰ ਰੱਬ ਦੀ ਰਹਿਮਤ ਦੇ ਮੁਕਾਬਲੇ ਇਸ ਖਤਰੇ ਨੂੰ ਤੁੱਛ ਸਮਝੇ ਅਤੇ ਪੂਰੇ ਖਲੂਸ ਨਾਲ ਹੱਕ ਵੱਲ ਧਿਆਨ ਲਾ ਕੇ ਨਿਸਚਿਤ ਟੀਚੇ ਤੱਕ ਪਹੁੰਚਣ ਲਈ ਡਟਿਆ ਰਹੇ। ਜੇਕਰ ਖ਼ਤਰੇ ਲਗਾਤਾਰ ਵੱਧਦੇ ਰਹਿਣ ਤਾਂ ਵੀ ਉਨ੍ਹਾਂ ਤੋਂ ਮੂੰਹ ਫੇਰਦਾ ਰਹੇ ਅਤੇ ਸਭ ਹਾਕਿਮਾਂ ਦੇ ਹਾਕਿਮ ਦੇ ਜਲਾਲ ਤੇ ਮਹਾਨਤਾ ਤੋਂ ਡਰਦਾ ਰਹੇ। ਬੱਸ ਜੇਕਰ ਬੇ-ਖ਼ੌਫ਼ ਹੋ ਜਾਵੇਗਾ ਅਤੇ ਆਪਣੇ ਆਪ ਨੂੰ ਪੂਰਨ ਤੌਰ ਤੇ ਅਪਾਹਜ ਸਮਝੇਗਾ ਅਤੇ ਖੁਲੱਮ-ਖੁੱਲਾ ਖ਼ਤਰਿਆਂ ਦੀਆਂ ਲਹਿਰਾਂ ਵਿਚ ਤੈਰਦਾ ਰਹੇਗਾ ਅਤੇ ਆਪਣੀ ਤਾਕਤ ਅਨੁਸਾਰ ਫ਼ਾਲਤੂ ਨਿਰਅਰਥ ਵਿਚਾਰਾਂ ਨੂੰ ਨਹੀਂ ਰੋਕੇਗਾ ਤਾਂ ਵੱਡਾ ਗੁਸਤਾਖ਼ ਹੋਵੇਗਾ ਕਿ ਉਸ ਮੁਕਦੱਸ ਤੇ ਪਵਿੱਤਰ ਦਰਬਾਰ ਵਿਚ ਅਜਿਹੇ ਨਿਮਰਤਾ ਰਹਿਤ ਵਰਤਾਓ ਉੱਤੇ ਸ਼ਰਮਾਉਂਦਾ ਨਹੀਂ ਸਗੋਂ ਇਸ ਦੇ ਬਰਖ਼ਿਲਾਫ਼ ਆਪਣੇ ਨਫ਼ਸ ਦੀਆਂ ਬੇਹੂਦਾ ਗੱਲਾਂ ਉੱਤੇ ਘੁਮੰਡ ਕਰਦਾ ਹੈ। ਉਹ ਇਸ ਗੱਲ ਤੋਂ ਵਾਕਿਫ਼ ਨਹੀਂ ਕਿ ਕੀ ਉਹ ਇਕ ਅਨਜਾਣ ਹਾਕਿਮ ਦੇ ਦਰਬਾਰ ਵਿਚ ਪੇਸ਼ ਹੋ ਰਿਹਾ ਹੈ?ਕੀ ਉਸਦਾ ਮਾਲਿਕ ਗ਼ੈਬ ਦੀਆਂ ਗੱਲਾਂ ਦਾ ਗਿਆਨ ਰੱਖਣ ਵਾਲਾ ਨਹੀਂ? ਕੀ ਉਹ ਉਸ ਦੇ ਅੰਦਰ ਅਤੇ ਬਾਹਰ ਨੂੰ ਨਹੀਂ ਜਾਣਦਾ? ਜਾਂ ਕੀ ਉਸ ਦੇ ਅੰਦਰ ਦੇ ਮੁਕਾਬਲੇ ਬਾਹਰ ਉੱਤੇ ਮਾਲਿਕ ਦਾ ਧਿਆਨ ਵੱਧ ਹੈ? ਕਿ ਕੇਵਲ ਜ਼ਾਹਿਰ ਨੂੰ ਸਿੱਧਾ ਰੱਖਦਾ ਹੈ ਅਤੇ ਅੰਦਰ ਦੀਆਂ ਖ਼ਾਮੀਆਂ ਦੀ ਬੁਰਾਈ ਨਹੀਂ ਰੱਖਦਾ? ਅਸਲ ਵਿਚ ਦੇਖਿਆ ਜਾਵੇ ਤਾਂ ਵਿਅਕਤੀ ਦੀ ਈਮਾਨਦਾਰੀ ਵਿਚ ਇਸ ਝੂਠੇ ਖ਼ਿਆਲ ਨੇ ਹੀ ਫ਼ਤੂਰ ਪਾਇਆ ਹੈ ਕਿ ਬੁਰਾਈਆਂ ਦੇ ਖ਼ਤਰਿਆਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ ਜਦ ਕਿ ਅਜਿਹਾ ਕਰਨਾ ਪੂਰੀ ਤਰਾਂ ਸੰਭਵ ਹੈ ਕਿਉਂਕਿ ਰੱਬ ਦੀ ਸਹਾਇਤਾ ਨਾਲ ਇਨਹਾਂ ਖ਼ਤਰਿਆਂ ਨੂੰ ਦੂਰ ਕਰਨ ਦੀ ਸ਼ਕਤੀ ਪ੍ਰਾਪਤ ਕਰਕੇ ਹੌਲੀ ਹੌਲੀ ਉਸ ਵਿਚ ਪੂਰੀ ਤਰ੍ਹਾਂ ਲੀਨ ਹੋਣ ਦੇ ਦਰਜੇ ਉੱਤੇ ਪਹੁੰਚਿਆ ਜਾ ਸਕਦਾ ਹੈ। ਹਾਂ ਇਕ ਦਮ ਇਸ ਦਰਜੇ ਉੱਤੇ ਪਹੁੰਚਣਾ ਬਹੁਤ ਔਖਾ ਹੈ। ਬੇਸ਼ਕ ਮਾਓਲ (ਸੁਪਨਿਆਂ ਦੀ ਤਾਬੀਰ ਦੇਖਣ ਵਾਲਾ) ਆਪਣੀ ਗ਼ਲਤ ਫ਼ਹਿਮੀ ਕਾਰਨ ਗ਼ਲਤ ਠਿਕਾਣਿਆਂ ਉੱਤੇ ਅੜਿਆ ਰਹੇਗਾ। ਉਸ ਤੋਂ ਤਰੱਕੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਜਦੋਂਕਿ ਹਿੰਮਤ ਤੇ ਹੌਸਲਾ ਰੱਖਣ ਵਾਲਾ ਦਿਨ-ਬ-ਦਿਨ ਆਪਣੇ ਜ਼ਮੀਰ ਤੇ ਨਫ਼ਸ ਦੀ ਸੋਧ ਕਰਕੇ ਮਿੱਥੇ ਹੋਏ ਟੀਚੇ ਤੱਕ ਅਸਾਨੀ ਨਾਲ ਪਹੁੰਚ ਜਾਵੇਗਾ। ਅਜਿਹੇ ਹੀ ਬੁਲੰਦ ਹੌਸਲੇ ਤੇ ਹਿੰਮਤ ਵਾਲਿਆਂ ਦਾ ਹਾਲ ਵੇਖ ਕੇ ਕੁੱਝ ਲੋਕ ਲੜਾਈ ਝਗੜੇ ਅਤੇ ਕਤਲ-ਓ-ਗ਼ਾਰਤ ਵਾਲੇ ਦਿਨ ਨਮਾਜ਼ ਪੜ੍ਹਨ ਲੱਗੇ ਤਾਂ ਜਦੋਂ ਉਹ ਪੂਰੀ ਤਰ੍ਹਾਂ ਧਿਆਨ ਵਿਚ ਸਨ ਉਸ ਸਮੇਂ ਉਨ੍ਹਾਂ ਦੇ ਗਿੱਟੇ ਉੱਤੇ ਇਕ ਅਜਿਹਾ ਤੀਰ ਲੱਗਿਆ ਕਿ ਹੱਡੀ ਵਿਚ ਧਸ ਗਿਆ। ਨੇੜੇ ਬੈਠਣ ਵਾਲਿਆਂ ਨੇ ਇਸ ਡਰ ਤੋਂ ਕਿ ਇਸ ਤੀਰ ਦਾ ਜ਼ਹਿਰ ਕਿਤੇ ਪੂਰੇ ਸਰੀਰ ਵਿਚ ਹੀ ਨਾ ਫੈਲ ਜਾਵੇ, ਪੂਰਾ ਜ਼ੋਰ ਲਾ ਕੇ ਤੀਰ ਨੂੰ ਗਿੱਟੇ ਵਿਚੋਂ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਪਤਾ ਵੀ ਨਾ ਚੱਲਿਆ। ਨਮਾਜ਼ ਤੋਂ ਫ਼ਾਰਿਗ ਹੋਣ ਉਪਰੰਤ ਦੁੱਖ ਦੇ ਬੋਧ ਨਾਲ ਆਪਣੇ ਗਿੱਟੇ ਨੂੰ ਵੇਖਿਆ ਤਾਂ ਲਹੂ ਚਲਦਾ ਵੇਖ ਕੇ ਬੋਲੇ ਕਿ ਮੈਨੂੰ ਕੀ ਹੋਇਆ? ਨੇੜੇ ਬੈਠਣ ਵਾਲਿਆਂ ਨੇ ਦੱਸਿਆ

ਕਿ ਹਜ਼ਰਤ ਤੁਸੀਂ ਤੀਰ ਲੱਗਣ ਅਤੇ ਕੱਢੇ ਜਾਣ ਤੋਂ ਬੇਖ਼ਬਰ ਹੋ, ਭਾਵ ਜਾਣੂ ਨਹੀਂ ਹੋ? ਫ਼ਰਮਾਇਆ, ਵਲੱਾਹ (ਰੱਬ ਦੀ ਸੌਂ) ਮੈਨੂੰ ਕੋਈ ਖ਼ਬਰ ਨਹੀਂ, ਮੈਂ ਤਾਂ ਨਮਾਜ਼ ਵਿਚ ਸੀ।

ਇਸੇ ਤਰ੍ਹਾਂ ਕੁੱਝ ਹਜ਼ਰਾਤ ਮੱਚਦੀ ਹੋਈ ਅੱਗ ਵਿਚੋਂ ਜਲਦੇ ਹੋਏ ਹੁਜਰੇ ਤੋਂ ਬਾਹਰ ਆਏ ਤਾਂ ਲੋਕਾਂ ਨੇ ਅਰਜ਼ ਕੀਤੀ ਕਿ ਜਨਾਬ ਤੁਸੀਂ ਹੁਣ ਤੱਕ ਅੰਦਰ ਹੀ ਸੀ? ਹੁਜਰਾ ਤਾਂ ਬੜੀ ਦੇਰ ਤੋਂ ਜਲ ਰਿਹਾ ਹੈ, ਰੱਬ ਦਾ ਸ਼ੁਕਰ ਹੈ ਕਿ ਤੁਸੀਂ ਜਲਣ ਤੋਂ ਬਚ ਗਏ। ਫ਼ਰਮਾਇਆ ਕਿ ਰੱਬ ਦੀ ਕਸਮ ਨਮਾਜ਼ ਦਾ ਸਲਾਮ ਫੇਰਨ ਤੋਂ ਪਹਿਲਾਂ ਮੈਨੂੰ ਅੱਗ ਦੀ ਕੋਈ ਖ਼ਬਰ ਹੀ ਨਹੀਂ ਸੀ ਹਾਂ ਨਮਾਜ਼ ਤੋਂ ਬਾਅਦ ਅੱਗ ਦੇ ਸੇਕ ਨੂੰ ਬਰਦਾਸ਼ਤ ਨਾ ਕਰ ਸਕਿਆ ਪਰ ਰੱਬ ਦੀ ਮਿਹਰਬਾਨੀ ਨਾਲ ਜਿਉਂਦਾ ਬਾਹਰ ਨਿਕਲ ਆਇਆ ਹਾਂ। ਦੇਖੋ, ਹੁਣ ਤੱਕ ਮਾਓਲ ਇਸ ਤੋਂ ਬਹੁਤ ਹੇਠਲੇ ਦਰਜੇ ਦੇ ਬਿਆਨ ਨੂੰ ਬਹੁਤ ਔਖਾ ਸਮਝਦਾ ਸੀ ਪਰ ਸੱਚੇ ਰੱਬ ਨੂੰ ਸੱਚੇ ਦਿਲੋਂ ਮੰਨਣ ਵਾਲੇ ਆਪਣੇ ਮਾਲਿਕ ਦੀ ਬਖ਼ਸ਼ਿਸ਼ ਅਤੇ ਆਪਣੀ ਨਿਮਰਤਾ ਦਾ ਸਹਾਰਾ ਲੈਂਦੇ ਹੋਏ ਇਸ ਉੱਚੀ ਪਦਵੀ 'ਤੇ ਪਹੁੰਚੇ ਹਨ। ਐ ਸੱਚਾਈ ਤੇ ਸਫ਼ਾਈ ਦੇ ਚਾਹਵਾਨ ਅਤੇ ਮਰਦਾਨ-ਏ-ਖ਼ੁਦਾ ਦੀ ਪੈਰਵੀ ਕਰਨ ਵਾਲੇ ਤੂੰ ਹਰ ਵੇਲੇ ਹਰ ਕਦਮ ਉੱਤੇ ਸਿਦਕ-ਓ-ਸਫ਼ਾ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰੀ ਜਾ। ਔਖੇ ਅਤੇ ਤੰਗੀ ਦੇ ਹਾਲਾਤ ਵਿਚ ਸਬਰ ਸ਼ੁਕਰ ਦਾ ਸਹਾਰਾ ਲੈ ਪਰ ਆਪਣੇ ਮਾਲਿਕ ਅੱਗੋਂ ਹੱਥ ਨਾ ਹਟਾ। ਬੇਸ਼ਕ ਤੂੰ ਆਪਣੇ ਵਸਵਸਿਆਂ ਤੇ ਡਰ ਨੂੰ ਦੂਰ ਕਰਨ ਵਿਚ ਮਜਬੂਰ ਵੀ ਹੋ ਜਾਵੇਂ ਪਰ ਉਸ ਅਤਿ ਰਹਿਮ ਕਰਨ ਵਾਲੇ ਰਹਿਮਾਨ ਦੀ ਰਹਿਮਤ ਤੋਂ ਪੂਰਨ ਆਸ ਹੈ ਕਿ ਉਹ ਤੈਨੂੰ ਮਜਬੂਰ ਤੇ ਅਪਾਹਜ ਨਹੀਂ ਰਹਿਣ ਦੇਵੇਗਾ ਪਰ ਤੂੰ ਆਪਣੀ ਕੋਸ਼ਿਸ਼ ਤੇ ਨਫ਼ਸ ਕੁਸ਼ੀ ਵਿਚ ਢਿੱਲਾ ਨਹੀਂ ਹੋਣਾ ਚਾਹੀਦਾ। ਰੱਬ ਦਾ ਫ਼ਰਮਾਨ ਹੈ ਕਿ ਵਾਅਦਾ **ਵੱਲਾਜ਼ੀਨਾ ਜਾਹਦੂ ਫ਼ੀਨਾ ਲਾਨਾਹਦਿ ਯੱਨਾ ਹੁਮ ਸੁਬੁਲਾਨਾ੦** (ਸੂਰਹ ਅਲ-ਅਨਕਬੂਤ : 69) ਤੈਨੂੰ ਬੁਲਾ ਲੈਣਗੇ ਅਤੇ ਉਸ ਬੇਨਿਆਜ਼ ਰੱਬ ਦੀ ਬਾਰਗਾਹ ਤੋਂ ਤੇਰੀ ਨਿਆਜ਼ਮੰਦੀ ਦੇ ਕਬੂਲ ਹੋਣ ਦੀ ਖ਼ੁਸ਼ਖ਼ਬਰੀ ਦੇਣਗੇ, ਬੇਸ਼ਕ ਤੈਨੂੰ ਖ਼ਾਲੀ ਹੱਥ ਨਹੀਂ ਮੋੜਨਗੇ। ਐ ਆਪਣੇ ਨਫ਼ਸ ਦੇ ਧੋਖਿਆਂ ਤੇ ਖ਼ਤਰਿਆਂ ਵਿਚ ਫਸੇ ਹੋਏ ਨਮਾਜ਼ੀ, ਤੇਰੇ ਅਦਬ ਤੇ ਸਤਿਕਾਰ ਦਾ ਵੁਜ਼ੂ ਟੁੱਟਿਆ ਹੋਇਆ ਹੈ ਅਤੇ ਤੂੰ ਫੇਰ ਤਹਾਰਤ ਤੇ ਪਾਕੀ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਨਹੀਂ, ਕਿ ਤੇਰੀ ਨਮਾਜ਼ ਦੀ ਬੁਨਿਆਦ ਪੂਰੀ ਤਰ੍ਹਾਂ ਸਹੀ ਤੇ ਮਜ਼ਬੂਤ ਹੋ ਜਾਵੇ ਅਤੇ ਤੈਨੂੰ ਸਹੀ ਅਰਥਾਂ ਵਿਚ ਨਮਾਜ਼ੀ ਕਿਹਾ ਜਾਵੇ ਅਤੇ ਫੇਰ ਤੂੰ ਆਪਣੀ ਨਮਾਜ਼ ਤੇ ਮਾਣ ਕਰ ਸਕੇਂ। ਉਦਾਹਰਣ ਵੱਜੋਂ ਬਿਆਨ ਕੀਤਾ ਜਾਂਦਾ ਹੈ ਕਿ ਲੋੜਵੰਦ ਆਪਣੇ ਸ਼ਹਿਨਸ਼ਾਹ ਦੇ ਦਰਬਾਰ ਵਿਚ ਖੜਾ ਸਤਿਕਾਰ ਸਹਿਤ ਆਪਣੀਆਂ ਹਾਜਤਾਂ ਤੇ ਲੋੜਾਂ ਸੰਬੰਧੀ ਬੇਨਤੀ ਕਰ ਰਿਹਾ ਹੋਵੇ ਅਤੇ ਸ਼ਹਿਨਸ਼ਾਹ ਬੜੇ ਹੀ ਧਿਆਨ ਤੇ ਮਿਹਰਬਾਨੀ ਨਾਲ ਉਸ ਦੀਆਂ ਹਾਜਤਾਂ ਸੁਣ ਰਿਹਾ ਹੋਵੇ। ਉਸ ਨੂੰ ਪੇਟ ਦੀ ਹਵਾ ਖ਼ਾਰਜ ਕਰਨ ਦੀ ਹਾਜਤ ਭਾਵ ਪੱਦ ਮਾਰਨ ਦੀ ਹਾਜਤ ਹੋ ਜਾਵੇ ਤਾਂ ਫੇਰ ਇਹ ਅੰਦਰੋ ਅੰਦਰ ਇਕੱਠਾ ਹੋ ਜਾਂਦਾ ਹੈ ਤੇ ਸਾਹ ਵੀ ਰੋਕ ਲੈਂਦਾ ਹੈ ਅਤੇ ਚਾਹੁੰਦਾ

ਹੈ ਕਿ ਇਹ ਹਾਜਤ ਰੁਕ ਜਾਵੇ ਪਰ ਮਜਬੂਰੀ ਦੀ ਹਾਲਤ ਵਿਚ ਉਹ ਅਵਾਜ਼ ਨਾਲ ਪੱਦ ਮਾਰ ਦਿੰਦਾ ਹੈ। ਇਹ ਉਸ ਸਮੇਂ ਸ਼ਰਮ-ਓ-ਹਯਾ ਨਾਲ ਡੁੱਬ ਡੁੱਬ ਜਾਂਦਾ ਹੈ, ਚਿਹਰੇ ਦਾ ਰੰਗ ਉੱਡ ਜਾਂਦਾ ਹੈ। ਇੰਨੀ ਨਮੋਸ਼ੀ ਤੇ ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ ਉਹ ਚਾਹੁੰਦਾ ਹੈ ਕਿ ਧਰਤੀ ਫਟ ਜਾਵੇ ਤੇ ਉਹ ਇਸ ਵਿਚ ਗ਼ਰਕ ਹੋ ਜਾਵੇ। ਸ਼ਰਮਿੰਦਗੀ ਕਾਰਨ ਅੱਖ ਉੱਪਰ ਨਹੀਂ ਚੁੱਕਦਾ ਪਰ ਸ਼ਹਿਨਸ਼ਾਹ ਜਾਣ ਲੈਂਦਾ ਹੈ ਕਿ ਉਸ ਕੋਲੋਂ ਜੋ ਕੁੱਝ ਹੋਇਆ ਇਹ ਉਸ ਵਿਚ ਮਜਬੂਰ ਸੀ ਪਰ ਇਸ ਦੀ ਖ਼ੂਬੀ ਹੈ ਕਿ ਇਹ ਅਦਬ ਤੇ ਸਤਿਕਾਰ ਦਾ ਪਾਸਦਾਰ ਹੈ। ਉਸ ਦੀ ਘਬਰਾਹਟ ਤੇ ਬੇਚੈਨੀ ਨੂੰ ਦੂਰ ਕਰਨ ਲਈ ਉਸ ਨੂੰ ਕਿਹਾ ਜਾਂਦਾ ਹੈ ਕਿ ਐ ਮਿਸਕੀਨ ਤੂੰ ਆਪਣੇ ਅਮਲ ਵਿਚ ਬੇਵੱਸ ਤੇ ਲਾਚਾਰ ਸੀ। ਇਸ ਲਈ ਤੇਰੇ ਹਾਲ ਉੱਤੇ ਦਰਗੁਜ਼ਰ ਕਰਦੇ ਹੋਏ ਮਾਫ਼ ਕੀਤਾ ਜਾਂਦਾ ਹੈ, ਤੂੰ ਬਿਨਾਂ ਝਿਜਕ ਆਪਣਾ ਮੁੱਦਾ ਬਿਆਨ ਕਰੀ ਜਾ, ਤੇਰੇ ਇਸ ਕਸੂਰ ਕਾਰਨ ਸ਼ਹਾਨਾ ਰਹਿਮ ਜ਼ਰਾ ਵੀ ਘੱਟ ਨਹੀਂ ਹੋਵੇਗਾ।

ਖ਼ੈਰ ਉਸ ਨੇ ਆਪਣਾ ਮੰਤਵ ਬਿਆਨ ਕੀਤਾ ਅਤੇ ਸਫਲ ਹੋਇਆ। ਫੇਰ ਅਜਿਹਾ ਹੀ ਇਕ ਹੋਰ ਮੁਹਤਾਜ ਆਪਣੀ ਬੇਨਤੀ ਕਰਨ ਲਈ ਹਾਜ਼ਰੀ ਦੀ ਥਾਂ ਤੇ ਖੜਾ ਹੋਇਆ। ਐਨ ਉਸ ਵੇਲੇ ਜਦੋਂ ਉਹ ਆਪਣਾ ਮੁੱਦਾ ਪੇਸ਼ ਕਰ ਰਿਹਾ ਸੀ, ਉਸ ਤੋਂ ਵੀ ਉਹੀ ਕੁੱਝ ਵਾਪਰਿਆ ਜਿਹੜਾ ਇਸ ਤੋਂ ਪਹਿਲੇ ਵਿਅਕਤੀ ਤੋਂ ਹੋਇਆ ਸੀ ਪਰ ਉਸ ਨੂੰ ਪਤਾ ਸੀ ਕਿ ਇਸ ਗ਼ਲਤੀ ਉੱਤੇ ਮੇਰੇ ਤੋਂ ਪਹਿਲਾਂ ਵਾਲੇ ਬੰਦੇ ਤੇ ਕੋਈ ਇਲਜ਼ਾਮ ਨਹੀਂ ਸੀ ਲੱਗਿਆ। ਇਸ ਲਈ ਨਾਂ ਹੀ ਉਹ ਆਪਣੀ ਗ਼ਲਤੀ 'ਤੇ ਸ਼ਰਮਿੰਦਾ ਹੋਇਆ ਅਤੇ ਨਾ ਹੀ ਇਸ ਨੂੰ ਅਦਬ ਦੇ ਵਿਪਰੀਤ ਸਮਝਿਆ। ਉਹ ਆਪਣਾ ਮੁੱਦਾ ਬਿਆਨ ਕਰਦਾ ਰਿਹਾ, ਸ਼ਹਿਨਸ਼ਾਹ ਨੇ ਸ਼ਹਾਨਾ ਵਕਾਰ ਤੇ ਇੱਜ਼ਤ ਕਾਰਨ, ਉਸ ਦੀ ਇਸ ਗੁਸਤਾਖ਼ੀ ਤੇ ਕੁੱਝ ਕਿਹਾ ਤਾਂ ਨਾ ਪਰ ਉਸ ਨੂੰ ਆਪਣੀ ਬਾਰਗਾਹ ਵਿਚ ਹਾਜ਼ਰ ਹੋਣ ਦੇ ਯੋਗ ਨਾ ਸਮਝਿਆ।

ਇਸੇ ਤਰ੍ਹਾਂ ਇਕ ਹੋਰ ਤੀਸਰਾ ਮੁਹਤਾਜ ਆਪਣੀ ਅਰਜ਼ ਕਰਨ ਲਈ ਖੜਾ ਹੋਇਆ ਤਾਂ ਉਸ ਨੂੰ ਵੀ ਰੀਹ (ਪੱਦ) ਦੀ ਹਾਜਤ ਮਹਿਸੂਸ ਹੋਈ। ਉਹ ਪਹਿਲੇ ਦੋਹਾਂ ਸਾਥੀਆਂ ਦਾ ਹਾਲ ਜਾਣਦਾ ਸੀ। ਕਿਸੇ ਦੇ ਨਾ ਰੋਕਣ ਟੋਕਣ ਨੇ ਉਸਨੂੰ ਕੁੱਝ ਗੁਸਤਾਖ਼ ਬਣਾ ਦਿੱਤਾ। ਕੁੱਝ ਤਾਂ ਉਸ ਨੂੰ ਇੰਨੀ ਹਾਜਤ ਵੀ ਨਹੀਂ ਸੀ, ਜੇਕਰ ਉਹ ਚਾਹੁੰਦਾ ਤਾਂ ਅਸਾਨੀ ਨਾਲ ਰੋਕ ਸਕਦਾ ਸੀ, ਪਰੰਤੂ ਉਸ ਨੇ ਕੁਝ ਪਰਵਾ ਨਾ ਕੀਤੀ ਅਤੇ ਗੁਸਤਾਖ਼ਾਨਾ ਅੰਦਾਜ਼ ਵਿੱਚ ਬੜੇ ਜ਼ੋਰ ਨਾਲ ਪੱਦ ਮਾਰ ਦਿੱਤਾ ਅਤੇ ਉਪਰੋਂ ਆਪਣੇ ਕਮੀਨੇਪਣ ਕਾਰਨ ਹੱਸ ਵੀ ਪਿਆ। ਉਸ ਦੀ ਇਹ ਹਰਕਤ ਸਭ ਨੂੰ ਬਹੁਤ ਬੁਰੀ ਲੱਗੀ। ਬੇਸ਼ਕ ਉਸ ਨੂੰ ਸ਼ਾਹੀ ਜਲਾਲ ਦੇ ਹੁਕਮ ਨਾਲ ਕੁਚਲਿਆ ਜਾਵੇਗਾ, ਉਸ ਦੀ ਇਸ ਬੇਅਦਬੀ ਲਈ ਉਸ ਨੂੰ ਸਜ਼ਾ ਮਿਲੇਗੀ, ਦਰਬਾਰ ਵਿਚੋਂ ਕੱਢਿਆ ਜਾਵੇਗਾ ਅਤੇ ਉਸ ਤੇ ਮਿਹਰ ਨਹੀਂ ਕੀਤੀ ਜਾਵੇਗੀ।

ਇਸੇ ਤਰ੍ਹਾਂ ਖ਼ਤਰੇ ਵਾਲੇ ਨਮਾਜ਼ੀਆਂ ਦੇ ਹਾਲਾਤ ਨੂੰ ਉਪਰੋਕਤ ਘਟਨਾ ਅਨੁਸਾਰ ਸਮਝੋ ਕਿ ਇਹਨਾਂ ਵਿਚ ਕੌਣ ਬਖ਼ਸ਼ਿਸ਼ ਦੇ ਯੋਗ ਹੈ? ਅਤੇ ਕੌਣ ਗੁਸਤਾਖ਼ ਹੈ? ਅਤੇ ਕੌਣ ਸਜ਼ਾ ਦੇ ਕਾਬਿਲ ਹੈ? ਪਹਿਲਾ ਉਹ ਵਿਅਕਤੀ ਜਿਹੜਾ

ਆਪਣੇ ਸੁਧਾਰ ਦਾ ਇਰਾਦਾ ਹੀ ਨਹੀਂ ਰੱਖਦਾ ਅਤੇ ਸਮਝਾਉਣ ਤੇ ਵੀ ਯੂਜ਼ਿੱਲੁ ਬਿਹੀ ਕਸੀਰਨ੦ ਅਨੁਸਾਰ ਹਦਾਇਤ ਕਬੂਲ ਕਰਨ ਤੋਂ ਮੂੰਹ ਫੇਰਦਾ ਹੋਇਆ ਕਹਿੰਦਾ ਹੈ ਕਿ ਮੈਂ ਨਮਾਜ਼ ਛੱਡ ਦਵਾਂ? ਅਤੇ ਫੇਰ ਇਸ ਸਾਰੀ ਬੇ-ਸਰੋ ਸਾਮਾਨੀ ਦੇ ਬਾਵਜੂਦ ਆਪਣੇ ਜ਼ਾਹਰੀ ਕੰਮਾਂ ਕਰਕੇ ਰੱਬ ਤੋਂ ਆਸ ਰੱਖਦਾ ਹੈ, ਤਾਂ ਉਸ ਦੇ ਅਮਲ ਤੋਂ ਖ਼ੈਰ ਦੀ ਕੀ ਆਸ ਕੀਤੀ ਜਾ ਸਕਦੀ ਹੈ? ਉਸ ਦੀ ਤਬੀਅਤ ਦਾ ਘੁਮੰਡ ਦੇਖੋ ਤਾਂ ਕਿਸੇ ਨੂੰ ਆਪਣੇ ਸਾਹਮਣੇ ਥੋੜਾ ਜਿਹਾ ਵੀ ਬੇਅਦਬ ਵੇਖੇ ਤਾਂ ਢਿੱਡ ਪਾੜਨ ਨੂੰ ਤਿਆਰ ਹੋ ਜਾਂਦਾ ਹੈ ਅਤੇ ਆਪਣੇ ਮਾਲਿਕ ਅੱਗੇ ਖ਼ੁਦ ਬੇਅਦਬੀ ਨਾਲ ਪੇਸ਼ ਆਉਂਦਾ ਹੈ ਅਤੇ ਆਪਣੇ ਤੇ ਕੋਈ ਦੰਡ ਵੀ ਨਹੀਂ ਲਾਉਂਦਾ। ਮਿਹਨਤ ਮਸ਼ੱਕਤ ਦੇ ਕੋੜੇ ਨਾਲ ਆਪਣੇ ਬਦ-ਲਗਾਮ ਨਫ਼ਸ ਨੂੰ ਅਦਬ ਨਹੀਂ ਸਿਖਾਉਂਦਾ। ਕਿੰਨਾ ਬੇਇਨਸਾਫ਼ ਹੈ, ਲੈਂਦਾ ਹੈ ਤਾਂ ਵੱਧ ਤੋਲਦਾ ਹੈ, ਦਿੰਦਾ ਹੈ ਤਾਂ ਘੱਟ ਤੋਲਦਾ ਹੈ।

**ਵੈਲੁੱਲਿਲ ਮੁਤੱਫ਼ੀਫ਼ੀਨ੦** (ਸੂਰਹ ਅਲ-ਮੁੱਤਫ਼ਿਫ਼ੀਨ : 1) ਕੇਵਲ ਜ਼ਬਾਨ ਨਾਲ ਹੀ ਪੜ੍ਹਦਾ ਹੈ ਗਲੇ ਤੋਂ ਹੇਠ ਨਹੀਂ ਉਤਰਨ ਦਿੰਦਾ। ਅੱਲ੍ਹਾਹੁੰਮਾ ਇਹ ਦਿਨਾ ਬਿਫ਼ਜ਼ਲਿਕਾ੦ ਕਿਸੇ ਗੁਸਤਾਖ਼ ਨੂੰ ਜਨਾਬ ਫ਼ਾਰੂਕ-ਏ-ਅਕਬਰ ਦਾ ਨਮਾਜ਼ ਦੀ ਹਾਲਤ ਵਿਚ ਫ਼ੌਜੀ ਕਾਰਵਾਈ ਦੀ ਖ਼ਬਰ ਧੋਖੇ ਵਿਚ ਨਾ ਪਾਵੇ ਕਿ ਉਹ ਤਸਗ਼ਲ-ਏ-ਦਿਲ ਬਿਮਾ ਸਿਵਾ ਰੱਬ ਦੀ ਕਸਮ ਤੋਂ ਨਹੀਂ ਸਗੋਂ ਇਹ ਕਰਾਮਾਤ ਦਾ ਨਤੀਜਾ ਹੈ ਕਿ ਪੂਰੇ ਧਿਆਨ ਵਿਚ ਉੱਨਾ ਦੀ ਯੋਜਨਾ ਬਣਾਉਣ ਦੀ ਤਾਕਤ ਸਾਹਮਣੇ ਇਕ ਖ਼ਾਸ ਸ਼ਕਲ ਵਿਚ ਪੇਸ਼ ਕੀਤਾ ਜਾਂਦਾ ਸੀ ਜਿਵੇਂ ਕਿ ਹਜ਼ਰਤ ਮੁਹੰਮਦ ਮੁਸਤਫ਼ਾ (ਸ.) ਦੇ ਨਮਾਜ਼ ਪੜ੍ਹਦੇ ਸਮੇਂ ਜੰਨਤ ਦਾ ਸਾਹਮਣੇ ਆਉਣਾ, ਅੰਗੂਰ ਦੇ ਗੁੱਛੇ ਦਾ ਲਟਕਾਇਆ ਜਾਣਾ, ਅਤੇ ਉਸ ਦੇ ਫੜਨ ਨੂੰ ਮੁਬਾਰਕ ਹੱਥਾਂ ਦਾ ਫੈਲਣਾ ਬੱਸ ਰੱਬ ਦੀ ਪਨਾਹ, ਇਸ ਸੰਬੰਧੀ ਕੀ ਕਿਹਾ ਜਾਵੇ? ਕਿ ਹਜ਼ਰਤ ਮੁਹੰਮਦ (ਸ.) ਉਸ ਵੇਲੇ ਆਪਣੇ ਰੱਬ ਦੀ ਯਾਦ ਵਿਚ ਲੀਨ ਸਨ, ਨਹੀਂ, ਸਗੋਂ ਉਹਨਾਂ ਦੇ ਵਿਸ਼ੇਸ਼ ਹਾਲਾਤ ਉਨ੍ਹਾਂ ਦੇ ਗ਼ੈਰ ਦੀ ਸੋਚ ਸਮਝ ਤੋਂ ਬਹੁਤ ਉੱਚੇ ਸਨ। ਉਹਨਾਂ ਦੇ ਦਿਲਾਂ ਨੂੰ ਨਮਾਜ਼ ਵੇਲੇ ਰੱਬ ਤੋਂ ਬਿਨਾਂ ਹੋਰ ਚੀਜ਼ਾਂ ਸਬੰਧੀ ਵਿਚਾਰ ਕਰਨ ਦੀ ਫ਼ੁਰਸਤ ਕਿੱਥੇ? ਫੇਰ ਦੇਖੋ ਇਹ ਉਹੋ ਫ਼ਾਰੂਕ-ਏ-ਅਕਬਰ ਹਨ ਜਿਨ੍ਹਾਂ ਨੂੰ ਖ਼ੁਤਬਾ ਪੜ੍ਹਦੇ ਸਮੇਂ ਜੋ ਕਿ ਨਮਾਜ਼ ਵਰਗਾ ਹੀ ਹੁੰਦਾ ਹੈ, ਸੈਂਕੜੇ ਕੋਹ ਤੋਂ ਪਹਾੜਾਂ ਵਿਚ ਸਾਰਿਆਂ ਦਾ ਹਾਲ ਦਿਖਾਈ ਦਿੱਤਾ ਸੀ ਅਤੇ ਐਨ ਖ਼ੁਤਬੇ ਵਿਚ ਮਦੀਨਾ ਮੁਨਵੱਰਾ ਦੀ ਮਸਜਿਦ ਤੋਂ ਅਵਾਜ਼ ਦੇ ਕੇ ਨਮਾਜ਼ੀਆਂ ਨੂੰ ਸੂਚਿਤ ਕੀਤਾ ਅਤੇ ਮੁਜਾਹਿਦਾਂ ਨੇ ਬਹੁਤ ਦੂਰ ਤੋਂ ਉਹਨਾਂ ਦੀ ਪੁਕਾਰ ਸੁਣੀ ਅਤੇ ਉਹਨਾਂ ਦੇ ਹੁਕਮ ਨੂੰ ਮੰਨਦੇ ਹੋਏ ਦੁਸ਼ਮਣਾਂ ਨੂੰ ਭਜਾ ਕੇ ਪੂਰੀ ਤਰ੍ਹਾਂ ਸਫ਼ਲ ਹੋਏ। ਇਸ ਸੰਬੰਧੀ ਮਿਸ਼ਕਾਤ ਸ਼ਰੀਫ਼ ਦੇ ਕਰਾਮਾਤਾਂ ਵਾਲੇ ਪਾਠ ਵਿੱਚ ਹਜ਼ਰਤ ਇਬਨ-ਏ-ਉਮਰ (ਰਜ਼ੀ.) ਦੇ ਹਵਾਲੇ ਨਾਲ ਅੰਕਿਤ ਹੈ **"ਇੰਨਾ ਉਮਰਾ ਬਅਸਾ ਜੈਸ਼ਨ ਵ-ਅੱਮਰਾ ਅਲੈਹਿਮ ਰਾਜ਼ੁਲੈਅ ਯੂਦਆ ਸਾਰਿਯਾਤਨ ਫ਼ਾਬੈਨਾਮਾ ਉਮਾਰੁ ਯਖ਼ਤੁਬੁ ਫ਼ਜ਼ਅਲਾ ਯਸੀਹੁ ਯਾ ਸਾਰਿਯਲ ਜਬਲਾ ਫ਼ਕਦਿਮਾ ਰਸੂਲੁਮ ਮਿਨਲ ਜੈਸ਼ਿ ਫ਼ਕ਼ਾਲਾ ਯਾ ਅਮੀਰਲ ਮੋਅਮਿਨੀਨਾ ਲਕੀਨਾ ਅੱਦੂਨਾ ਫ਼ਹਾਜ਼ਾ ਮੂਨਾ**

**ਫ਼ਇਜ਼ਾ ਬਿਸਾਹਿਨ ਯਸੀਹੁ ਯਾਸਾਰਿਯਲ ਜਬਲ ਫ਼ਾਅਸਨਦਨਾ ਜ਼ੁਹੂਰਾਨਾ ਇਲੱਲਜਬਲਿ ਫ਼ਹਜ਼ਾਮਾਹੁ-ਮੁੱਲ੍ਹਾਹੁ ਤਆਲਾ੦**

ਐ ਨੇਕ ਬਖ਼ਤ ਆਪਣੀ ਬੇ-ਹਿੰਮਤੀ ਨੂੰ ਛੱਡ ਅਤੇ ਆਪਣੀ ਸਮਰਥਾ ਅਨੁਸਾਰ ਕੋਸ਼ਿਸ਼ ਕਰਦਾ ਰਹਿ। ਇੰਝ ਹੀ ਹਰ ਰੋਜ਼ ਦੀ ਮਸ਼ੱਕਤ ਅਤੇ ਆਦਤ ਬਨਣ ਨਾਲ ਤੈਨੂੰ ਹੱਕ ਨਾਲ ਭਾਵ ਰੱਬ ਨਾਲ ਅਪਣੱਤ ਪੈਦਾ ਹੋ ਜਾਵੇਗੀ ਅਤੇ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਤੇਰੇ ਸਾਰੇ ਕੰਮ ਬਣ ਜਾਣਗੇ। ਇਸ ਤਰ੍ਹਾਂ ਕਰਦੇ ਕਰਦੇ ਤੂੰ ਸੱਚ ਮੁੱਚ ਦੀ ਨਮਾਜ਼ ਤੋਂ ਜਾਣੂ ਹੋ ਜਾਵੇਂਗਾ, ਰੱਬ ਦੀ ਪਨਾਹ ਅਤੇ ਜੇਕਰ ਅਜਿਹਾ ਨਾ ਹੋਇਆ ਤਾਂ ਮਜਬੂਰੀ ਹੈ। ਹਾਂ ਆਪਣੇ ਜ਼ਿੰਮੇ ਗੱਲ ਨਹੀਂ ਰਹੇਗੀ ਕਿ ਕੋਸ਼ਿਸ਼ ਨਾ ਕੀਤੀ। ਜੇਕਰ ਤੂੰ ਪਹਿਲਾਂ ਹੀ ਹਿੰਮਤ ਹਾਰ ਬੈਠੇਂ, ਸੁਸਤ ਹੋ ਜਾਵੇਂ, ਆਪਣੇ ਦਿਲ ਦੀ ਬੀਮਾਰੀ ਦਾ ਇਲਾਜ ਨਾ ਕਰੇਂ ਅਤੇ ਸਮਝ ਲਵੇਂ ਕਿ ਜੋ ਹੋਵੇਗਾ ਦੇਖਿਆ ਜਾਵੇਗਾ। ਇਹ ਤੇਰੀ ਨਾ-ਮਰਦੀ ਅਤੇ ਸੁਸਤੀ ਦੀ ਨਿਸ਼ਾਨੀ ਹੈ। ਤੈਨੂੰ ਕਈ ਦਿਨ ਤੇਜ਼ ਬੁਖ਼ਾਰ ਚੜ੍ਹਦਾ ਰਹੇ ਬੁਖ਼ਾਰ ਦੀ ਗਰਮੀ ਨਾਲ ਤੇਰਾ ਕਲੇਜਾ ਤਪਦਾ ਰਹੇ, ਤੇਰੇ ਕੋਲ ਕੁਝ ਪੈਸੇ ਵੀ ਹੋਣ ਅਤੇ ਤੈਨੂੰ ਆਪਣੀ ਮਰਜ਼ ਦਾ ਵੀ ਪਤਾ ਚੱਲ ਗਿਆ ਹੋਵੇ ਅਤੇ ਦਵਾ-ਦਾਰੂ ਕਰਨ ਦਾ ਵੀ ਸਹੀ ਸਮਾਂ ਹੋਵੇ ਤਾਂ ਐ ਬੁਜ਼ਦਿਲ, ਸੰਭਵ ਨਹੀਂ ਕਿ ਤੂੰ ਉਸ ਵੇਲੇ ਆਪਣਾ ਇਲਾਜ ਨਾ ਕਰੇਂ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਵਰਤਮਾਨ ਦੇ ਦੁੱਖ-ਸੁੱਖ ਤੇਰੇ ਹਾਲ ਤੇ ਇੰਨੇ ਪ੍ਰਭਾਵਸ਼ਾਲੀ ਹਨ ਕਿ ਅੱਲਾਹ ਤਆਲਾ ਅਤੇ ਉਸ ਦੇ ਰਸੂਲ ਕਰੀਮ ਦੇ ਵਾਅਦੇ ਤੇਰੇ ਉੱਤੇ ਓਨਾ ਅਸਰ ਨਹੀਂ ਕਰਦੇ। ਹੁਣ ਤੂੰ ਆਪਣੇ ਈਮਾਨ ਦੀ ਬੁਨਿਆਦ ਦਾ ਨਰੀਖਣ ਕਰ, ਕਮਜ਼ੋਰ ਹੈ ਜਾਂ ਮਜ਼ਬੂਤ ਹੈ। ਕੁਝ ਲੋਕਾਂ ਨੂੰ ਇਹ ਵੀ ਰੋਗ ਹੁੰਦਾ ਹੈ ਕਿ ਉਹ ਐਵੇਂ ਹੀ ਕਹਿ ਦਿੰਦੇ ਹਨ ਕਿ ਫਲਾਂ ਆਇਤ ਜਾਂ ਹਦੀਸ ਤਾਂ ਮੁਸ਼ਰਿਕਾਂ ਦੇ ਹੱਕ ਵਿਚ ਹੈ, ਇਸ ਨਾਲ ਸਾਡੇ ਵਰਗੇ ਸੱਚੇ ਲੋਕਾਂ ਤੇ ਇਲਜ਼ਾਮ ਕਿਉਂ? ਤਾਂ ਇਸ ਦਾ ਉੱਤਰ ਹੈ ਕਿ ਇਹ ਆਇਤਾਂ ਜਾਂ ਹਦੀਸਾਂ ਉਹਨਾਂ ਬਦ ਬਖ਼ਤ ਲੋਕਾਂ ਦੀ ਸ਼ਾਨ ਵਿਚ ਹਨ ਜਿਨ੍ਹਾਂ ਦੇ ਅਮਲ ਇਸੇ ਯੋਗ ਸਨ ਅਤੇ ਜੇਕਰ ਤੇਰੇ ਅਮਲ ਵੀ ਅਜਿਹੇ ਹੀ ਹਨ ਤਾਂ ਤੂੰ ਆਪ ਸਮਝ ਲੈ ਕਿ ਕਿਸ ਦੀ ਸ਼ਾਨ ਵਿਚ ਹਨ। ਉਂਜ ਤਾਂ ਤੁਸੀਂ ਸਾਰੇ ਹੀ ਰੱਬ ਦੇ ਹੁਕਮਾਂ ਨੂੰ ਉਸੇ ਸਮੇਂ ਦੂਜੇ ਲੋਕਾਂ ਉੱਤੇ ਉਲਟਾ ਦੇਵੋਗੇ ਅਤੇ ਆਪ ਫ਼ਾਰਿਗ਼ ਹੋ ਜਾਵੋਗੇ। ਐ ਨਫ਼ਸ ਦੇ ਪਿੱਛੇ ਚੱਲਣ ਵਾਲੇ, ਅੱਖਾਂ ਖੋਲ ਅਤੇ ਹੁਸ਼ਿਆਰ ਹੋ ਜਾ ਅਤੇ ਆਪਣੀਆਂ ਤਾਵੀਲਾਂ (ਆਪਣੇ ਕੱਢੇ ਅਰਥ) ਦੀ ਆੜ ਵਿਚ ਆਜ਼ਾਦ ਨਾ ਹੋ ਅਤੇ ਆਪਣੀ ਕੈਦ ਅਤੇ ਪਾਬੰਦੀ ਨੂੰ ਵੇਖ ਅਤੇ ਮੁਹਲਤ ਦੀ ਜਾਂਚ ਕਰ, ਆਪਣਾ ਹਿਸਾਬ-ਕਿਤਾਬ ਕਰ, ਆਪਣੇ ਗਿਆਨ ਤੇ ਘੁਮੰਡ ਨਾ ਕਰ, ਤੇਰੇ ਕੋਲ ਤਾਂ ਇਲਮ ਦੇ ਸਮੁੰਦਰ ਦਾ ਕਤਰਾ ਵੀ ਨਹੀਂ ਹੈ ਅਤੇ ਜੋ ਥੋੜਾ ਬਹੁਤ ਹੈ ਉਸ ਤੋਂ ਆਪਣੀ ਨਜਾਤ ਦੀ ਰਾਹ ਲੱਭ। ਇਹ ਵੀ ਨਾ ਸਮਝ ਕਿ ਨਿਰਾ ਇਲਮ ਹੀ ਅਮਲ ਤੋਂ ਬਿਨਾਂ ਤੈਨੂੰ ਕਿਸੇ ਕੰਢੇ ਤੇ ਪਹੁੰਚਾਵੇਗਾ। ਸਗੋਂ ਅਮਲ ਤੋਂ ਬਿਨਾਂ ਇਲਮ ਤੈਨੂੰ ਅਜ਼ਾਬ ਲਈ ਇਕ ਹੁੱਜਤ ਹੈ।

**ਕਮਾ ਕਾਲਲ ਨਬੀ (ਸ.) ਅਸ਼ੱਦੂੱਨਾਸਿ ਅਜ਼ਾਬਨ ਯੌਮੁਲ ਕਿਯਾਮਾਤਿ ਆਲਿਮਉਲ ਲਮ ਯਨਤਾਫ਼ਿਅ ਬਿਇਲਮਿਹੀ੦**

ਜਿਸ ਵਿਦਵਾਨ ਨੇ ਆਪਣੇ ਗਿਆਨ ਤੋਂ ਆਪ ਲਾਭ ਨਹੀਂ ਉਠਾਇਆ ਕਿਆਮਤ ਵਾਲੇ ਦਿਨ ਉਸ ਨੂੰ ਸਭ ਤੋਂ ਸਖ਼ਤ ਅਜ਼ਾਬ ਹੋਵੇਗਾ। ਐ ਮੇਰੀ ਜਾਨ! ਜਦੋਂ ਤੂੰ ਆਪਣੇ ਆਪ ਨਮਾਜ਼ ਦੀ ਸੋਧ ਵਿਚ ਰੁੱਝਿਆ ਰਹੇਂਗਾ ਅਤੇ ਤੇਰੀ ਕੋਸ਼ਿਸ਼ ਸਿਰੇ ਚੜ੍ਹੇਗੀ ਤਾਂ ਤੂੰ ਸਾਰੀਆਂ ਖ਼ੂਬੀਆਂ ਨਾਲ ਮਾਲਾ-ਮਾਲ ਹੋ ਜਾਵੇਂਗਾ। ਸਦਾਚਾਰਕ ਕਦਰਾਂ-ਕੀਮਤਾਂ ਦਾ ਕੋਈ ਵੀ ਭਾਗ ਤੇਰੇ ਤੋਂ ਬਾਹਰ ਨਹੀਂ ਰਹੇਗਾ ਅਤੇ ਤੇਰੇ ਔਗੁਣਾਂ ਦਾ ਖ਼ਾਤਮਾ ਹੋ ਜਾਵੇਗਾ ਅਤੇ ਤੇਰਾ ਈਮਾਨ ਵੱਖ-ਵੱਖ ਰੰਗਾ ਤੋਂ ਛੁੱਟ ਕੇ ਇਕ ਰੰਗ ਵਿਚ ਰੰਗ ਜਾਵੇਗਾ ਅਤੇ ਤੇਰਾ ਨਫ਼ਸ ਬਦੀ ਨੂੰ ਛੱਡ ਕੇ ਸਕੂਨ ਤੇ ਚੈਨ ਦੇ ਰੁਤਬੇ ਉੱਤੇ ਪਹੁੰਚ ਜਾਵੇਗਾ। ਰੱਬ ਦੇ ਫ਼ਜ਼ਲ ਨਾਲ ਇਸ ਵਿਚ ਅਸਲ ਤਾਂ ਹਜ਼ੂਰ ਦੀ ਹਮੇਸ਼ਗੀ ਹੈ ਅਤੇ ਇਬਾਦਤ ਵੇਲੇ ਵਿਸ਼ੇਸ਼ ਤੌਰ ਤੇ ਹਜ਼ਰਤ ਮੁਹੰਮਦ (ਸ.) ਨੇ ਅਖ਼ਬਿਰਨੀ ਅਨਿਲ ਇਹਸਾਨ ਦੇ ਜਵਾਬ ਵਿਚ ਫ਼ਰਮਾਇਆ:

**ਅਨ ਤਅਬੁਦਲੱਾਹਾ ਤਆਲਾ ਕਾਅੰਨਾਕਾ ਤਰਾਹੁ ਫ਼ਾਇਲਮ ਤਕੁਨ ਤਰਾਹੁ ਫ਼ਾਇੰਨਾ ਹੁ ਯਰਾਕਾ੦**

ਤੂੰ ਅੱਲਾਹ ਤਆਲਾ ਦੀ ਬੰਦਗੀ ਇਸ ਤਰ੍ਹਾਂ ਕਰ ਜਿਵੇਂ ਤੂੰ ਉਸ ਨੂੰ ਵੇਖ ਰਿਹਾ ਹੋਵੇਂ ਕਿਉਂਕਿ ਜਦੋਂ ਬੰਦਾ ਆਪਣੇ ਮਾਲਿਕ ਦੀ ਸੇਵਾ ਵਿਚ ਆਪਣੇ ਮਾਲਿਕ ਨੂੰ ਵੇਖਦਾ ਹੋਵੇਗਾ, ਇੱਧਰ ਉਧਰ ਧਿਆਨ ਨਹੀਂ ਕਰੇਗਾ, ਬੇਸ਼ਕ ਉਸ ਦੇ ਜਲਾਲ ਜਾਂ ਗ਼ੁੱਸੇ ਤੋਂ ਡਰਦਾ ਰਹੇਗਾ। ਫੇਰ ਜੇਕਰ ਤੂੰ ਉਸ ਨੂੰ ਨਹੀਂ ਵੇਖਦਾ ਤਾਂ ਉਹ ਤੈਨੂੰ ਜ਼ਰੂਰ ਦੇਖਦਾ ਹੈ, ਬਾਹਰੋਂ ਵੀ ਅਤੇ ਅੰਦਰੋਂ ਵੀ। ਪਹਿਲੇ ਕਾਰਨ ਨੂੰ ਖੋਜਕਾਰਾਂ ਨੇ ਮੁਸ਼ਾਹਿਦਾ (ਰੂ-ਬ-ਰੂ ਦੇਖਣਾ) ਅਤੇ ਦੂਜੀ ਵਜ੍ਹਾ ਨੂੰ ਮੁਰਾਕਬਾ (ਰੱਬ ਵੱਲ ਧਿਆਨ ਲਾਉਣਾ) ਆਖਿਆ ਹੈ। ਮੁਸ਼ਾਹਿਦੇ ਵਿਚ ਖ਼ੁਦ ਮੁਰਾਕਬਾ ਵੀ ਸ਼ਾਮਿਲ ਹੈ। ਆਪਣੇ ਦਿਲ ਦਾ ਜਿੱਥੇ ਵੀ ਠਿਕਾਣਾ ਹੈ, ਅਮਲ ਵਿਚ ਲਿਆਵੇ। ਇਹ ਹੁਕਮ ਸਾਰੀਆਂ ਇਬਾਦਤਾਂ ਵਿਚ ਹੈ। ਨਮਾਜ਼ ਜੋ ਕਿ ਸਾਰੇ ਅਮਲਾਂ ਵਿਚੋਂ ਅਫ਼ਜ਼ਲ ਅਤੇ ਸਾਰੀਆਂ ਇਬਾਦਤਾਂ ਵਿਚੋਂ ਉੱਚਤਮ ਦਰਜੇ ਤੇ ਹੈ, ਜੇਕਰ ਇਸ ਦੀ ਸਹੀ ਦੇਖ-ਰੇਖ ਨਾ ਹੋਈ ਤਾਂ ਮੁਨਸਿਫ਼ (ਇਨਸਾਫ਼ ਕਰਨ ਵਾਲਾ) ਖ਼ੁਦ ਜਾਣਦਾ ਹੈ ਕਿ ਕਿਸ ਦਰਜੇ ਦੀ ਨਮਾਜ਼ ਹੋਈ ਹੈ। ਬੇਸ਼ਕ ਨਮਾਜ਼ ਦਾ ਪੜ੍ਹਨਾ ਸੋਖਾ ਨਹੀਂ ਪਰ ਇਸ ਨੂੰ ਛੱਡ ਕੇ ਵੀ ਗੁਜ਼ਾਰਾ ਨਹੀਂ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਹਰ ਹਾਲ ਵਿਚ ਨਮਾਜ਼ ਪੜ੍ਹੀ ਜਾਵੇ ਅਤੇ ਸਹੀ ਢੰਗ ਨਾਲ ਪੜ੍ਹੀ ਜਾਵੇ। ਬੱਸ ਜਦੋਂ ਤੱਕ ਬੰਦਾ ਨਮਾਜ਼ ਦੀ ਅਦਾਇਗੀ ਨੂੰ ਸਹੀ ਢੰਗ ਨਾਲ ਦਿਲ ਵਿਚ ਨਹੀਂ ਬਿਠਾ ਲੈਂਦਾ ਅਤੇ ਸਰਸਰੀ ਤੌਰ ਤੇ ਜਿਵੇਂ ਹੋਈ ਪੜ੍ਹ ਲਈ ਤੇ ਉਸ ਨੂੰ ਹੀ ਕਾਫ਼ੀ ਸਮਝਿਆ, ਉਹ ਨਮਾਜ਼ੀ ਕਹਾਉਣ ਦਾ ਹੱਕਦਾਰ ਨਹੀਂ ਹੋਵੇਗਾ। ਅਸੀਂ ਆਪਣੇ ਰੱਬ ਤੋਂ ਇਸ ਅਤਿ ਮਹੱਤਵਪੂਰਨ ਹੁਕਮ ਦੇ ਪੂਰਾ ਕਰਨ ਦੀ ਤੌਫ਼ੀਕ ਮੰਗਦੇ ਹਾਂ ਅਤੇ ਉਸੇ ਦੀ ਸਹਾਇਤਾ ਉੱਤੇ ਭਰੋਸਾ ਕਰਦੇ ਹਾਂ। ਰੱਬ ਹੀ ਅਸਲ ਤੌਫ਼ੀਕ ਅਤੇ ਸਹਾਇਤਾ ਬਖ਼ਸ਼ਣ ਵਾਲਾ ਹੈ।

*****

# ਸਹੀ ਵਾਜਿਬ ਨਮਾਜ਼ ਪੜਨ ਦਾ ਪਹਿਲਾ ਨਿਯਮ

ਇਨਸਾਨ ਉਦੋਂ ਹੀ ਸਹੀ ਨਮਾਜ਼ ਪੜ੍ਹ ਸਕਦਾ ਹੈ ਜਦੋਂ ਉਹ ਆਪਣਾ ਅਕੀਦਾ ਸੁੰਨਤ ਨੂੰ ਮੰਨਣ ਵਾਲੀ ਜਮਾਤ ਅਨੁਸਾਰ ਕਰ ਚੁੱਕਿਆ ਹੋਵੇ। ਜੇਕਰ ਉਸ ਦੇ ਈਮਾਨ ਵਿਚ ਕੁਝ ਕਦੂਰਤ ਬਾਕੀ ਹੈ ਤਾਂ ਉਹ ਆਪਣੀ ਨਮਾਜ਼ ਨੂੰ ਠੀਕ ਢੰਗ ਨਾਲ ਅਦਾ ਕਰਨ ਦੇ ਸਮਰਥ ਨਹੀਂ ਹੋਵੇਗਾ ਫੇਰ ਜਦੋਂ ਰੱਬ ਦੀ ਬਖ਼ਸ਼ਿਸ਼ ਸਦਕਾ ਕੁਝ ਨੇਅਮਤਾਂ ਵਿਚ ਮੁਮਤਾਜ਼ ਕੀਤਾ ਗਿਆ ਹੋਵੇ। ਪਹਿਲੀ ਗੱਲ ਤਾਂ ਇਹ ਕਿ ਇਸ ਦੇ ਖ਼ਤਰੇ ਟਲ ਜਾਣ ਅਤੇ ਗ਼ੈਰ ਜ਼ਰੂਰੀ ਖ਼ਿਆਲਾਂ ਦੀ ਸਾਂਝ ਉੱਤੇ ਉਸ ਨੂੰ ਕਾਦਿਰ ਕੀਤਾ ਗਿਆ ਹੋਵੇ।

ਨਮਾਜ਼ ਵਿਚ ਜਿਹੜੇ ਖ਼ਤਰੇ ਦਿਮਾਗ਼ ਵਿਚ ਘੁੰਮਦੇ ਹਨ, ਉਹ ਆਪਣੇ ਫ਼ਸਾਦ ਕਰਨ ਦੇ ਦਰਜਿਆਂ ਅਨੁਸਾਰ ਤਿੰਨ ਪ੍ਰਕਾਰ ਦੇ ਹੁੰਦੇ ਹਨ। ਪਹਿਲਾ ਇਹ ਕਿ ਇਨਸਾਨ ਕਿਸੇ ਗ਼ੈਰ ਦੇ ਸਾਹਮਣੇ ਇਨ੍ਹਾਂ ਦਾ ਇਜ਼ਹਾਰ ਕਰਦੇ ਹੋਏ ਸ਼ਰਮ ਮਹਿਸੂਸ ਕਰੇ ਜਿਵੇਂ ਮੁਨਕਿਰ ਹੋਣ ਜਾਂ ਨਾ ਮੰਨਣ ਦੇ ਖ਼ਿਆਲ, ਕਿਉਂਕਿ ਇਨ੍ਹਾਂ ਵਿਚ ਉਲਝਣਾ ਰੱਬ ਨੂੰ ਭੁਲਾਉਣ ਵਾਲੀ ਜਮਾਤ ਵਿਚ ਪ੍ਰਵੇਸ਼ ਕਰਨ ਵਰਗਾ ਹੈ। ਦੂਜੀ ਕਿਸਮ ਉਹ ਕਿ ਨਮਾਜ਼ੀ ਨੂੰ ਇਨਹਾਂ ਦਾ ਇਜ਼ਹਾਰ ਆਪਣੇ ਭੋਲੇਪਣ ਅਤੇ ਕਮੀਨੇਪਣ ਦਾ ਸੂਚਕ ਜਾਪੇ ਅਤੇ ਨਮਾਜ਼ ਨਾ ਪੜ੍ਹਣ ਵੇਲੇ ਇਸ ਨੂੰ ਜਾਇਜ਼ ਸਮਝੇ ਜਿਵੇਂ ਦੁਨੀਆਵੀ ਫ਼ਿਕਰਾਂ ਵਿਚ ਉਲਝਣਾਂ। ਜਾਣੀਆਂ ਬੁੱਝੀਆਂ ਚੀਜ਼ਾਂ ਨੂੰ ਛੱਡ ਕੇ ਵਹਿਮਾਂ ਭਰਮਾਂ ਨੂੰ ਪਾਲਣਾ ਵੀ ਇਸ ਦੀ ਹੀ ਜਿਨਸ ਵਿਚੋਂ ਹੈ। ਤੀਜੀ ਕਿਸਮ ਉਹ ਕਿ ਇਨਹਾਂ ਦਾ ਇਜ਼ਹਾਰ ਉਸ ਨੂੰ ਮੋਜੂਦ ਨੂੰ ਛੱਡ ਕੇ ਗੁਆਚੇ ਹੋਏ ਨੂੰ ਅਪਣਾਉਣ ਦੇ ਇਖ਼ਤਿਆਰ ਲਈ ਮੁਲਜ਼ਮ ਠਹਿਰਾਵੇ ਅਤੇ ਉਹ ਖ਼ਿਆਲਾਤ-ਏ-ਖ਼ਾਰਿਜ ਨਮਾਜ਼ ਵਿਚ ਸਵਾਬ ਹੋਣ ਜਿਸ ਤਰ੍ਹਾਂ ਸਜਦੇ ਦੀ ਹਾਲਤ ਵਿਚ, ਵਿਰਾਸਤ ਤੋਂ ਮਿਲੇ ਡਰ ਨੂੰ ਸਮਝਣ ਵਿਚ ਮਸਰੂਫ਼ ਹੋਵੇ।

ਬੱਸ ਨਮਾਜ਼ ਵਿੱਚ ਇਨ੍ਹਾਂ ਤਿੰਨ ਪ੍ਰਕਾਰ ਦੇ ਖ਼ਤਰਿਆਂ ਤੋਂ ਬਚਣਾ ਅਤੇ ਯਾਦ ਰੱਖਣ ਯੋਗ ਸੱਚਾਈਆਂ ਤੋਂ ਲਾਭ ਪ੍ਰਾਪਤ ਕਰਨਾ ਅਤੇ ਖ਼ੁਦਬੀਨੀ ਜਾਂ ਹੰਕਾਰ, ਜਿਸ ਦਾ ਮੁੱਖ ਕਾਰਨ ਬੇਸਮਝੀ ਤੇ ਵਹਿਮ ਹੈ, ਉੱਤੇ ਇੰਨਾ ਲਿੱਲਾ ਵਇੱਨਾ ਇਲੈਹਿ ਰਾਜਿਊਨo ਪੜਨਾ ਹੀ ਇਸਦਾ ਮੁੱਖ ਉਦੇਸ਼ ਹੈ। ਨਮਾਜ਼ ਦਾ ਪੂਰਨ ਰੂਪ ਵਿਚ ਅਦਾ ਹੋਣਾ ਇਹ ਹੈ ਕਿ ਨਮਾਜ਼ੀ ਦੇ ਦਿਮਾਗ਼ ਵਿਚ ਇਹ ਪੂਰੀ ਤਰ੍ਹਾਂ ਪੱਕਾ ਹੋ ਚੁੱਕਾ ਹੋਵੇ ਕਿ ਜਿਸ ਵਾਹਦਾਹੁ ਲਾਸ਼ਰੀਕ ਦੇ ਸਤਿਕਾਰ ਵਿਚ ਉਹ ਸਰਗਰਮ ਹੋਇਆ ਹੈ, ਉਸ ਦੀ ਮਹਾਨਤਾ ਕਿਹੋ ਜਿਹੀ ਹੈ? ਅਤੇ ਇਹ ਸਮਝੇ ਕਿ ਮੇਰਾ ਦਰਜਾ ਕੀ ਹੈ? ਅਤੇ ਮੈਨੂੰ ਉਸ ਅਜ਼ੀਮ ਰੱਬ ਨਾਲ ਕੀ ਨਿਸਬਤ ਹੈ? ਅਤੇ ਉਸ ਦਾ ਸਤਿਕਾਰ ਮੇਰੇ ਉੱਤੇ ਵਾਜਿਬ ਹੋਣ ਦੀਆਂ ਕੀ ਦਲੀਲਾਂ ਹਨ? ਅਤੇ ਮੈਨੂੰ ਇਸ ਦੀ ਕਿੰਨੀ ਲੋੜ ਹੈ? ਅਤੇ ਉਸ ਨੂੰ ਮੇਰੀ

ਪਰਵਾਹ ਹੈ ਜਾਂ ਨਹੀਂ ਅਤੇ ਜੇਕਰ ਮੈਂ ਉਸ ਦਾ ਸਤਿਕਾਰ ਜਾਂ ਪ੍ਰਸ਼ੰਸ਼ਾ ਨਾ ਕਰਾਂ ਤਾਂ ਉਸ ਦਾ ਕੁੱਝ ਬਿਗੜਦਾ ਹੈ ਜਾਂ ਮੇਰਾ ਅਤੇ ਇਹ ਪਤਾ ਕਰਨਾ ਕਿ ਨਮਾਜ਼ ਕਿਸ ਪੱਧਰ ਦੀ ਤਕੱਰਬ ਤੇ ਫ਼ਜ਼ੀਲਤ ਹੈ? ਇਸ ਦਾ ਬੰਦੇ ਅਤੇ ਰੱਬ ਦੇ ਵਿਚਕਾਰ ਕੀ ਸਬੰਧ ਹੈ? ਅਤੇ ਇਸ ਦੇ ਅਦਾ ਕਰਨ ਵਿਚ ਕਿੱਥੇ ਤੱਕ ਸਫ਼ਲਤਾ ਹੈ ਅਤੇ ਇਸ ਵਿਚ ਕੀ ਫ਼ਜ਼ਲ ਜਾਂ ਬਖ਼ਸ਼ਿਸ਼ ਹੈ? ਇਸ ਨੂੰ ਸਾਰੇ ਕੰਮਾਂ ਵਿਚੋਂ ਸਰਵਉੱਤਮ ਅਤੇ ਸਾਰੀਆਂ ਇਬਾਦਤਾਂ ਵਿਚੋਂ ਅਕਮਲ ਜਾਂ ਉੱਚਾ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਛੱਡਣਾ ਕਿਸ ਦਰਜੇ ਦਾ ਨੁਕਸਾਨ ਹੈ ਅਤੇ ਇਹ ਸਮਝਣਾ ਕਿ ਜਿਸ ਪਾਕੀਜ਼ਾ ਕਲਮੇ ਨਾਲ ਨਮਾਜ਼ ਅਦਾ ਹੁੰਦੀ ਹੈ ਅਤੇ ਇਸ ਦੇ ਫਲ ਦਾ ਪਤਾ ਚਲਦਾ ਹੈ ਕਿ ਉਹ ਕਿਸੇ ਰੁਤਬੇ ਦਾ ਕਲਮਾ-ਏ-ਖ਼ਾਸ ਹੋਵੇਗਾ ਅਤੇ ਉਸ ਦੀਆਂ ਬਰਕਤਾਂ ਦਾ ਫੈਲਾਓ ਕਿਸ ਦਰਜੇ ਦੇ ਧੰਨਵਾਦ ਦਾ ਫ਼ਰਜ਼ ਹੋਵੇਗਾ? ਸੋ ਜਦੋਂ ਤੱਕ ਇਹ ਸਾਰੀਆਂ ਗੱਲਾਂ ਦਿਲ ਵਿਚ ਨਾ ਹੋਣ, ਬੇਸ਼ਕ ਨਮਾਜ਼ੀ ਦੀ ਸੁਸਤੀ ਦੂਰ ਨਹੀਂ ਹੋਵੇਗੀ ਅਤੇ ਖ਼ੁਸ਼ੂਅ ਪ੍ਰਾਪਤ ਨਹੀਂ ਹੋਵੇਗਾ ਅਤੇ ਨਮਾਜ਼ ਉਸ 'ਤੇ ਭਾਰੀ ਹੋਵੇਗੀ। ਜੇਕਰ ਇਹ ਸਾਰੀਆਂ ਖ਼ੂਬੀਆਂ ਤੇਰੇ ਵਿਚ ਨਹੀਂ ਹਨ ਤਾਂ ਇਹਨਾਂ ਕੀਮਤੀ ਹਿਰਿਆਂ ਦੀ ਆਪਣੇ ਅੰਦਰ ਭਾਲ ਕਰ ਅਤੇ ਜਦੋਂ ਤੈਨੂੰ ਇਸ ਚਸ਼ਮਾ-ਏ-ਹਯਾਤ-ਏ-ਅਬਦੀ ਦਾ ਪਤਾ ਚੱਲੇਗਾ ਤਾਂ ਇਹ ਹਨ੍ਹੇਰਾ ਚਾਨਣ ਮੁਨਾਰਾ ਬਣ ਜਾਵੇਗਾ ਅਤੇ ਉਹ ਜ਼ਿੰਦਗੀ ਹੀ ਅਸਲ ਜ਼ਿੰਦਗੀ ਹੈ।

ਜੇਕਰ ਤੂੰ ਅਜਿਹੇ ਲੋਕਾਂ ਦਾ ਪਤਾ ਚਾਹੁੰਦਾ ਹੈ ਤਾਂ ਸਲਫ਼ ਸਾਲਿਹੀਨ ਅਤੇ ਉਲਮਾ ਦੀਆਂ ਰਚਨਾਵਾਂ ਦਾ ਪਾਠ ਆਪਣੇ ਉੱਤੇ ਲਾਜ਼ਿਮ ਕਰ ਲੈ। ਉਹਨਾਂ ਦੀ ਦਾਅਵਤ ਨੂੰ ਮੰਨ ਅਤੇ ਉਹਨਾਂ ਦੇ ਇਸ਼ਾਰਿਆਂ ਉੱਤੇ ਚੱਲ, ਫ਼ਿਕਰ ਤੇ ਜ਼ਿਕਰ ਨੂੰ ਨਾ ਛੱਡ, ਆਪਣੇ ਦਿਲ ਨੂੰ ਇਸ ਦਾ ਆਦੀ ਬਣਾ, ਅੱਖਾਂ ਤੇ ਕੰਨਾਂ ਨੂੰ ਨਾਦੀਦਨੀ ਤੇ ਨਾ ਸ਼ੁਨੀਦਨੀ ਤੋਂ ਬਚਾ, ਸਿਦਕ ਦਿਲੀ ਤੇ ਮਿਹਨਤ ਮੁਸ਼ੱਕਤ ਤੋਂ ਨਾ ਘਬਰਾ, ਸਮੇਂ ਨੂੰ ਗ਼ਨੀਮਤ ਸਮਝ ਤੇ ਮੌਤ ਨੂੰ ਹਾਜ਼ਿਰ ਜਾਣ ਅਤੇ ਆਪਣੇ ਰੱਬ ਸੋਹਣੇ ਤੋਂ ਆਸ ਰੱਖ ਕਿ ਜੇਕਰ ਤੈਨੂੰ ਉੱਧਰ ਝੁਕਾਇਆ ਹੈ ਤਾਂ ਬਰਬਾਦ ਨਹੀਂ ਕਰੇਗਾ। ਇਹ ਮੁਕਾਮ ਉਦੋਂ ਤੱਕ ਪ੍ਰਾਪਤ ਨਹੀਂ ਹੁੰਦਾ ਜਦੋਂ ਤੱਕ ਇਨੱਲਾਹਾ ਲਾਯੂਜ਼ੀਉ ਅਜਰਲ ਮੁਹਸਿਨੀਨ (ਸੂਰਤ ਅਲ ਤੌਬਾ : 120)

**ਵ ਇੱਨਾ ਹਰਮਤੱਲਾਹਿ ਕਰੀਬੁਮ ਮਿਨਲ ਮੁਹਸਿਨੀਨ** (ਸੂਰਤ ਐਰਾਫ਼ : 56)

ਜਦੋਂ ਤੇਰਾ ਰੁਝਾਨ ਹੱਕ ਵੱਲ ਹੈ ਤਾਂ ਤੂੰ ਸਮਝ ਲੈ ਕਿ ਉੱਧਰੋਂ ਰਹਿਮਤ ਤੇ ਬਖ਼ਸ਼ਿਸ਼ ਦੀ ਪਹਿਲੀ ਨਜ਼ਰ ਹੋਈ ਹੈ ਭਾਵ ਤੈਨੂੰ ਮਾਲਿਕ ਦੀ ਨਜ਼ਰ-ਏ-ਕਰਮ ਦਾ ਤਾਜ ਪਹਿਨਾਇਆ ਗਿਆ ਹੈ ਕਿਉਂਕਿ ਉਸ ਦੇ ਦਰਬਾਰ ਵਿਚ ਚੁਣਿਆ ਜਾਣਾ ਬੇਨਿਆਜ਼ੀ ਕਾਰਨ ਹੈ। ਯੂਹਿੱਬੂਹੁਮ ਵ ਯੁਹਿਬੂਨਾਹੂ- ਜੇਕਰ ਉੱਧਰੋਂ ਮੂੰਹ ਫੇਰ ਲਿਆ ਜਾਂਦਾ ਤਾਂ ਤੂੰ ਇਸ ਰਾਹ ਤੋਂ ਕੋਸਾਂ ਦੂਰ ਭੱਜਦਾ ਭਾਵ ਤੇਰੀ ਮਰਜ਼ੀ ਅਸਲ ਵਿਚ ਹੱਕ ਦੀ ਮਰਜ਼ੀ ਹੈ।

**ਵਮਾ ਤਸ਼ਾਊਨਾ ਇੱਲਾ ਅਈਂਯਾਸ਼ਾ ਅੱਲਾਹੂ** (ਸੂਰਹ ਅਲਤਕਵੀਰ: 297)

ਤੂੰ ਹੁਕਮ ਦੇ ਇਸ਼ਾਰੇ ਤੇ ਚੱਲ ਰਿਹਾ ਹੈ। ਜਦੋਂ ਤੈਨੂੰ ਇਹ ਮਾਣ ਪ੍ਰਾਪਤ ਹੈ ਤਾਂ ਇਸ ਉੱਤੇ ਹੀ ਜਿਨ੍ਹਾਂ ਹੋ ਸਕੇ ਉਸ ਮਾਲਿਕ ਦਾ ਧੰਨਵਾਦ ਕਰ ਅਤੇ ਤਰੱਕੀ

ਦੀ ਆਸ ਰੱਖ ਅਤੇ ਸਿੱਧੇ ਰਾਹ ਚੱਲਣ ਦੀ ਆਰਜ਼ੂ ਰੱਖ ਅਤੇ ਸ਼ੁਕਰਾਨੇ ਤੋਂ ਕਦੇ ਵੀ ਲਾ ਪਰਵਾਹੀ ਨਾ ਕਰੀਂ ਅਤੇ ਕਹਿੰਦਾ ਰਹੀਂ ਕਿ:

**ਅਲ ਹਮਦੂ ਲਿੱਲ੍ਹਾਹਿੱਲਾਜ਼ੀ ਹਦਾਇਨਾ ਲਿਹਾਜ਼ਾ0 ਵਮਾ ਕੁੰਨਾ ਲਿਨਹਤਦੀਯਾ ਲੌਂਲਾਆ ਅਨ ਹਦਾਇਨਲ੍ਹਾਹੁ0** (ਸੂਰਹ ਐਰਾਫ਼ : 43)

ਸ਼ਰੀਅਤ ਦੀ ਪਾਬੰਦੀ ਤੇ ਫ਼ਰਮਾਬਰਦਾਰੀ ਨੂੰ ਹੀ ਆਪਣੇ ਜੀਵਨ ਦਾ ਮੰਤਵ ਸਮਝ। ਇਸ ਮੁਕਾਮ ਤੇ ਤੀਜੀ ਰਕਾਅਤ ਅੰਦਰ ਇਸ ਰਸਾਲੇ ਦੇ ਖਰੜੇ ਵਿਚ ਨਮਾਜ਼ ਅਦਾ ਕਰਨ ਸੰਬੰਧੀ ਲਾਹੇਵੰਦ ਤੇ ਜ਼ਰੂਰੀ ਗੱਲਾਂ ਬਾਰੇ ਲਿਖਿਆ ਸੀ। ਹੁਣ ਰਸਾਲਾ ਲਿਖਣ ਤੋਂ ਬਾਅਦ ਮੈਨੂੰ ਉਚਿਤ ਜਾਪਿਆ ਕਿ ਤੀਜੀ ਰਕਾਅਤ ਦੇ ਬਿਆਨ ਸੰਬੰਧੀ ਇਕ ਵੱਖਰਾ ਰਸਾਲਾ "ਈਕਾਜ਼ੁਰੁੱਕੂਦ" ਦੇ ਨਾਂ ਨਾਲ ਲਿਖਿਆ ਜਾਵੇ, ਜੋ ਬਹੁਤ ਹੀ ਮੁਨਾਸਿਬ ਤੇ ਨਿਪੁੰਨ ਹੋਵੇ ਅਤੇ ਨਿਸਚਿਤ ਸੰਖੇਪ ਦੇ ਖ਼ਿਲਾਫ਼ ਨਾ ਹੋਵੇ। ਅਸਲ ਰਸਾਲਾ "ਮਆਰਿਬ-ਉਲ-ਖ਼ਾਸ਼ਿਈਨ" ਆਪਣੇ ਆਪ ਵਿਚ ਸੰਪੂਰਨ ਇਕਾਈ ਰਹੇ ਕਿ ਹਰ ਖ਼ੁਲਾਸਾ ਕਰਨ ਵਾਲੇ ਲਈ ਬਹੁਤ ਸੋਖਾ ਸਮਝ ਆਉਣ ਵਾਲਾ ਹੋਵੇ ਅਤੇ ਗ਼ਾਫ਼ਿਲਾਂ ਨੂੰ ਬੇਦਾਰ ਕਰਨ ਵਾਲਾ ਇਹ ਰਸਾਲਾ ਹਕਾਇਕ ਤੇ ਬਾਰੀਕੀਆਂ ਦੀ ਸੰਪੂਰਨਤਾ ਕਾਰਨ ਆਪਣੀ ਅਸਲ ਅਨੁਸਾਰ ਹੀ ਮੰਜ਼ਰ-ਏ-ਆਮ ਤੇ ਆਵੇ। "ਮਆਰਿਬ-ਉਲ-ਖ਼ਾਸ਼ਿਈਨ" ਨੂੰ ਦੇਖਣ ਵਾਲਾ ਜਦੋਂ ਤੱਕ "ਈਕਾਜ਼ੁੱਰੁਕੂਦ" ਨੂੰ ਪੂਰਨ ਤੌਰ ਤੇ ਗਹੁ ਨਾਲ ਨਹੀਂ ਵੇਖੇਗਾ, ਬਹੁਤ ਹੀ ਥੋੜੇ ਤੇ ਸਬਰ ਕਰਨ ਵਾਲਾ ਹੋਵੇਗਾ ਅਤੇ ਖਰੜੇ ਵਿਚ ਚੌਥੀ ਰਕਾਅਤ ਸੰਬੰਧੀ ਵਿਆਖਿਆ ਨੂੰ ਰਕਾਅਤੀਨ ਵਿਚ ਵੰਡਿਆ ਹੈ।

*****

## ਤੀਜਾ ਨੁਕਤਾ : ਨਮਾਜ਼ ਦੇ ਕਬੂਲ ਹੋਣ ਦੇ ਨਿਯਮਾਂ ਤੇ ਸ਼ਰਤਾਂ ਦੀ ਪਾਬੰਦੀ

ਐ ਮੇਰੇ ਪਿਆਰੇ! ਜਦੋਂ ਨਮਾਜ਼ ਦਾ ਵੇਲਾ ਹੋਣ ਲੱਗੇ ਤਾਂ ਸੁਸਤੀ ਕਾਹਿਲੀ ਤੇ ਬੇਪਰਵਾਹੀ ਦਾ ਤਿਆਗ ਜ਼ਰੂਰੀ ਹੈ। ਅਜਿਹਾ ਨਾ ਹੋਵੇ ਕਿ ਸਮਾਂ ਅੱਗੇ ਲੰਘ ਜਾਵੇ ਅਤੇ ਜਦੋਂ ਕਿਆਮਤ ਦੇ ਦਿਨ ਰੱਬ ਆਪਣੀ ਅਮਾਨਤ ਦਾ ਮੁਤਾਲਬਾ ਕਰੇ ਤਾਂ ਹੱਥ ਮਲਣੇ ਪੈਣ। ਉਦੋਂ ਲੰਘਿਆ ਸਮਾਂ ਹੱਥ ਨਹੀਂ ਆਵੇਗਾ।

**ਹਦੀਸ ਅੱਜਿਲੂ ਬਿੱਸਲਾਤਿ ਕਬਲਲਫ਼ੌਤਿ ਵਾ ਅੱਜਿਲੂ ਬਿੱਤਵਬਾਤਿ ਕਬਲਲ੦** ਮੌਤ ਨੂੰ ਯਾਦ ਰੱਖਣ ਤੋਂ ਲਾ-ਪਰਵਾਹੀ ਨਾ ਕਰੇ। ਸਹੀ ਸਮੇਂ ਤੇ ਹੀ ਨਮਾਜ਼ ਅਦਾ ਕਰੇ। ਨਮਾਜ਼ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਆਪਣੇ ਜ਼ਰੂਰੀ ਕੰਮਾਂ ਤੋਂ ਫ਼ਾਰਿਗ ਹੋ ਜਾਵੇ ਤਾਂ ਜੋ ਨਮਾਜ਼ ਪੜ੍ਹਦੇ ਸਮੇਂ ਧਿਆਨ ਹੋਰ ਪਾਸੇ ਨਾ ਜਾਵੇ। ਹਾਜਤ ਨਹਾਉਣ-ਧੋਣ ਆਦਿ ਵੀ ਪਹਿਲਾਂ ਹੀ ਕਰ ਲਵੇ। ਜੇਕਰ ਕੋਈ ਹੋਰ ਜ਼ਰੂਰੀ ਕੰਮ ਕਰਨਾ ਹੈ ਤਾਂ ਕਰ ਲਵੇ। ਭੁੱਖ-ਪਿਆਸ ਆਦਿ ਦੀ ਹਾਜਤ ਹੋਵੇ ਤਾਂ ਪਹਿਲਾਂ ਕੁਝ ਖਾ-ਪੀ ਲਵੇ। ਮਨ ਕਿਸੇ ਕਾਰਜ ਵਿਚ ਉਲਝਿਆ ਹੋਇਆ ਹੈ ਤਾਂ ਜਿੱਥੋਂ ਤੱਕ ਸੰਭਵ ਹੋ ਸਕੇ ਉਸ ਨੂੰ ਕਰ ਲਵੇ ਵਰਨਾ ਆਪਣੇ ਦਿਲ ਨਾਲ ਵਾਅਦਾ ਕਰੇ ਕਿ ਮੇਰੇ ਸਿਰ ਤੇ ਅਤਿ ਮਹਤੱਵਪੂਰਨ ਕੰਮ ਦਾ ਬੋਝ ਪਿਆ ਹੈ, ਇਸ ਨੂੰ ਦਸਤੂਰ ਅਨੁਸਾਰ ਪੂਰਾ ਕਰ ਲਵਾਂ ਤਾਂ ਫੇਰ ਦਰਪੇਸ਼ ਕੰਮ ਬਾਰੇ ਸੋਚ ਵਿਚਾਰ ਕਰਾਂਗਾ। ਇਸ ਲਈ ਮੈਂ ਖਿਮਾਂ ਦਾ ਜਾਚਕ ਹਾਂ। ਜੇਕਰ ਨਫ਼ਸ ਦੇ ਜ਼ਿਆਦਾ ਰੁਝਾਨ ਕਾਰਨ ਦਿਲ ਇਸ ਦੂਰ ਦ੍ਰਿਸ਼ਟੀ ਨੂੰ ਨਹੀਂ ਮੰਨਦਾ ਤਾਂ ਆਪਣੇ ਮਾਲਿਕ ਤੋਂ ਸਹਾਇਤਾ ਮੰਗਣੀ ਚਾਹੀਦੀ ਹੈ ਅਤੇ ਆਪਣੇ ਸ਼ਰਾਰਤੀ ਨਫ਼ਸ ਨੂੰ ਝਿੜਕੇ ਅਤੇ ਰੱਬ ਦੀ ਪਨਾਹ ਲੈਣ ਲਈ ਆਊਜ਼ਬਿੱਲਾਹ ਪੜ੍ਹੇ। ਫੇਰ ਆਪਣੀ ਨਿਮਰਤਾ ਤੇ ਹਾਜਤਮੰਦੀ ਉੱਤੇ ਅਤੇ ਰੱਬ ਦੀ ਮਹਾਨਤਾ, ਬਜ਼ੁਰਗੀ ਤੇ ਗ਼ੁੱਸੇ ਉੱਤੇ ਸੋਚ ਵਿਚਾਰ ਕਰੇ। ਕੰਮ ਦੀ ਨਾਸ਼ਮਾਨਤਾ, ਕਮਜ਼ੋਰੀ ਤੇ ਹਲਕੇਪਣ ਨੂੰ ਨਮਾਜ਼ ਦੀ ਪਾਇਦਾਰੀ, ਸਥਿਰਤਾ ਅਤੇ ਬਹੁ-ਮੁੱਲਤਾ ਨਾਲ ਤੁਲਨਾ ਕਰੇ। ਸੱਚੀ ਨਮਾਜ਼ ਪੜ੍ਹਨ ਵਾਲਿਆਂ ਦੇ ਹਾਲਾਤ ਨੂੰ ਯਾਦ ਕਰੇ ਕਿ ਉਨਹਾਂ ਨੇ ਨਮਾਜ਼ ਨੂੰ ਕੀ ਸਮਝਿਆ ਹੈ? ਅਤੇ ਕਿਵੇਂ ਪੜ੍ਹਿਆ ਹੈ? ਅਤੇ ਨਮਾਜ਼ ਪੜ੍ਹਦੇ ਸਮੇਂ ਉਨ੍ਹਾਂ ਦਾ ਕੀ ਹਾਲ ਹੁੰਦਾ ਸੀ? ਤੇ ਉਨ੍ਹਾਂ ਦੀਆਂ ਦੁਨਿਆਵੀ ਸੋਚਾਂ ਉੱਤੇ ਸਦੀਵੀ ਸੱਚ ਕਿਵੇਂ ਜਿੱਤ ਪ੍ਰਾਪਤ ਕਰਦਾ ਸੀ ਭਾਵ ਉਹ ਦੁਨੀਆ ਨੂੰ ਨਮਾਜ਼ ਦੇ ਮੁਕਾਬਲੇ ਕਿੱਥੇ ਰੱਖਦੇ ਸਨ? ਹਜ਼ਰਤ ਅਲੀ ਮੁਰਤਜ਼ਾ ਕਰਮ ਅੱਲਾਹ ਵਜਹੁ ਦੀਆਂ ਪਵਿੱਤਰ ਆਦਤਾਂ ਤੋਂ ਨਕਲ ਕੀਤਾ ਗਿਆ ਹੈ ਕਿ ਨਮਾਜ਼ ਪੜਦੇ ਹੋਏ ਰੱਬ ਦੇ ਖ਼ੌਫ਼ ਕਾਰਨ ਆਪ ਦਾ ਰੰਗ ਇਨ੍ਹਾਂ ਬਦਲ ਜਾਂਦਾ ਸੀ ਕਿ ਸਹੀ ਤੌਰ ਤੇ ਪਹਿਚਾਨੇ ਨਹੀਂ ਜਾਂਦੇ ਸਨ। ਵਰਨਣਯੋਗ ਹੈ ਕਿ ਆਪ ਦੀ ਅਸਲੀ ਰੰਗਤ ਦੀ ਚਮਕ ਤੇ

ਠਾਠ-ਬਾਠ ਯਮਨ ਦੇ ਸੁਰਖ਼ ਹੀਰਿਆਂ ਨੂੰ ਵੀ ਮਾਤ ਦਿੰਦੀ ਸੀ ਪਰ ਨਮਾਜ਼ ਵੇਲੇ ਇਹ ਹਾਲ ਹੁੰਦਾ ਸੀ ਜਿਵੇਂ ਜ਼ਾਫ਼ਰਾਨ ਵਿਚ ਰੰਗੇ ਹੋਏ ਹੋਣ। ਜਦੋਂ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਕੰਬਦੇ ਹੋਏ ਫ਼ਰਮਾਉਣ ਲੱਗੇ ਕਿ ਤੁਸੀਂ ਜਾਣਦੇ ਨਹੀਂ ਹੋ ਕਿ ਕਿਸ ਦੇ ਹਜ਼ੂਰ ਵਿਚ ਅਜਿਹਾ ਹਾਲ ਹੁੰਦਾ ਹੈ? ਮੈਂ ਜਾਣਦਾ ਹਾਂ ਕਿ ਮੈਂ ਕਿੱਥੇ ਖੜ੍ਹਾ ਹੋਇਆ ਹੁੰਦਾ ਹਾਂ? ਅਤੇ ਕਿਸ ਉਮੀਦ ਅਤੇ ਡਰ ਦੀ ਕਸ਼ਮਕਸ਼ ਵਿਚ ਇਹ ਰੰਗਤ ਚਿਹਰੇ ਉੱਤੇ ਅਪੜਦੀ ਹੈ। ਅਜਿਹਾ ਹੀ ਹਾਲ ਉਨ੍ਹਾਂ ਦੇ ਪੋਤੇ ਹਜ਼ਰਤ ਜ਼ੈਨ-ਉਲ-ਆਬਿਦੀਨ ਹੋਰਾਂ ਦਾ ਦੱਸਿਆ ਜਾਂਦਾ ਹੈ ਕਿ ਵਜ਼ੂ ਕਰਦੇ ਸਮੇਂ ਉਨ੍ਹਾਂ ਦਾ ਰੰਗ ਖ਼ੌਫ਼ ਨਾਲ ਪੀਲਾ ਹੋ ਜਾਂਦਾ ਸੀ। ਜਾਣ ਪਹਿਚਾਣ ਵਾਲੇ ਪੁੱਛਦੇ ਸੀ ਕਿ ਵੁਜ਼ੂ ਕਰਦੇ ਸਮੇਂ ਆਪ ਦਾ ਹਾਲ ਅਜਿਹਾ ਕਿਉਂ ਹੋ ਜਾਂਦਾ ਹੈ? ਕਹਿਣ ਲੱਗੇ ਤੁਹਾਨੂੰ ਪਤਾ ਵੀ ਹੈ ਕਿ ਕਿਸ ਦੇ ਸਾਹਮਣੇ ਖੜ੍ਹਾ ਹੋਣ ਦਾ ਸਮਾਂ ਹੁੰਦਾ ਹੈ ਅਤੇ ਕਿਸ ਮਿਅਰਾਜ ਦੀ ਚੜ੍ਹਾਈ ਹੁੰਦੀ ਹੈ। ਹਜ਼ਰਤ ਤਲਹਾ ਰਜ਼ੀ ਅੱਲਾਹ ਤਆਲਾ ਅਨਹੁ ਇਕ ਵਾਰ ਆਪਣੇ ਖੰਜੂਰਾਂ ਦੇ ਬਾਗ਼ ਵਿਚ ਨਮਾਜ਼ ਪੜ੍ਹ ਰਹੇ ਸਨ। ਬਾਗ਼ ਦੇ ਸੰਘਣੇ ਰੁੱਖਾਂ ਦੀਆਂ ਟਹਿਣੀਆਂ ਦੇ ਝੁਰਮਟ ਵਿਚ ਇਕ ਚਿੜੀ ਉੱਡ ਰਹੀ ਸੀ। ਉਸ ਨੂੰ ਬਾਹਰ ਜਾਣ ਦਾ ਰਸਤਾ ਨਹੀਂ ਸੀ ਮਿਲ ਰਿਹਾ। ਨਮਾਜ਼ ਪੜ੍ਹਦੇ ਸਮੇਂ ਉਨ੍ਹਾਂ ਦਾ ਧਿਆਨ ਉੱਧਰ ਚਲਾ ਗਿਆ ਅਤੇ ਇਸੇ ਕਾਰਨ ਨਮਾਜ਼ ਦੀਆਂ ਰਕਾਤਾਂ ਦੀ ਗਿਣਤੀ ਭੁੱਲ ਗਏ। ਆਪਣੇ ਨਫ਼ਸ ਦੀ ਇਸ ਗ਼ਲਤੀ ਉੱਤੇ ਰੋਏ ਅਤੇ ਆਪਣੇ ਕਸੂਰ ਦਾ ਕੁਫ਼ਾਰਾ ਦੇਣ ਲਈ ਸਾਰਾ ਬਾਗ਼ ਹੀ ਸਦਕਾ ਕਰ ਦਿੱਤਾ ਭਾਵ ਅੱਲਾਹ ਦੀ ਰਾਹ ਵਿਚ ਦੇ ਦਿੱਤਾ।

ਕਿਸੇ ਨੇ ਹਾਤਿਮ ਅਸਮ ਤੋਂ ਉਨ੍ਹਾਂ ਦੀ ਨਮਾਜ਼ ਦਾ ਹਾਲ ਪੁੱਛਿਆ ਤਾਂ ਦੱਸਿਆ ਕਿ ਜਦੋਂ ਮੈਂ ਨਮਾਜ਼ ਲਈ ਤਿਆਰੀ ਕਰਦਾ ਹਾਂ ਤਾਂ ਪਹਿਲਾਂ ਪੂਰੀ ਤਰ੍ਹਾਂ ਸੁਚੇਤ ਹੋ ਕੇ ਪੂਰੇ ਆਦਾਬ ਨਾਲ ਤਰ-ਬ-ਤਰ ਵੁਜ਼ੂ ਕਰਦਾ ਹਾਂ ਤੇ ਫੇਰ ਨਮਾਜ਼ ਪੜਨ ਵਾਲੀ ਥਾਂ ਆ ਕੇ ਆਪਣੇ ਜਿਸਮ ਨੂੰ ਇਕਾਗਰ ਕਰਨ ਲਈ ਬੈਠ ਜਾਂਦਾ ਹਾਂ, ਫਿਰ ਨਮਾਜ਼ ਲਈ ਖੜਾ ਹੋ ਜਾਂਦਾ ਹਾਂ, ਅੱਲਾਹੁ ਅਕਬਰ। ਉਹ ਕਿਸ ਜਲਾਲ ਦਾ ਸਮਾਂ ਹੁੰਦਾ ਹੈ? ਅਤੇ ਉਸਦੇ ਸਾਹਮਣੇ ਜਾਣ ਸਮੇਂ ਮੈਂ ਕਿਬਲੇ ਨੂੰ ਦੋਹਾ ਭਰਵੱਟਿਆਂ ਵਿਚਾਲੇ ਰੱਖਦਾ ਹਾਂ ਅਤੇ ਸਮਝਦਾ ਹਾਂ ਕਿ ਪੁਲ-ਏ-ਸਿਰਾਤ ਤੇ ਖੜਾ ਹਾਂ। ਉਸ ਉੱਤੇ ਮੇਰੇ ਦੋਨੋਂ ਪੈਰ ਹਨ, ਮਤਲਬ ਦਿਲ ਦਾ ਪੈਰ ਫਿਸਲਿਆ ਤਾਂ ਕਟ ਕੇ ਗਿਰ ਗਿਆ। ਜੰਨਤ ਨੂੰ ਆਪਣੇ ਸੱਜੇ ਪਾਸੇ ਅਤੇ ਜਹੰਨਮ ਦੀ ਅੱਗ ਖੱਬੇ ਪਾਸੇ ਤਸੱਵੁਰ ਕਰਦਾ ਹਾਂ ਅਤੇ ਇਜ਼ਰਾਈਲ ਨੂੰ ਆਪਣੇ ਪਿੱਛੇ ਖੜਾ ਮਹਿਸੂਸ ਕਰਦਾ ਹਾਂ ਕਿ ਮੇਰੀ ਜਾਨ ਕੱਢਣ ਲਈ ਮੌਜੂਦ ਹਨ, ਭਾਵ ਇਸ ਨਮਾਜ਼ ਨੂੰ ਹੀ ਆਪਣੀ ਆਖ਼ਰੀ ਨਮਾਜ਼ ਮੰਨਦਾ ਹਾਂ। ਨਮਾਜ਼ ਵਿਚਕਾਰ ਖ਼ੌਫ਼ ਅਤੇ ਉਮੀਦ ਦੀਆਂ ਲਹਿਰਾਂ ਵਿਚ ਤੈਰਦਾ ਰਹਿੰਦਾ ਹਾਂ ਅਤੇ ਖ਼ਲੂਸ, ਸੱਚਾਈ ਨੂੰ ਕਿਸੇ ਦਮ ਨਹੀਂ ਭੁਲੱਦਾ ਅਤੇ ਇਸੇ ਤਰਾਂ ਅੰਤ ਤੱਕ ਪਹੁੰਚਦਾ ਹਾਂ। ਡਰ ਦੇ ਮਾਰੇ ਕੰਬਦਾ ਹਾਂ ਤੇ ਰੋਂਦਾ ਹਾਂ ਕਿ ਮੇਰੀ ਨਮਾਜ਼ ਕਬੂਲ ਹੋਈ ਜਾਂ ਨਹੀਂ। ਫੇਰ ਆਜਿਜ਼ੀ ਤੇ ਨਿਮਰਤਾ ਨਾਲ ਹੱਥ ਫੈਲਾਉਂਦਾ ਹਾਂ। ਐ ਮਾਲਿਕ, ਐ ਬਖ਼ਸ਼ਣਹਾਰ ਤੇਰੇ ਨਿਮਾਨੇ ਬੰਦੇ ਤੋਂ ਇਨ੍ਹਾਂ ਹੀ ਹੋ ਸਕਿਆ, ਤੂੰ ਹੀ

ਮੈਨੂੰ ਤੌਫ਼ੀਕ ਦੇਵੇਂ, ਬਖ਼ਸ਼ਿਸ਼ ਕਰੇਂ ਤਾਂ ਸੱਚ-ਮੁੱਚ ਦੀ ਨਮਾਜ਼ ਨਸੀਬ ਹੋਵੇ ਕਿਉਂਕਿ ਰੱਬ ਦੇ ਸਾਰੇ ਚਹੇਤੇ ਤੇ ਪਿਆਰੇ ਬੰਦੇ ਅਜਿਹੀ ਹੀ ਨਮਾਜ਼ ਪੜ੍ਹਦੇ ਸਨ। ਇਸੇ ਲਈ ਜੇਕਰ ਇਨਹਾਂ ਖ਼ਾਸ ਬੰਦਿਆਂ ਦੇ ਅਮਲਾਂ ਵਾਂਗ ਅਮਲ ਕੀਤੇ ਜਾਣਗੇ ਤਾਂ ਉਨ੍ਹਾਂ ਹੀ ਵੱਡਾ ਅਜਰ ਤੇ ਸਵਾਬ ਮਿਲੇਗਾ। ਜ਼ਿਕਰਯੋਗ ਹੈ ਕਿ ਇਨਹਾਂ ਹਜ਼ਰਾਤ ਨੂੰ ਵੀ ਪਹਿਲੇ ਹੀ ਦਿਨ ਇਹ ਦਰਜਾ ਨਸੀਬ ਨਹੀਂ ਹੋ ਗਿਆ ਸੀ ਸਗੋਂ ਆਪਣੀ ਮੁਹੱਬਤ ਤੇ ਅਮਲਾਂ ਨਾਲ ਇਹ ਪਦਵੀ ਨਸੀਬ ਹੋਈ। ਇਸ ਲਈ ਬੰਦਾ ਅਜਿਹੀ ਨਮਾਜ਼ ਤਦ ਹੀ ਪੜ੍ਹੇਗਾ ਜਦੋਂ ਉਸ ਦੇ ਦਿਲ 'ਤੇ ਰੱਬ ਦੀ ਮੁਹੱਬਤ ਅਤੇ ਰੋਅਬ ਗ਼ਾਲਿਬ ਹੋ ਰਿਹਾ ਹੋਵੇ, ਦੁਨੀਆਵੀ ਲਾਲਚਾਂ ਦੀ ਅੱਗ ਬੁਝ ਚੁੱਕੀ ਹੋਵੇ ਅਤੇ ਉਸਨੇ ਸਮਝ ਲਿਆ ਹੋਵੇ ਕਿ ਦੁਨੀਆਵੀ ਕੰਮਾਂ ਜਾਂ ਮਾਮਲਿਆਂ ਵਿਚ ਲੋੜ ਅਨੁਸਾਰ ਹੀ ਦਖ਼ਲ ਦਿੱਤਾ ਜਾਣਾ ਚਾਹੀਦਾ ਹੈ, ਉਹ ਵੀ ਆਪਣੀ ਔਕਾਤ ਅਨੁਸਾਰ ਅਤੇ ਬਾਕੀ ਸਾਰਾ ਸਮਾਂ ਰੱਬ ਦੀ ਯਾਦ ਵਿਚ ਹੀ ਲਾਉਣਾ ਜ਼ਰੂਰੀ ਹੁੰਦਾ ਹੈ। ਦੁਨੀਆਂ ਦੇ ਧੰਦੇ ਕੇਵਲ ਖ਼ਾਲਿਸ ਭਗਤੀ ਤੇ ਇਬਾਦਤ ਦੇ ਵਸੀਲੇ ਹਨ। ਜਿਹੜਾ ਕੰਮ ਇਬਾਦਤ ਦਾ ਵਸੀਲਾ ਨਹੀਂ ਅਤੇ ਜਿਸ ਨਾਲ ਰੱਬ ਦੀ ਰਜ਼ਾ ਤੇ ਮਰਜ਼ੀ ਨਹੀਂ ਮਿਲਦੀ, ਉਹ ਬੇਕਾਰ ਹੈ ਜਾਂ ਨੁਕਸਾਨ ਦਾ ਕਾਰਨ ਹੈ। ਸੱਚ ਤਾਂ ਇਹ ਹੈ ਕਿ ਕਿਸੇ ਨੂੰ ਮਿੱਤਰ ਸਮਝੇ ਤਾਂ ਉਹਦੇ ਲਈ, ਕਿਸੇ ਨੂੰ ਦੁਸ਼ਮਣ ਸਮਝੇ ਤਾਂ ਉਹਦੇ ਲਈ ਦੇਵੇ ਤਾਂ ਉਹਦੇ ਲਈ, ਨਾ ਦੇਵੇ ਤਾਂ ਉਹਦੇ ਲਈ, ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਨਮਾਜ਼ ਵੇਲੇ ਰੱਬ ਦਾ ਪੂਰਨ ਦੀਦਾਰ ਨਹੀਂ ਹੋਵੇਗਾ। ਜੇਕਰ ਦਿਲ ਵਿਚ ਕੋਈ ਮੈਲ ਆ ਗਿਆ ਹੈ ਤਾਂ ਕੇਵਲ ਨਮਾਜ਼ ਸਮੇਂ ਥੋੜੀ ਜਿਹੀ ਦੇਰ ਵਿਚ ਧੋਇਆ ਨਹੀਂ ਜਾ ਸਕਦਾ ਹਾਂ ਜਦੋਂ ਦਿਲ ਨਮਾਜ਼ ਦੀ ਲੱਜ਼ਤ ਜਾਂ ਮਿਠਾਸ ਵਿਚ ਮਸਤ ਹੋਵੇ ਤਾਂ ਸਮਾਂ ਬਹੁਤ ਘੱਟ ਲੱਗੇਗਾ। ਉਸ ਸਮੇਂ ਉਸ ਪਾਕ ਜ਼ਾਤ ਦੇ ਢੰਗ ਤੋਂ ਨਿੱਖਰ ਜਾਵੇਗਾ। ਉਸ ਸਮੇਂ ਤੋਂ ਪਹਿਲਾਂ ਉਸ ਦਾ ਜ਼ਾਹਿਰ ਹੋਣਾ ਵੀ ਅਕਸਰ ਆਪਣੇ ਅਮਲ ਵਿਚ ਨੁਕਸ ਤੋਂ ਖ਼ਾਲੀ ਨਹੀਂ ਹੋਵੇਗਾ।

ਇਕ ਵਾਰ ਰਸੂਲ ਅੱਲਾਹ ਹਜ਼ਰਤ ਮੁਹੰਮਦ ਮੁਸਤਫ਼ਾ (ਸ.) ਨੇ ਇਕ ਵਿਅਕਤੀ ਨੂੰ ਨਮਾਜ਼ ਪੜ੍ਹਦੇ ਸਮੇਂ ਆਪਣੀ ਦਾੜ੍ਹੀ ਵਿਚ ਹੱਥ ਫੇਰਦੇ ਹੋਏ ਵੇਖਿਆ ਤਾਂ ਫ਼ਰਮਾਇਆ ਕਿ ਜੇਕਰ ਇਸ ਵਿਅਕਤੀ ਦਾ ਦਿਲ ਨਿਮਰਤਾ ਰੱਖਦਾ ਹੁੰਦਾ ਤਾਂ ਇਸ ਦਾ ਸਰੀਰ ਵੀ ਆਜਿਜ਼ੀ ਕਰਨ ਵਾਲਾ ਹੋਣਾ ਸੀ। ਕਹਿਣ ਤੋਂ ਭਾਵ ਜਿਸ ਵਿਅਕਤੀ ਦਾ ਦਿਲ ਹੀ ਨਿਮਰਤਾ ਵਰਗੀ ਵੱਡੀ ਨੇਅਮਤ ਤੋਂ ਮਹਿਰੂਮ ਹੋਵੇ ਉਹਦੇ ਅਮਲਾਂ ਦਾ ਕੀ ਇਤਬਾਰ। ਐ ਨਮਾਜ਼ੀ! ਨਮਾਜ਼ ਪੜ੍ਹਨ ਲਈ ਜੋ ਪਹਿਲੀ ਚੀਜ਼ ਤੈਨੂੰ ਜਾਗਰੁਕ ਕਰਦੀ ਹੈ ਉਹ ਅਜ਼ਾਨ ਹੈ। ਮੁਅੱਜ਼ਨ ਉਚੀ ਅਵਾਜ਼ ਵਿਚ ਤੈਨੂੰ ਖ਼ਬਰਦਾਰ ਕਰਦਾ ਹੈ ਅਤੇ ਰੱਬ ਦੇ ਜ਼ਿਕਰ (ਸਿਮਰਨ) ਦੀ ਯਾਦ ਦਿਲਾਉਂਦਾ ਹੈ ਕਿ ਤੂੰ ਆਪਣੀ ਸੋਧ ਅਤੇ ਤਰੱਕੀ ਲਈ ਤਿਆਰ ਹੋ ਜਾ। ਇਸ ਲਈ ਜਦੋਂ ਤੇਰੇ ਕੰਨ ਵਿਚ ਉਸ ਮਹਾਨ ਰੱਬ ਦੇ ਨਾਂ ਦੀ ਪੁਕਾਰ ਪਹੁੰਚੇ ਤਾਂ ਤੈਨੂੰ ਚਾਹੀਦਾ ਹੈ ਕਿ ਕਿਆਮਤ ਵਾਲੇ ਦਿਨ ਦੇ ਸਮੇਂ ਰੱਬ ਦੇ ਰੋਅਬ ਤੇ ਦਬਦਬੇ ਨੂੰ ਯਾਦ ਕਰੇਂ ਬਲਕਿ ਆਪਣੇ ਦਿਲ ਦੀਆਂ ਅੱਖਾਂ ਦੇ

ਸਾਹਮਣੇ ਹਸ਼ਰ ਦੇ ਮੈਦਾਨ ਨੂੰ ਮਹਿਸੂਸ ਕਰੇਂ ਅਤੇ ਇਹ ਸਮਝੇਂ ਕਿ ਇਹ ਮਨਾਦੀ ਕਿਆਮਤ ਦੇ ਸੁਨੇਹੇ ਨਾਲ ਮਿਲਦੀ ਜੁਲਦੀ ਹੈ। ਇਕ ਦਿਨ ਅਸਾਂ ਸਾਰਿਆਂ ਨੇ ਇਸੇ ਤਰ੍ਹਾਂ ਸਜਦਿਆਂ ਵਿਚ ਪੁਕਾਰਨਾ ਹੈ। ਬੱਸ ਜੇਕਰ ਦਿਲ ਨੇ ਇਸ ਅਵਾਜ਼ ਨੂੰ ਪੂਰੀ ਚਾਹਤ ਅਤੇ ਸਨੇਹ ਨਾਲ ਕਬੂਲ ਕਰ ਲਿਆ ਅਤੇ ਸੱਚੇ ਦਿਲੋਂ ਇਸ ਦੀ ਗਵਾਹੀ ਦਿੰਦੇ ਹੋਏ ਇਸ ਨੂੰ ਕਬੂਲ ਕਰਨ ਵਿਚ ਰੁੱਝ ਜਾਂਦਾ ਹੈ ਤਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਦਿਨਾਂ ਵਿਚ ਉਸ ਸਮੇਂ ਦੇ ਪੁਕਾਰੇ ਜਾਣ ਤੇ ਵੀ ਤੈਨੂੰ ਪ੍ਰਸਨੱਤਾ ਤੇ ਖ਼ੁਸ਼ੀ ਹੋਵੇਗੀ ਅਤੇ ਰੱਬ ਨਾ ਕਰੇ ਜੇਕਰ ਤੈਨੂੰ ਔਖਿਆਈ ਮਹਿਸੂਸ ਹੋਈ ਤਾਂ ਕਿਆਮਤ ਦੇ ਆਉਣ ਵਾਲੇ ਦਿਹਾੜੇ ਤੇ ਵੀ ਇਹੋ ਆਸ ਰੱਖੀਂ। ਅਜ਼ਾਨ ਦੇ ਸ਼ਬਦਾਂ ਨੂੰ ਕਬੂਲ ਕਰਦੇ ਹੋਏ ਜਵਾਬ ਦੇਣਾ ਅਤੇ ਉਸ ਦੇ ਅਰਥਾਂ ਉੱਤੇ ਯਕੀਨ ਕਰਨਾ ਵਾਜਿਬ ਹੁੰਦਾ ਹੈ। ਤਹਿ ਦਿਲੋਂ ਇਸ ਦੀ ਤਸਦੀਕ ਕਰਨਾ ਵੱਡਾ ਫ਼ਰਜ਼ ਹੈ ਕਿਉਂਕਿ ਇਸ ਦੀ ਤਸਦੀਕ ਅਤੇ ਇਕਰਾਰ ਕਰਨ ਨਾਲ ਈਮਾਨ ਤਾਜ਼ਾ ਹੁੰਦਾ ਹੈ। ਇਸ ਨੂੰ ਕਬੂਲ ਕਰਨ ਉਪਰੰਤ ਅਮਲੀ ਰੂਪ ਵਿਚ ਅਪਨਾਉਣ ਤੋਂ ਵੀ ਦੇਰ ਨਾ ਕਰੇ। ਸਲਫ਼ (ਵੱਡੇ ਬਜ਼ੁਰਗਾਂ) ਦਾ ਇਹ ਹਾਲ ਸੀ ਕਿ ਜੇਕਰ ਤਪਦੇ ਹੋਏ ਲੋਹੇ ਉੱਤੇ ਮਾਰਨ ਲਈ ਲੁਹਾਰ ਨੇ ਆਪਣਾ ਹਥੌੜਾ ਉੱਪਰ ਚੁੱਕਿਆ ਅਤੇ ਬਾਂਗ ਸੁਣਾਈ ਦਿੱਤੀ ਤਾਂ ਉਂਜ ਹੀ ਹੱਥ ਨੂੰ ਹਵਾ ਵਿਚ ਰਹਿਣ ਦਿੱਤਾ ਅਤੇ ਅਜ਼ਾਨ ਸੁਣਨ ਵਿਚ ਲੀਨ ਹੋ ਜਾਂਦਾ ਤੇ ਝੱਟ-ਪੱਟ ਜਮਾਤ ਵਿਚ ਹਾਜ਼ਿਰ ਹੋ ਜਾਂਦਾ ਅਤੇ ਤਪੇ ਹੋਏ ਲੋਹੇ ਨੂੰ ਆਹਰਨ 'ਤੇ ਹੀ ਰਹਿਣ ਦਿੰਦਾ। ਇਸੇ ਤਰ੍ਹਾਂ ਜੇਕਰ ਮੋਚੀ ਨੇ ਜੁੱਤਾ ਸਿਉਣ ਵੇਲੇ ਆਪਣੇ ਆਰ ਵਿਚ ਸੂਲ ਖਬੋਇਆ ਅਤੇ ਅਜ਼ਾਨ ਦੀ ਪੁਕਾਰ ਕੰਨ ਵਿਚ ਪਈ ਤਾਂ ਉਸ ਨੇ ਆਪਣੇ ਦਰਫ਼ਿਸ਼ (ਸੂਏ) ਨੂੰ ਕੱਢਿਆ ਨਹੀਂ ਸਗੋਂ ਉੱਥੇ ਦਾ ਉੱਥੇ ਹੀ ਛੱਡ ਦਿੱਤਾ ਤੇ ਰੱਬ ਦੇ ਹੁਕਮ ਨੂੰ ਪੂਰਾ ਕਰਨ ਲਈ ਬਿਨਾਂ ਕਿਸੇ ਦੇਰੀ ਤੋਂ ਮਸਜਿਦ ਚਲਾ ਗਿਆ।

ਫਿਰ ਨਮਾਜ਼ ਲਈ ਤਹਾਰਤ (ਪਾਕੀ) ਪਹਿਲੀ ਸ਼ਰਤ ਹੈ। ਤਹਾਰਤ ਦੇ ਵੀ ਦਰਜੇ ਹਨ। ਵਾਧੂ ਚੀਜ਼ਾਂ ਤੋਂ ਲੈ ਕੇ ਉਸ ਦੇ ਅਸਲ ਤੱਕ ਤਹਾਰਤ ਜ਼ਰੂਰੀ ਹੈ। ਬਾਹਰਲੀਆਂ ਚੀਜ਼ਾਂ ਵਿਚ ਨਮਾਜ਼ੀ ਦੀ ਕਦਮ ਗਾਹ (ਖੜੇ ਹੋਣ ਦੀ ਥਾਂ) ਅਤੇ ਸਜਦਾ ਗਾਹ ਦੀ ਪਾਕੀ ਫ਼ਰਜ਼ ਹੈ। ਉਹ ਜਿਹੜੇ ਕਪੜੇ ਪਾ ਕੇ ਨਮਾਜ਼ ਪੜ੍ਹਦਾ ਹੈ, ਪਾਕ ਹੋਣੇ ਜ਼ਰੂਰੀ ਹਨ ਅਤੇ ਨਾਲ ਹੀ ਪੂਰੇ ਸਰੀਰ ਨੂੰ ਹਰ ਤਰ੍ਹਾਂ ਦੀ ਪਲੀਤੀ ਤੇ ਨਾਪਾਕੀ ਤੋਂ ਪਾਕ ਕਰਨਾ ਪਹਿਲੀ ਸ਼ਰਤ ਹੈ। ਇਸੇ ਤਰ੍ਹਾਂ ਨਾਪਾਕੀ ਦੇ ਵੀ ਦਰਜੇ ਹਨ। ਕੁਝ ਚੀਜ਼ਾਂ ਘੱਟ ਗੰਦੀਆਂ ਹਨ ਅਤੇ ਕੁਝ ਚੀਜ਼ਾਂ ਵੱਧ ਗੰਦੀਆਂ ਹਨ। ਸਭ ਤੋਂ ਗ਼ਲੀਜ਼ ਅੰਦਰੂਨੀ ਗੰਦਗੀ ਹੈ ਅਤੇ ਬਾਹਰੀ ਪਾਕੀਜ਼ਗੀ ਤੇ ਪਵਿੱਤਰਤਾ ਉਸ ਅਸਲ ਦਾ ਲਿਬਾਸ ਹੈ। ਨਫ਼ੀਸ ਚੀਜ਼ ਨੂੰ ਸਾਫ਼ ਸੁਥਰੇ ਭਾਡੇਂ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਫਿਰ ਇਸ ਤੇ ਪਾਕੀਜ਼ਾ ਗ਼ਿਲਾਫ਼ ਪਾ ਕੇ ਪਵਿੱਤਰ ਥਾਂ ਤੇ ਧਰਿਆ ਜਾਵੇ। ਜਿਸ ਨੇ ਆਪਣੇ ਆਪ ਨੂੰ ਕੇਵਲ ਬਾਹਰੀ ਤੌਰ ਤੇ ਹੀ ਪਾਕ ਕੀਤਾ ਅਤੇ ਆਪਣੇ ਅੰਦਰ ਨੂੰ ਨਾਪਾਕ ਰਹਿਣ ਦਿੱਤਾ, ਉਸ ਦੀ ਉਦਾਹਰਣ ਇਸ ਤਰ੍ਹਾਂ ਹੈ ਕਿ ਜਿਵੇਂ ਗੰਦਗੀ ਨੂੰ ਪਾਕ ਭਾਂਡੇ ਵਿਚ ਪਾ ਕੇ ਪਾਕ ਕੱਪੜੇ ਵਿਚ ਲਪੇਟ ਕੇ ਕਿਸੇ ਪਵਿੱਤਰ ਸਥਾਨ ਤੇ ਰੱਖ ਦਿੱਤਾ ਜਾਵੇ। ਨਫ਼ਸ ਦੀ

ਸ਼ੁੱਧਤਾ ਤੇ ਪਵਿੱਤਰਤਾ ਉਂਜ ਤਾਂ ਨਮਾਜ਼ ਵੇਲੇ ਹੀ ਨਹੀਂ ਸਗੋਂ ਹਰ ਹਾਲ ਵਿਚ ਜ਼ਰੂਰੀ ਹੈ ਪਰ ਨਮਾਜ਼ ਦੀ ਹਾਲਤ ਵਿਚ ਸ਼ਰਤ-ਏ-ਮੋਅੱਕਦਾਤਰ (ਅਤਿ ਜ਼ਰੂਰੀ) ਹੈ। ਜਿਸ ਤਰ੍ਹਾਂ ਜ਼ਾਹਿਰ ਨੂੰ ਹਰ ਤਰ੍ਹਾਂ ਦੀ ਪਲੀਤੀ ਤੋਂ ਪਾਕ-ਸਾਫ਼ ਕੀਤਾ, ਠੀਕ ਉਸੇ ਤਰ੍ਹਾਂ ਆਪਣੇ ਨਫ਼ਸ ਨੂੰ ਅਖ਼ਲਾਕੀ ਬੁਰਾਈਆਂ ਦੀ ਅਸ਼ੁੱਧਤਾ ਤੋਂ ਪਾਕ ਕਰਨਾ ਵੀ ਅਸਲ ਮੁੱਦਾ ਹੈ ਅਤੇ ਇਹੋ ਹੀ ਨਮਾਜ਼ ਦਾ ਅਸਲ ਮੰਤਵ ਹੈ। ਜ਼ਾਹਿਰੀ ਤਹਾਰਤ ਤਹੂਰ-ਓ-ਤਯੱਮੁਮ ਦੇ ਪਾਣੀ ਤੋਂ ਪ੍ਰਾਪਤ ਹੁੰਦੀ ਹੈ ਅਤੇ ਨਫ਼ਸ ਦੀ ਤਹਾਰਤ ਸ਼ਰਮਿੰਦਗੀ ਭਰੇ ਹੰਝੂਆਂ ਅਤੇ ਸੱਚੀ ਪੱਕੀ ਤੌਬਾ ਨਾਲ ਪ੍ਰਾਪਤ ਹੁੰਦੀ ਹੈ।

ਜੇਕਰ ਤੁਸੀਂ ਰੱਬ ਦੀ ਅਜ਼ਮਤ ਅਤੇ ਉਸ ਦੇ ਜਲਾਲ ਦੇ ਡਰ ਦਾ ਵੁਜ਼ੂ ਨਹੀਂ ਕੀਤਾ ਤਾਂ ਬਾਹਰੀ ਵੁਜ਼ੂ ਵੀ ਕਾਰਗਰ ਨਹੀਂ ਹੋਵੇਗਾ। ਇਹਨਾਂ ਸ਼ਰਤਾਂ ਤੋਂ ਬੇਪਰਵਾ ਨਮਾਜ਼ ਵੀ ਲਾਭਦਾਇਕ ਨਹੀਂ ਹੋਵੇਗੀ। ਬੱਸ ਜੇਕਰ ਐਨ ਨਮਾਜ਼ ਦੀ ਹਾਲਤ ਵਿਚ ਦਿਲ ਅਸ਼ਲੀਲ ਤੇ ਨਾਸਤਿਕ ਵਿਚਾਰਾਂ ਵਿਚ ਘੁੰਮਦਾ ਹੈ ਤਾਂ ਬਾਹਰ ਦੀ ਪਾਕੀ ਕੀ ਕਰੇਗੀ? ਮਤਲੂਬਾ ਥਾਂ ਤਾਂ ਗੰਦਗੀ ਹੀ ਗੰਦਗੀ ਪਈ ਹੈ। ਨਮਾਜ਼ ਨੂੰ ਇਸੇ ਚੀਜ਼ ਦੀ ਸਫ਼ਾਈ ਦੀ ਸਭ ਤੋਂ ਵਧੇਰੇ ਲੋੜ ਹੈ। ਦੂਜੇ ਹਾਲਾਤ ਦੇ ਮੁਕਾਬਲੇ ਜਦੋਂ ਦਿਲ ਵਿਚ ਇਸ ਚੀਜ਼ ਦੇ ਹੀ ਢੇਰਾਂ ਦੇ ਢੇਰ ਲੱਗ ਜਾਣ ਤਾਂ ਇਹੋ ਨਤੀਜਾ ਨਿਕਲੇਗਾ ਕਿ ਇਹ ਨਮਾਜ਼ ਹੀ ਨਹੀਂ ਹੈ, ਜੇਕਰ ਹੁੰਦੀ ਤਾਂ ਇਸ ਤੋਂ ਕੁੱਝ ਵੱਖਰਾ ਵਾਪਰਦਾ। ਇਸ ਲਈ ਅੰਦਰੂਨੀ ਤੇ ਬਾਹਰੀ ਨਾਪਾਕੀ ਨੂੰ ਪਵਿੱਤਰ ਕਰਨ ਲਈ ਪਾਕ ਪਾਣੀ ਜਾਂ ਤਯੱਮੁਮ (ਮਿਟੀ ਰਾਹੀਂ ਪਾਕੀ ਲੈਣਾ) ਹੀ ਕਾਫ਼ੀ ਨਹੀਂ ਹੈ ਅਤੇ ਦਿਲ ਦੀ ਨਾਪਾਕੀ ਤੇ ਗੰਦਗੀ ਜੋ ਕਿ ਖ਼ਿਆਲ ਤੇ ਅਕੀਦੇ ਦੀ ਨਾਪਾਕੀ ਕਾਰਨ ਹੈ, ਉਸ ਨੂੰ ਸੱਚੇ ਦਿਲੋਂ ਤੌਬਾ ਤੇ ਅਸਤਗ਼ਫ਼ਾਰ ਨਾਲ ਧੋਵੇ ਅਤੇ ਰੂਹ ਦੀ ਤਹਾਰਤ ਇਹ ਕਿ ਰੱਬ ਦੀ ਬਖ਼ਸ਼ਿਸ਼ ਤੇ ਮਿਹਰ 'ਤੇ ਦਿਲ ਦੀ ਕਦੂਰਤ ਤੇ ਧੁੰਦਲੇਪਣ ਨੂੰ ਹੱਕ ਦੇ ਸਿਮਰਨ ਵਿਚ ਡਬੋ ਦੇਵੇ ਅਤੇ ਆਪਣੀ ਸੋਚ ਦੇ ਹਉਮੈ ਤੇ ਗ਼ਰੂਰ ਨੂੰ ਜਵਾਬੀ ਮੁਲਾਕਾਤ ਤੋਂ ਫ਼ਨਾ ਦੇ ਪਾਣੀ ਨਾਲ ਪਾਕ ਕਰੇ ਅਤੇ ਬੇਗਾਨੇਪਣ ਦੇ ਪਰਦੇ ਨੂੰ ਫ਼ਾੜ ਦੇਵੇ। ਫੇਰ ਉਹ ਅੰਤਰੀ ਤੇ ਬਾਹਰੀ ਸ਼ਿਰਕ ਤੋਂ ਪਾਕ ਹੋਵੇਗਾ ਅਤੇ ਨਮਾਜ਼ ਦੇ ਭੇਦ ਉਸ ਤੇ ਪੂਰੀ ਤਰਾਂ ਜ਼ਾਹਿਰ ਹੋ ਜਾਣਗੇ। ਪੀਰ ਮਸ਼ਾਇਖ਼ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਨੇ ਆਪਣੇ ਬੰਦੇ ਨੂੰ ਜਿਹੜੇ ਬਿਹਤਰੀਨ ਸਰੋਪੇ ਪਾਏ ਹਨ, ਬੰਦੇ ਲਈ ਅਤਿ ਜ਼ਰੂਰੀ ਹੈ ਕਿ ਉਹਨਾਂ ਵਿਸ਼ੇਸ਼ ਇਨਾਮਾਂ ਦੀ ਕਦਰ ਕਰੇ ਅਤੇ ਇਸ ਬੇਮਿਸਾਲ ਬਖ਼ਸ਼ਿਸ਼ ਲਈ ਉਸ ਮਾਲਿਕ ਦਾ ਸ਼ੁਕਰਾਨਾ ਅਦਾ ਕਰੇ। ਨਾਪਾਕੀ ਤੇ ਪਲੀਤੀ ਦੇ ਧੱਬਿਆਂ ਤੋਂ ਬਚਦਾ ਰਹੇ ਅਤੇ ਜ਼ਾਹਰੀ ਤਹਾਰਤ ਵੇਲੇ, ਅੰਦਰੂਨੀ ਤਹਾਰਤ ਤੇ ਸਫ਼ਾਈ ਦਾ ਵੀ ਵਿਸ਼ੇਸ਼ ਧਿਆਨ ਰੱਖੇ। ਅਜਿਹਾ ਨਾ ਹੋਵੇ ਕਿ ਨਾ-ਕਦਰੀ ਕਾਰਨ ਉਸ ਤੋਂ ਇਹ ਨੇਅਮਤਾਂ ਤੇ ਬਖ਼ਸ਼ਿਸ਼ਾਂ ਖੋਹ ਲਈਆਂ ਜਾਣ। ਨਊਜ਼ ਬਿੱਲਹ ਮਿਨ ਜ਼ਾਲਿਕਾ੦ ਉਹ ਪੰਜ ਸਰੋਪੇ ਇਸਲਾਮ, ਈਮਾਨ, ਤੌਹੀਦ, ਮਾਅਰਫ਼ਤ ਅਤੇ ਰੱਬ ਦੀ ਮੁਹੱਬਤ ਦੇ ਹਨ। ਇਸਲਾਮ ਦੇ ਲਿਬਾਸ ਨੂੰ ਬੁਰਾਈਆਂ ਦੀ ਪਲੀਤੀ ਤੋਂ ਅਤੇ ਈਮਾਨ ਦੇ ਲਿਬਾਸ ਨੂੰ ਦੋਗਲੇਪਣ ਤੇ ਸ਼ੱਕ ਦੀ ਗੰਦਗੀ ਤੋਂ, ਤੌਹੀਦ ਦੇ ਲਿਬਾਸ

ਨੂੰ ਗ਼ੈਰ ਦੇ ਦਰਸ਼ਨ ਜਾਂ ਭੇਂਟ ਦੀ ਬੁਰਾਈ ਤੋਂ, ਮਾਅਰਫ਼ਤ ਦੇ ਲਿਬਾਸ ਨੂੰ ਜਹਾਲਤ, ਸੁਸਤੀ ਤੇ ਲਾਪਰਵਾਹੀ ਦੀ ਮੈਲ ਤੋਂ ਅਤੇ ਰੱਬੀ ਪਿਆਰ ਤੇ ਸਤਿਕਾਰ ਦੇ ਲਿਬਾਸ ਨੂੰ ਕਿਸੇ ਗ਼ੈਰ ਦੀ ਮੁਹੱਬਤ ਦੀ ਮੈਲ ਤੋਂ ਪਾਕ-ਸਾਫ਼ ਰੱਖੇ। ਜ਼ਰੂਰੀ ਹੈ ਕਿ ਬੰਦੇ ਦੇ ਇਹ ਪੰਜੋਂ ਕਪੜੇ ਪੂਰਨ ਪਵਿੱਤਰ ਤੇ ਨਫ਼ੀਸ ਹੋਣ ਤਾਂ ਉਸ ਨੂੰ ਰੱਬ ਦੇ ਹਜ਼ੂਰ ਜ਼ਰੂਰ ਹੀ ਠਿਕਾਣਾ ਮਿਲ ਜਾਵੇਗਾ।

**ਹਕਾਇਤ ਜਾਂ ਕਿੱਸਾ:** ਕੋਈ ਮੁਰੀਦ ਇੱਕ ਸ਼ੇਖ਼ ਦੇ ਹਜ਼ੂਰ ਹਾਜ਼ਿਰ ਹੋਇਆ ਅਤੇ ਆਪਣੀ ਅਕੀਦਤ ਤੇ ਸ਼ਰਧਾ ਦਾ ਪ੍ਰਗਟਾਵਾ ਕਰਦੇ ਹੋਏ ਮਸ਼ਾਇਖ਼ ਦੇ ਸਿਲਸਲੇ ਨਾਲ ਜੁੜਨ ਦੀ ਇੱਛਾ ਪ੍ਰਗਟਾਈ। ਸ਼ੇਖ਼ ਨੇ ਉਸ ਦੀ ਸੱਚੀ ਸ਼ਰਧਾ ਨੂੰ ਮਹਿਸੂਸ ਕਰਦੇ ਹੋਏ ਉਸ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਪਹਿਲਾਂ ਉੱਪਰ ਅੰਕਿਤ ਸ਼ਰਤਾਂ ਅਨੁਸਾਰ ਉਸ ਦਾ ਵੁਜ਼ੂ ਕਰਵਾਇਆ ਅਤੇ ਤੌਫ਼ੀਕ ਅਨੁਸਾਰ ਦੋਗਾਨਾ ਪੜ੍ਹਵਾਇਆ ਅਤੇ ਉਸ ਦੀ ਨਿਪੁੰਨਤਾ ਤੇ ਇਸਤਕਾਮਤ ਲਈ ਦੁਆ ਮੰਗੀ, ਫੇਰ ਉਸ ਦੇ ਹੱਥ ਵਿਚ ਹੱਥ ਦਿੱਤਾ ਅਤੇ ਰੋ-ਰੋ ਕੇ ਫ਼ਰਮਾਇਆ : ਐ ਵਲੀ ਅੱਲਾਹ ਹੁਣ ਤੂੰ ਮੇਰੀ ਨਿਸਬਤ ਉਸ ਉੱਚੇ ਰੁਤਬੇ ਦਾ ਹੱਕਦਾਰ ਹੈ। ਤੇਰੇ ਸੰਪੂਰਨ ਵੁਜ਼ੂ ਨੇ ਤੈਨੂੰ ਹਰ ਤਰ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਬੁਰਾਈਆਂ ਤੇ ਪਲੀਤੀਆਂ ਤੋਂ ਪਾਕ ਕਰ ਦਿੱਤਾ ਹੈ ਅਤੇ ਹੁਣ ਤੂੰ ਨਾ ਫ਼ਰਮਾਨੀ ਤੇ ਗ਼ਲਤੀਆਂ ਤੋਂ ਪਾਕ ਹੋ ਗਿਆ ਹੈ। ਕਾਸ਼ ਕਿ ਮੈਨੂੰ ਮਾਂ ਨਾ ਜੰਮਦੀ, ਮੈਂ ਫ਼ਿਲਹਾਲ ਤੇਰੇ ਵਰਗਾ ਨਹੀਂ ਹਾਂ। ਜਿਸ ਦਾ ਵੁਜ਼ੂ ਪੂਰਾ ਹੋਇਆ ਉਸ ਦੀ ਨਮਾਜ਼ ਵੀ ਠੀਕ ਹੋ ਗਈ ਹੈ ਅਤੇ ਜਿਸ ਦਾ ਵੁਜ਼ੂ ਹੀ ਅਧੂਰਾ ਹੈ, ਉਸ ਦੀ ਨਮਾਜ਼ ਵੀ ਅਧੂਰੀ ਹੈ ਜਾਂ ਨਾਕਿਸ। ਨਮਾਜ਼ ਲਈ ਕਿਸੇ ਪਵਿੱਤਰ ਕਪੜੇ ਨਾਲ ਸਤਰ (ਪਰਦਾ) ਢਕਣਾ ਸ਼ਰਤ ਹੈ। ਉਹ ਜਾਣਦਾ ਹੈ ਕਿ ਉਸ ਨੇ ਲੋਕਾਂ ਦੀਆਂ ਨਜ਼ਰਾਂ ਤੋਂ ਆਪਣੀਆਂ ਸ਼ਰਮ ਵਾਲੀਆਂ ਚੀਜ਼ਾ ਨੂੰ ਛੁਪਾ ਲਿਆ ਹੈ ਪਰ ਮਾੜੇ ਚਰਿੱਤਰ ਦੇ ਸਤਰ ਨੂੰ ਢਕਣਾ ਇਸ ਤੋਂ ਵੀ ਮਹੱਤਵਪੂਰਣ ਹੈ। ਫੇਰ ਜਾਣਕਾਰ ਸੁਜਾਖੇ ਦੀ ਨਜ਼ਰ ਤੋਂ ਇਸ ਦਾ ਛੁਪਣਾ ਸੰਭਵ ਹੀ ਨਹੀਂ। ਇਸ ਦਾ ਇਲਾਜ ਇਹ ਹੈ ਕਿ ਬੁਰੇ ਕੰਮਾਂ ਤੋਂ ਮੂੰਹ ਮੋੜ ਕੇ ਦਰਿੜ ਇਰਾਦੇ ਨਾਲ ਇਸ ’ਤੇ ਪਰਦਾ ਪਾਵੇ ਅਤੇ ਇਸ ’ਤੇ ਮਜ਼ਬੂਤੀ ਨਾਲ ਚੱਲਣ ਦੀ ਰੱਬ ਤੋਂ ਤੌਫ਼ੀਕ ਮੰਗੇ ਕਿ ਉਸ ਤੋਂ ਮਾੜੇ ਅਮਲਾਂ ਸੰਬੰਧੀ ਪੁੱਛ-ਗਿੱਛ ਨਹੀਂ ਹੋਵੇਗੀ ਭਾਵ ਉਸ ਤੇ ਔਰਤ ਦਾ ਸਤਰ ਸੰਪੂਰਨ ਹੋਇਆ। ਫੇਰ ਉਸ ਸਮੇਂ ਆਪਣੇ ਦਿਲ ਦੀ ਨਜ਼ਰ ਨਾਲ ਵੀ ਅੰਦਰੂਨੀ ਬੁਰਾਈਆਂ ਤੇ ਐਬਾਂ ਤੇ ਪਰਦਾ ਪਾਵੇ। ਆਪਣੀ ਅੰਦਰੂਨੀ ਸ਼ਰਮਗਾਹ ਦਾ ਤਿੰਨ ਕਪੜਿਆਂ ਨਾਲ ਪਰਦਾ ਕਰੇ। ਕਿਰਦਾਰ ਦੀ ਸ਼ਰਮ ਦੇ ਪਜਾਮੇ, ਰੱਬ ਦੇ ਡਰ-ਖ਼ੌਫ਼ ਦੀ ਚੱਦਰ ਜਾਂ ਔੜਨੀ ਅਤੇ ਚਰਿੱਤਰ ਦੀ ਮੁਹੱਬਤ ਜਾਂ ਸਨੇਹ ਦੀ ਪਗੜੀ। ਨਮਾਜ਼ ਨੂੰ ਨਮਾਜ਼ਾਂ ਦੇ ਨਿਸਚਿਤ ਸਮਿਆਂ ਤੇ ਹੀ ਪੜ੍ਹਨਾ ਸ਼ਰਤ ਹੈ। ਨਮਾਜ਼ ਪੜ੍ਹਣ ਦੇ ਉਚਿਤ ਤੇ ਬੇਹਤਰ ਵੇਲਿਆਂ ਨੂੰ ਨਸ਼ਟ ਨਾ ਕਰੇ, ਜਦੋਂ ਉਹ ਸਹੀ ਸਮੇਂ ਨਮਾਜ਼ ਅਦਾ ਕਰਨ ਦਾ ਆਦੀ ਹੋ ਜਾਵੇਗਾ ਤਾਂ ਹਾਜ਼ਰੀ ਦੇ ਵੇਲੇ ਤੋਂ ਪਹਿਲਾਂ ਆਪਣੇ ਦੂਜੇ ਜ਼ਰੂਰੀ ਕੰਮਾਂ ਨੂੰ ਵੀ ਨਿਪਟਾ ਲਵੇਗਾ, ਇਨਸ਼ਾਅ ਅੱਲਾਹ (ਜੇਕਰ ਰੱਬ ਨੇ ਚਾਹਿਆ)। ਫੇਰ ਨਮਾਜ਼ ਲਈ ਕਿਬਲੇ ਨੂੰ

ਪੇਸ਼ਵਾ ਬਣਾਉਣਾ ਵੀ ਸ਼ਰਤ ਹੈ ਕਿਉਂਕਿ ਧਿਆਨ ਕਰਨ ਲਈ ਕਿਬਲਾ ਸਿਰਫ਼ ਤੇ ਸਿਰਫ਼ 'ਕਾਅਬਾ' ਹੈ ਅਤੇ ਉਹੋ ਜਿਹਾ ਹੀ ਨਿਸਚਿਤ ਕਿਬਲਾ ਉਸ ਵਾਹਦਹੁ ਲਾ-ਸ਼ਰੀਕ (ਜਿਸ ਦਾ ਕੋਈ ਸ਼ਰੀਕ ਨਾ ਹੋਵੇ) ਦੀ ਮੁਕਦੱਸ ਤੇ ਪਵਿੱਤਰ ਜ਼ਾਤ ਹੈ। ਇਸ ਧਿਆਨ ਤੇ ਹਾਜ਼ਰੀ ਦੇ ਵੇਲੇ ਬੰਦੇ ਨੂੰ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਸਿਵਾਏ ਰੱਬ ਦੀ ਮੁਕਦੱਸ ਜ਼ਾਤ ਤੋਂ ਸਭ ਕੁੱਝ ਬਿਲਕੁਲ ਭੁੱਲ ਗਿਆ ਹੋਵੇ।

ਦੇਖੋ ਬੰਦੇ ਦੇ ਵਿਚਾਰ ਆਰਜ਼ੀ ਹਨ। ਜਿਹੜੇ ਲੋਕਾਂ ਜਾਂ ਵਸਤੂਆਂ ਨਾਲ ਉਸ ਦੀ ਜਾਣ-ਪਛਾਣ ਤੇ ਸਬੰਧ ਸਥਾਪਿਤ ਹੋ ਜਾਂਦਾ ਹੈ ਉਹ ਉਨ੍ਹਾਂ ਦੇ ਹੀ ਖ਼ਿਆਲਾਂ ਵਿਚ ਉਲਝਿਆ ਰਹਿੰਦਾ ਹੈ। ਅਕਸਰ ਇਹ ਭੌਤਿਕ ਪਦਾਰਥ ਜਾਂ ਸਾਮਗਰੀ ਅੱਖਾਂ ਤੇ ਕੰਨਾ ਰਾਹੀਂ ਸਬੰਧ ਬਣਾਉਂਦੇ ਹਨ। ਕੇਵਲ ਅੱਖਾਂ ਘੁਮਾਈਆਂ ਅਤੇ ਬੇਲੋੜੀ ਗੱਲਬਾਤ ਦਾ ਇਤਫ਼ਾਕ ਹੋਇਆ ਤੇ ਫੇਰ ਹਰ ਵੇਲੇ ਉਹ ਇਨ੍ਹਾਂ ਕੰਮਾਂ ਵਿਚ ਹੀ ਉਲਝਿਆ ਰਹਿੰਦਾ ਹੈ। ਉਹ ਜਿੱਥੇ ਰਹਿੰਦਾ ਹੈ ਉੱਥੇ ਦੇ ਅਫ਼ਕਾਰ ਹੀ ਉਸ ਦੇ ਦਿਲ ਦੀ ਤੈਅ ਨਾਲ ਚਿੰਬੜ ਜਾਂਦੇ ਹਨ, ਉਹ ਇਨ੍ਹਾਂ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ ਪਰ ਛੁੱਟਦਾ ਨਹੀਂ ਕਿਉਂਕਿ ਇਹ ਵਿਚਾਰ ਦਿਲ ਵਿਚ ਘਰ ਕਰ ਜਾਂਦੇ ਹਨ। ਇਹ ਵਿਚਾਰ ਜਾਂ ਤਾਂ ਉਸ ਦੀ ਆਪਣੀ ਜ਼ਾਤ ਸੰਬਧੀ ਹੁੰਦੇ ਹਨ ਜਿਵੇਂ ਰੋਜ਼ੀ-ਰੋਟੀ ਦੀ ਫ਼ਿਕਰ ਆਦਿ ਜਾਂ ਉਸ ਦੇ ਆਪਣਿਆਂ ਦੇ ਦੁੱਖ-ਦਰਦ ਅਤੇ ਵੱਖ-ਵੱਖ ਚੀਜ਼ਾਂ ਪ੍ਰਾਪਤ ਕਰਨ ਦੀਆਂ ਸਕੀਮਾਂ, ਕਿਸੇ ਦੀ ਦੁਸ਼ਮਣੀ ਤੇ ਕਿਸੇ ਦਾ ਪਿਆਰ ਆਦਿ। ਅਕਸਰ ਅਜਿਹੇ ਵਿਚਾਰ ਫ਼ਾਲਤੂ ਹੁੰਦੇ ਹਨ ਭਾਵ ਇਹ ਵੱਖ-ਵੱਖ ਪ੍ਰਕਾਰ ਦੇ ਖ਼ਿਆਲਾਤ ਦਿਲ ਦੇ ਵੱਖ-ਵੱਖ ਕੋਨਿਆਂ ਵਿਚ ਕਾਰਗਰ ਪਏ ਰਹਿੰਦੇ ਹਨ। ਇਹ ਸਿਰਾਤ-ਏ-ਮੁਸਤਕੀਮ ਉੱਤੇ ਚੱਲਣ ਵਿੱਚ ਵੱਡੀ ਰੁਕਾਵਟ ਬਣਦੇ ਹਨ।

ਇਹਨਾਂ ਨੂੰ ਦੂਰ ਕਰਨ ਦੀਆਂ ਕੁੱਝ ਸਕੀਮਾਂ ਈਕਾਜ਼-ਉੱਰਕੂਦ ਵਿਚ ਵਰਨਣ ਕੀਤੀਆਂ ਗਈਆਂ ਹਨ। **ਫਲਯਤਲਿਬਹ ਸਮਹ ਬਿਲਜੁਮਲਾ੦**

ਬੰਦੇ ਦਾ ਹਕੀਕੀ ਲਗਾਓ ਆਪਣੇ ਮਾਲਿਕ ਨਾਲ ਹੈ। ਦੁਨਿਆਵੀ ਸੰਬੰਧ ਹਕੀਕਤ ਦੇ ਮੁਕਾਬਲੇ ਭਰੋਸੇਯੋਗ ਨਹੀਂ ਹਨ ਸਗੋਂ ਜਦੋਂ ਇਨਸਾਨ ਕਿਸੇ ਗੰਦੀ ਤੇ ਘਿਣ ਆਉਣ ਵਾਲੀ ਚੀਜ਼ ਨੂੰ ਵੇਖਦਾ ਹੈ ਤਾਂ ਦਿਲ ਵਿਚ ਉਸ ਤੋਂ ਨਫ਼ਰਤ ਕਰਦਾ ਹੈ ਅਤੇ ਉਸ ਵਲੋਂ ਨਜ਼ਰ ਹਟਾ ਲੈਂਦਾ ਹੈ। ਅਹਿਲ-ਏ-ਦਿਲ ਆਰਜ਼ੀ ਖ਼ਿਆਲਾਂ ਤੋਂ ਇੰਜ ਹੀ ਨਫ਼ਰਤ ਕਰਦੇ ਹਨ ਅਤੇ ਉਸ ਨੂੰ ਕਰੀਹ (ਘਟੀਆ, ਗੰਦੀ) ਸਮਝ ਕੇ ਉਸ ਤੋਂ ਨਜ਼ਰ ਹਟਾ ਚੁੱਕੇ ਹੁੰਦੇ ਹਨ। ਇਸ ਲਈ ਉਨ੍ਹਾਂ ਦੇ ਦਿਲਾਂ ਵਿਚ ਹਕੀਕਤਾਂ ਦੀ ਤਾਸੀਰ ਪੈਦਾ ਹੁੰਦੀ ਚਲੀ ਜਾਂਦੀ ਹੈ ਅਤੇ ਉਹ ਹਰ ਪਲ ਹਰ ਵੇਲੇ ਉੱਨਤੀ ਤੇ ਤਰੱਕੀ ਕਰਦੇ ਚਲੇ ਜਾਂਦੇ ਹਨ। ਬਸ ਅੱਲਾਹ ਤਆਲਾ ਵੱਲ ਉਨ੍ਹਾਂ ਦਾ ਧਿਆਨ ਦੋਹਾਂ ਜਹਾਨਾਂ ਦੇ ਖ਼ਿਆਲਾਂ ਨੂੰ ਮਿਟਾ ਚੁੱਕਿਆ ਹੋਵੇ ਤਾਂ ਇਹ ਅਸਲ ਨਮਾਜ਼ ਹੈ, ਵਰਨਾ ਜ਼ਾਹਰ ਪਰਸਤਾਂ ਦੀ ਦਿਖਾਵੇ ਵਾਲੀ ਜ਼ਾਹਰੀ ਨਮਾਜ਼ ਹੈ ਅਤੇ ਇਹੋ ਜਿਹੀ ਹੀ ਵਾਤਿਨ ਨਾਲ ਵਾਅਦਾ ਖ਼ਿਲਾਫ਼ੀ ਜਾਂ ਫ਼ਸਾਦ ਕਰਨ ਵਾਲੀ ਨਮਾਜ਼ ਦੀ ਹਕੀਕਤ ਹੈ। ਜੇਕਰ ਬੰਦੇ ਦੇ ਜ਼ਾਹਿਰ ਤੇ ਬਾਤਿਨ ਦੀ ਨਮਾਜ਼ ਮੁਕੰਮਲ ਹੋਈ ਤਾਂ ਇਸ ਦੀ ਫ਼ਜ਼ੀਲਤ ਤੇ ਵਡਿਆਈ ਵੀ ਪੂਰੀ ਹੋਈ।

ਹਦੀਸ ਸ਼ਰੀਫ਼ ਵਿਚ ਅੰਕਿਤ ਹੈ ਕਿ ਨਮਾਜ਼ ਵਿਚ ਜਿਨ੍ਹਾਂ ਦਾ ਮੂੰਹ, ਨਫ਼ਸ ਦੀ ਹਵਾ ਅਤੇ ਦਿਲ ਦਾ ਧਿਆਨ ਤਿੰਨੋਂ ਹੱਕ ਵੱਲ ਝੁਕੇ ਹੋਣ, ਉਹ ਨਮਾਜ਼ ਤੋਂ ਫ਼ਾਰਿਗ਼ ਹੁੰਦੇ ਹੀ ਗੁਨਾਹਾਂ ਤੋਂ ਪਾਕ ਹੋ ਚੁੱਕਿਆ ਹੁੰਦਾ ਹੈ ਭਾਵ ਜਿਵੇਂ ਹੁਣੇ ਹੁਣੇ ਜਨਮ ਲਿਆ ਹੋਵੇ।

ਐ ਮੇਰੇ ਅਜ਼ੀਜ਼! ਉਸ ਵੇਲੇ ਵੇਖ ਲੋਵੋ ਕਿ ਕਿਸ ਸਰਵਉੱਚ ਸਥਾਨ ਤੇ ਖੜੇ ਹੋ। ਇਹ ਉਹ ਸਰਵ-ਉੱਚ ਮੁਕਾਮ ਹੈ ਜਿੱਥੇ ਸਯੱਦ-ਉੱਰਸੂਲ ਅਤੇ ਰੂਹ ਉਲਅਮੀਨ ਖੜੇ ਹੋਣ ਦੀ ਇੱਛਾ ਕਰਿਆ ਕਰਦੇ ਸਨ ਅਤੇ ਇਸ ਮਰਤਬੇ ਤੇ ਪਹੁੰਚਣ ’ਤੇ ਮਾਣ ਮਹਿਸੂਸ ਕਰਦੇ ਸਨ। ਫੇਰ ਜੇਕਰ ਤੇਰੇ ਵਰਗਾ ਇਕ ਹਕੀਰ ਤੇ ਨਿਮਾਣਾ ਜਿਹਾ ਵਿਅਕਤੀ ਉਸ ਸਹਿਨਸ਼ਾਹ ਦੀ ਬਖ਼ਸ਼ਿਸ਼ ਦੀ ਕਦਰ ਨਾ ਕਰੇ ਕਿ ਤੈਨੂੰ ਉਸ ਉੱਚੇ ਮਰਤਬੇ ਤੇ ਉਸ ਦੀ ਪੈਰਵੀ ਕਰਨ ਲਈ ਖੜਾ ਕੀਤਾ ਗਿਆ ਹੈ ਤਾਂ ਤੇਰੀ ਨਾ ਸ਼ੁਕਰੀ ਹੱਦ ਤੋਂ ਵਧੀ ਹੋਈ ਹੈ। ਹੁਣ ਬਹੁਤ ਹੀ ਸੁਚੇਤ ਰਹਿਣ ਦਾ ਵੇਲਾ ਹੈ ਕਿ ਵਰਤਮਾਨ ਹਾਲਤ ਤੋਂ ਵੱਧ ਕੇ ਹੋਰ ਕੋਈ ਇਸ ਮਰਤਬੇ ਵਾਲੀ ਸਥਿਤੀ ਨਹੀਂ ਹੋ ਸਕਦੀ। ਇਸ ਲਈ ਇਸ ਸਮੇਂ ਦੀ ਕਦਰ ਕਰ, ਖ਼ਤਰਿਆਂ ਦਾ ਸਾਹਮਣਾ ਕਰਦੇ ਹੋਏ ਦਿਲ ਵਿਚ ਪੁਖ਼ਤਾ ਯਕੀਨ ਤੇ ਆਸ ਰੱਖਦੇ ਹੋਏ ਦੁਆ ਮੰਗ:

**ਅੱਲਾਹੁੱਮਾ ਇੰਨੀ ਆਊਜ਼ਬਿਕਾ ਮਿਨ ਤਕਰਿਕਾਤਿਲ ਕਲਬ**

ਅਤੇ ਯਕੀਨ ਰੱਖ ਕੇ ਤੈਨੂੰ ਕੁਝ ਖ਼ਾਸ ਤੇ ਗੁੱਝੀਆਂ ਰਮਜ਼ਾਂ ਤੋਂ ਜਾਣੂ ਕਰਵਾਇਆ ਗਿਆ ਹੈ ਤੂੰ ਆਪਣੀ ਫ਼ਕੀਰੀ ਤੇ ਆਜਿਜ਼ੀ ਨੂੰ ਆਪਣੇ ਮਾਲਿਕ ਦੀ ਅਮੀਰੀ, ਰੋਅਬ ਤੇ ਦਬਦਬੇ ਸਾਹਮਣੇ ਪਰਖ ਕਿ ਤਸਲੀਮ ਤੇ ਅਰਦਾਸ ਦੀ ਹਾਜਤ ਕੇਵਲ ਮੈਨੂੰ ਹੀ ਹੈ ਉਹ ਪੂਰੇ ਜਹਾਨ ਦਾ ਬਖ਼ਸ਼ਣ ਤੇ ਪਾਲਣਹਾਰ ਹੈ। ਇਸ ਲਈ ਸੱਚੇ ਦਿਲੋਂ ਸਿਮਰਨ ਕਰੋ ਕਿ:

**ਇੰਨੀ ਵੱਜਹਤੁ ਵਜਹਿਯਾ ਲਿੱਲਾਜ਼ੀ ਫ਼ਤਾਰਸੱਮਾਵਾਤਿ ਵਲਅਰਜ਼ਾ ਹਨੀਫ਼ਮ ਵਮਆ ਅਨਾ ਮਿਨਲ ਮੁਸ਼ਰਿਕੀਨ੦** (ਸੂਰਤ ਇਨਆਮ : 79)

ਭਾਵ ਮੈਂ ਆਪਣੇ ਦਿਲ ਦੀ ਤਵਜਾ ਦਾ ਰੁਖ਼ ਉਸ ਵੱਲ ਫੇਰ ਲਿਆ ਜਿਸ ਨੇ ਅਸਮਾਨਾਂ ਅਤੇ ਜ਼ਮੀਨ ਨੂੰ ਪੈਦਾ ਕੀਤਾ। ਮੈਂ ਸਿਵਾਏ ਅੱਲਾਹ ਤਆਲਾ ਤੋਂ ਹਰ ਚੀਜ਼ ਤੋਂ ਮੂੰਹ ਮੋੜ ਕੇ ਹੱਕ ਵੱਲ ਝੁਕ ਗਿਆ ਅਤੇ ਮੈਂ ਸ਼ਿਰਕ ਕਰਨ ਵਾਲਿਆਂ ਵਿਚੋਂ ਨਹੀਂ ਹਾਂ। ਜਦੋਂ ਤੂੰ ਇਹ ਆਖਿਆ ਤਾਂ ਵੇਖ ਕਿ ਤੇਰੀ ਜ਼ਬਾਨ ਤੇਰੇ ਦਿਲ ਦੇ ਹਾਲ ਅਨੁਸਾਰ ਵੀ ਹੈ। ਬੱਸ ਜੇਕਰ ਉਸ ਮੁਤਾਬਿਕ ਹੈ ਤਾਂ ਤੇਰੀ ਤਸਦੀਕ ਕੀਤੀ ਜਾਂਦੀ ਹੈ ਅਤੇ ਜੇਕਰ ਰੱਬ ਨਾ ਕਰੇ, ਉਸ ਅਨੁਸਾਰ ਨਹੀਂ ਹੈ ਤਾਂ ਇਕ ਨਜ਼ਰ ਵੇਖਣ ਤੇ ਮੁਨਾਫ਼ਿਕਾਂ ਨੂੰ ਤੇਰੇ ਹਾਲ ਨਾਲ ਆਪਣਾ ਪਣ ਜਾਪੇਗਾ ਅਤੇ ਤੈਨੂੰ ਝੂਠਾ ਆਖਿਆ ਜਾਵੇਗਾ। ਇਸ ਲਈ ਤੈਨੂੰ ਚਾਹੀਦਾ ਹੈ ਕਿ ਉਸ ਇਕਰਾਰ ਵੇਲੇ ਤੇਰੇ ਦਿਲ ਦੀ ਤਵਜਾ ਫ਼ਾਤਿਰੁੱਸਮਾਵਾਤਿ ਵਲ ਅਰਜ਼੦ ਵੱਲ ਹੋਵੇ। ਜਦੋਂ ਤੱਕ ਰੱਬ ਤੋਂ ਬਾਕੀ ਨਾਲ ਸੰਬੰਧ ਨਹੀਂ ਟੁੱਟਦਾ ਅਤੇ ਮਵਾਤਿ ਵਲ ਅਰਜ਼-ਓ-ਮਾਫ਼ੀਹਾ ਤੋਂ ਦਿਲ ਦਾ ਧਿਆਨ ਹੱਟ ਕੇ ਉਹਨਾਂ ਦੇ ਖ਼ਾਲਿਕ-ਏ-ਵਾਹਿਦ (ਇੱਕ ਰਚਨਹਾਰ) ਦੀ ਹਜ਼ੂਰੀ ਵਿਚ ਪੂਰੀ ਤਰ੍ਹਾਂ ਨਹੀਂ ਝੁਕਦਾ ਤਾਂ ਇਕਰਾਰ

ਕਰਨ ਵਾਲਾ ਆਪਣੇ ਵਾਅਦੇ ਤੇ ਪੱਕਾ ਨਹੀਂ। ਉਂਝ ਰਸਮੀ ਤੌਰ ਤੇ ਤਾਂ ਵਥੇਰੇ ਲੋਕ ਕਿਹਾ ਕਰਦੇ ਹਨ ਕਿ ਮੈਂ ਅਜਿਹਾ ਹਾਂ ਅਤੇ ਮੇਰੇ ਵਿਚ ਇਹ ਖ਼ੂਬੀਆਂ ਹਨ ਅਤੇ ਮੈਂ ਬੁਰਾ ਨਹੀਂ ਹਾਂ, ਸਮਝੋ ਜੇਕਰ ਸੱਚ ਵੀ ਹੋਵੇ ਅਤੇ ਗ਼ਾਫ਼ਿਲ ਆਪਣੇ ਮਤਲਬ ਦੀ ਗੱਲ ਕਰੇ ਕਿ ਮੇਰਾ ਦਿਲ ਜਦੋਂ ਉਮਰ ਭਰ ਵਿਚ ਇਸ ਇਕਰਾਰ ਦੀ ਇਕ ਵਾਰ ਤਸਦੀਕ ਕਰ ਚੁੱਕਿਆ ਅਤੇ ਬਦਲਿਆ ਨਹੀਂ ਤਾਂ ਫੇਰ ਵਾਰ-ਵਾਰ ਤਸਦੀਕ ਕਰਨ ਦੀ ਕੀ ਲੋੜ ਹੈ? ਹੁਣ ਕੇਵਲ ਇਕਰਾਰ ਹੀ ਕਾਫ਼ੀ ਹੈ ਤਾਂ ਜਵਾਬ ਮਿਲੇਗਾ ਕਿ ਬਿਨਾਂ ਤਸਦੀਕ ਕੀਤੇ ਵਾਰ-ਵਾਰ ਹਾਮੀ ਭਰਨ ਦੀ ਵੀ ਕੀ ਹਾਜਤ ਹੈ, ਕਿ ਬਿਨਾਂ ਦੋਚਿੱਤੀ ਵਿਚ ਫ਼ਸਿਆਂ ਜਦੋਂ ਇਕ ਵਾਰ ਦੀ ਤਸਦੀਕ ਵੀ ਕਾਫ਼ੀ ਹੈ ਤਾਂ ਪ੍ਰਤਿਗਿਆ ਕਿਉਂ ਕਾਫ਼ੀ ਨਹੀਂ। ਪਹਿਲੀ ਤਸਦੀਕ ਤੇ ਪ੍ਰਤਿਗਿਆ ਨਾਲ ਤਾਂ ਮੋਮਿਨ ਖ਼ਾਲਿਸ ਹੋਇਆ, ਹੁਣ ਦੁਬਾਰਾ ਇਕਰਾਰ ਕਰਨ ਨਾਲ ਹੀ ਤਾਂ ਉੱਚੇ ਰੁਤਬੇ ਭਾਵ ਤਸਦੀਕ ਨੂੰ ਛੱਡ ਦੇਣਾ ਅਤੇ ਸਿਰਫ਼ ਛੋਟੇ ਰੁਤਬੇ ਤੇ ਸਬਰ ਕਰਨਾ ਕੀ ਲਾਭ ਦੇਵੇਗਾ? ਉਲਟਾ ਇਹ ਤਾਂ ਦੋਗਲੇਪਣ ਦੀ ਨਿਸ਼ਾਨੀ ਹੈ। ਜੋ ਅਮਲ ਕਰਦਾ ਹੈ ਉਸਨੂੰ ਪੂਰਾ ਕਰੇ। ਉਂਝ ਤਾਂ ਸ਼ਾਇਦ ਤੂੰ ਇਹ ਵੀ ਕਹਿ ਦੇਵੇਂ ਕਿ ਮੈਂ ਨਮਾਜ਼ ਦੀ ਤਸਦੀਕ ਕੀਤੀ ਅਤੇ ਇਕ ਵਾਰ ਪੜ੍ਹੀ ਵੀ ਅਤੇ ਫੇਰ ਨਮਾਜ਼ ਦੇ ਤਕਾਜ਼ਿਆਂ ਜਾਂ ਲੋੜਾਂ ਤੋਂ ਵੀ ਇਨਕਾਰੀ ਨਹੀਂ ਹੋਇਆ ਹਾਂ ਤਾਂ ਹੁਣ ਪੜ੍ਹੇ ਜਾਂ ਨਾ ਪੜ੍ਹੇ, ਬੱਸ ਜਦੋਂ ਤੂੰ ਜ਼ਬਾਨ ਨਾਲ ਕਿਹਾ ਵਮਾਅਨਾ ਮਿਨਲਮੁਸ਼ਰਿਕੀਨ ਭਾਵ ਹਰ ਤਰ੍ਹਾਂ ਦੇ ਸ਼ਿਰਕ ਤੋਂ ਉੱਪਰ ਉੱਠ ਕੇ ਸਿਰਫ਼ ਤੇ ਸਿਰਫ਼ ਰੱਬ ਵੱਲ ਧਿਆਨ ਲਾਵੇ ਜਦੋਂ ਤੱਕ ਇਸ ਕਾਬਿਲ ਨਹੀਂ ਹੋ ਜਾਂਦਾ, ਤੇਰਾ ਇਕਰਾਰ ਠੀਕ ਨਹੀਂ ਹੈ।

ਜਦੋਂ ਰੱਬ ਦੀ ਬਖ਼ਸ਼ਿਸ਼ ਸਦਕਾ ਮੁਸੱਲੀ ਦਾ ਧਿਆਨ ਰੱਬ ਵੱਲ ਲੱਗ ਗਿਆ ਭਾਵ ਉਹ ਆਪਣੀ ਜ਼ਾਤ ਤੇ ਇਸ ਨਾਲ ਸੰਬੰਧਤ ਦੋਹਾਂ ਜਹਾਨਾਂ ਦੇ ਦੁੱਖ-ਸੁੱਖ ਤੋਂ ਪਰਦਾ ਕਰ ਲੈਂਦਾ ਹੈ ਅਤੇ ਉਸ ਮਹਾਨ ਰੱਬ ਦੀ ਵਡਿਆਈ ਦੇ ਮੁਸ਼ਾਹਿਦੇ ਵਿਚ ਲੀਨ ਹੋਕੇ ਉਹ ਰੁਤਬਾ ਪ੍ਰਾਪਤ ਕਰ ਲੈਂਦਾ ਹੈ ਕਿ ਜਿਸ ਪਦਵੀ ਤੇ ਨਬੀਆਂ, ਸਦੀਕਾਂ, ਸ਼ਹੀਦਾਂ ਤੇ ਪਵਿੱਤਰ ਲੋਕਾਂ ਨੂੰ ਹਾਜ਼ਰ ਹੋਣ ਦਾ ਪਰਵਾਨਾ ਮਿਲਿਆ, ਉਸ ਨੂੰ ਵੀ ਉਸ ਬਾਰਗਾਹ-ਏ-ਅਜ਼ੀਮ ਦੀ ਹਜ਼ੂਰੀ ਵਿਚ ਦਾਖ਼ਲ ਹੋਣ ਦੀ ਮਾਣਤਾ ਪ੍ਰਾਪਤ ਹੋਈ ਤਾਂ ਇਸ ਮਹਾਨ ਦਾਤਿ ਦੀ ਦਿਲੋਂ ਕਦਰ ਕਰੇ।

*****

# ਚੌਥਾ ਨੁਕਤਾ : ਸਹੀ ਨਮਾਜ਼ ਦੀਆਂ ਸਿਫ਼ਤਾਂ

ਉਸੇ ਰੁਚੀ ਤੇ ਪੂਰਨ ਸਰੋਕਾਰ ਨਾਲ ਨਮਾਜ਼ੀ ਆਪਣੀ ਨਮਾਜ਼ ਦੀ ਨੀਅੱਤ ਕਰਦਾ ਹੈ, ਦੋਹਾਂ ਜਹਾਨਾਂ ਅਤੇ ਉਨ੍ਹਾਂ ਵਿਚ ਮੌਜੂਦ ਚੀਜ਼ਾਂ ਦੀ ਮੁਹੱਬਤ ਤੇ ਲਾਲਚ ਦਾ ਤਿਆਗ ਕਰਦਾ ਹੈ ਅਤੇ ਫੇਰ ਬੜੀ ਹੀ ਨਿਮਰਤਾ ਤੇ ਆਜਿਜ਼ੀ ਨਾਲ ਆਪਣੀ ਤਾਕਤ, ਬੜਾਈ ਤੇ ਹਊਮੇ ਦਾ ਤਿਆਗ ਕਰਦਾ ਹੈ। ਇਸ ਦਿਲੀ ਸੰਕਲਪ ਤੇ ਮੰਤਵ ਦੇ ਇਜ਼ਹਾਰ ਲਈ ਆਪਣੀ ਸੂਝ-ਬੂਝ ਦੀ ਖ਼ਬਰਦਾਰੀ ਨੂੰ ਰਫ਼ਾਅ-ਯਦੈਨ ਦੇ ਇਸ਼ਾਰੇ ਰਾਹੀਂ ਰੱਬ ਤੋਂ ਬਿਨਾਂ ਸਭ ਨੂੰ ਭੁਲਾ ਦਿੰਦਾ ਹੈ ਅਤੇ ਕਿਆਮ ਸਮੇਂ ਬੜੀ ਹੀ ਸਨਿਮਰਤਾ, ਦ੍ਰਿੜਤਾ ਅਤੇ ਮਜ਼ਬੂਤੀ ਨਾਲ ਖੜੇ ਰਹਿਣ ਦਾ ਚਾਹਵਾਨ ਹੁੰਦਾ ਹੈ। ਆਪਣੇ ਸਿੱਧਾ ਖੜਾ ਹੋਣ ਅਤੇ ਸਿੱਧੇ ਰਸਤੇ ਉੱਤੇ ਚੱਲਣ ਦੀ ਬੇਨਤੀ ਦੀ ਰਮਜ਼ ਰੱਖਦਾ ਹੈ ਅਤੇ ਰਫ਼ਾਅ-ਯਦੈਨ ਕਰਦੇ ਸਮੇਂ ਉਸ ਤਮਾਮ ਖ਼ੂਬੀਆਂ ਦੇ ਮਾਲਿਕ ਤੇ ਬ੍ਰਿਹਮੰਡ ਦੇ ਰਚਨਹਾਰ ਨੂੰ ਉਸ ਦੀਆਂ ਮਹਾਨ ਸਿਫ਼ਤਾਂ ਤੇ ਯਕੀਨ ਕਰਦੇ ਹੋਏ ਜ਼ੁਬਾਨ ਤੋਂ ਕਹਿੰਦਾ ਹੈ ਅੱਲਾਹੁ ਅਕਬਰ ਭਾਵ ਅੱਲਾਹ-ਤਆਲਾ ਆਪਣੇ ਜਲਾਲ, ਰੋਅਬ ਅਤੇ ਦਬਦਬੇ ਪੱਖੋਂ ਵੱਡਾ ਹੈ ਨਾ ਕਿ ਉਮਰ, ਸਰੀਰ ਜਾਂ ਵੱਡੇ ਮਕਾਨ ਕਾਰਨ, ਕਿਉਂਕਿ ਇਹ ਸਭ ਕੁਝ ਉਸ ਦੀ ਮਖ਼ਲੂਕ ਹੈ। ਉਸ ਨੂੰ ਇਹਨਾਂ ਵਿਚੋਂ ਕਿਸੇ ਦੀ ਵੀ ਪਰਵਾਹ ਨਹੀਂ। ਅੱਲਾਹ ਤਆਲਾ ਬਹੁਤ ਵੱਡਾ ਹੈ, ਇਸ ਪੱਖੋਂ ਉਸ ਨੂੰ ਕਮੀ-ਬੇਸ਼ੀ ਦੀ ਕੋਈ ਪਰਵਾਹ ਹੋਵੇ ਜਾਂ ਸਮਝ ਬੂਝ ਅਤੇ ਵਹਿਮ ਭਰਮ ਆਦਿ ਇਮਕਾਨੀ ਖ਼ੂਬੀਆਂ ਕਾਰਨ ਉਸ ਦੀ ਹਕੀਕਤ ਤੱਕ ਪਹੁੰਚ ਹੋਵੇ ਜਾਂ ਚੀਜ਼ਾਂ ਦੀ ਹਕੀਕਤ ਨੂੰ ਉਸ ਨਾਲ ਕੋਈ ਤਾਅੱਲੁਕ ਹੋਵੇ। ਉਹ ਬਹੁਤ ਵੱਡਾ ਹੈ ਇਸ ਤੋਂ ਕਿ ਉਸ ਦੀਆਂ ਮਹਾਨ ਸਿਫ਼ਤਾਂ ਵਿਚ ਕਿਸੇ ਕਿਸਮ ਦੀ ਆਫ਼ਤ ਆ ਜਾਣ ਦਾ ਗੁਮਾਨ ਵੀ ਕੀਤਾ ਜਾਵੇ ਅਤੇ ਬਹੁਤ ਵੱਡਾ ਹੈ ਇਸ ਤੋਂ ਕਿ ਉਸ ਦੀ ਰਚਨਾ ਵਿਚ ਕਿਸੇ ਕਿਸਮ ਦੇ ਨੁਕਸ ਆਉਣ ਦਾ ਖ਼ਿਆਲ ਵੀ ਕੀਤਾ ਜਾਵੇ ਅਤੇ ਬਹੁਤ ਵੱਡਾ ਹੈ ਇਸ ਤੋਂ ਕਿ ਉਸ ਦੀ ਜ਼ਾਤ ਅਤੇ ਸਿੱਫ਼ਾਤ ਉੱਤੇ ਸ਼ੁਰੂ ਤੋਂ ਅਖ਼ੀਰ ਤੱਕ ਤੋਹਮਤ ਲਾਈ ਜਾਵੇ ਕਿਉਂਕਿ ਕਾਅਬਾ ਤੱਲਾਹ ਦੇ ਹਦੀ ਮੁਕੱਲਦਾਂ ਨੂੰ ਉਸ ਸਥਾਨ ਤੇ ਲਿਆ ਕੇ ਉਸ ਮਹਾਨ ਰੱਬ ਦਾ ਨਾਂ ਲੈ ਕੇ ਕੁਰਬਾਨ ਕੀਤਾ ਜਾਂਦਾ ਹੈ। ਇੱਥੇ ਮੁਸੱਲੀ ਵੀ ਸੱਚੇ ਦਿਲੋਂ ਉਸ ਉੱਚੇ ਮੁਕਾਮ 'ਤੇ ਤਕਬੀਰ ਪੜ੍ਹਦੇ ਹੋਏ ਕੁਰਬਾਨ ਹੋਇਆ। ਉਸ ਦਾ ਕੁਰਬਾਨ ਹੋਣਾ ਇਹ ਹੈ ਕਿ ਹੱਕ ਤੋਂ ਪਰੇ ਉਸ ਦੀ ਬਖ਼ਸ਼ਿਸ਼ ਵਾਲੀ ਰਗ ਕੱਟ ਦਿੱਤੀ ਗਈ ਬੱਸ ਬਖ਼ਸ਼ਿਸ਼ ਬਾਕੀ ਹੈ ਤਾਂ ਅਜੇ ਪੂਰੀ ਤਰ੍ਹਾਂ ਕੁਰਬਾਨ ਨਹੀਂ ਹੋਇਆ ਤੇ ਕੁਰਬਾਨੀ ਵੀ ਆਪਣੀ ਕਮਾਲ ਦਰਜੇ ਤੱਕ ਨਹੀਂ ਪਹੁੰਚੇਗੀ। ਅਤੇ ਜੇਕਰ ਧਿਆਨ ਵੀ ਪਿੱਛੇ ਨੂੰ ਹੈ ਤਾਂ ਅਜੇ ਕੁਝ ਵੀ ਨਹੀਂ। ਨਿਮਰਤਾ ਤੇ ਧਿਆਨ ਦੀ ਛੁਰੀ ਨਾਲ ਉਸ ਦਾ ਗਲਾ ਕਟਦਾ ਹੀ ਨਹੀਂ ਉਸ ਦਾ ਤਕੱਲਦ ਤੋਂ ਮਹੱਲਾ ਤੱਕ ਪੁੱਜਣਾ ਵੀ ਤਕਲੀਦ ਤੇ

ਪੈਰਵੀ ਦੀ ਕਮੀ ਦੀ ਕਿਸਮ ਵਿਚੋਂ ਹੈ। ਕੁਰਬਾਨੀ ਕਿਸ ਦੀ? ਇਹ ਨਾ-ਸਮਝ ਜਾਨਵਰ ਤਾਂ ਜਿਉਂਦਾ ਖੜਾ ਹੈ ਭਾਵ ਉਸੇ ਥੋਹਰ ਤੇ ਜ਼ਹਿਰੀਲੇ ਘਾਹ ਵਾਲੇ ਚਾਰੇ ਦੀ ਥਾਂ 'ਤੇ ਚਰ ਰਿਹਾ ਹੈ ਜਿੱਥੋਂ ਆਇਆ ਸੀ। ਕਿ ਅਸਮਾਨ ਤੋਂ ਅੱਗ ਉੱਤਰਨ ਦੀ ਆਸ ਵਿਚ ਆਪਣੀ ਕਬੂਲੀਅਤ ਤੇ ਮਨਜ਼ੂਰੀ ਸਮਝੀਂ ਖੜਾ ਹੈ? **ਨਾਊਜ਼ੁਬਿੱਲਾਹਿ ਮਿਨ ਗ਼ਜ਼ਾਬਿਹਿ ਵ-ਸਖ਼ਤਿਹਿ੦** ਇਸ ਪਹਿਲੀ ਤਕਬੀਰ ਦਾ ਨਾਂ ਤਕਬੀਰ-ਏ-ਤਹਿਰੀਮਾ ਹੈ ਜਿਹੜੇ ਕੰਮ ਮੁਸੱਲੀ ਨੂੰ ਇਬਾਦਤ ਨਾ ਕਰਦੇ ਸਮੇਂ ਜਾਇਜ਼ ਹਨ, ਉਸ ਦੇ ਕਹਿਣ ਨਾਲ ਉਹ ਉਸ ਤੇ ਹਰਾਮ ਹੋ ਗਏ।

ਹੁਣ ਖ਼ੌਫ਼ ਤੇ ਉੱਮੀਦ ਦੀ ਕਸ਼ਮਕਸ਼ ਵਿਚ ਤੇ ਬੜੀ ਨਿਮਰਤਾ ਤੇ ਇਕਾਗਰਤਾ ਨਾਲ ਧੁੰਨੀ ਦੇ ਹੇਠਾਂ ਸੱਜਾ ਹੱਥ ਖੱਬੇ ਤੇ ਰੱਖ ਕੇ ਅਤਿ ਸਤਿਕਾਰਪੂਰਨ ਖੜਾ ਹੋ ਕੇ ਅੱਲਾਹੁ-ਅਕਬਰ ਦੀ ਹਮਦ ਕਰਦਾ ਹੈ। ਜਾਣਦਾ ਹੈ ਕਿ ਇਨਸਾਨੀ ਸੋਚਣ ਸਮਝਣ ਦੀ ਸ਼ਕਤੀ ਉਸ ਦੇ ਜਲਾਲ ਅੱਗੇ ਖ਼ਤਮ ਹੋ ਜਾਂਦੀ ਹੈ ਅਤੇ ਉਸ ਦੀ ਸਮਝ ਦੇ ਘੇਰੇ ਤੋਂ ਬਾਹਰ ਹੈ। ਉਹ ਪਾਕ ਹੈ ਤਾਂ ਉਸ ਦੀ ਹਮਦ ਦਾ ਆਰੰਭ ਵੀ ਉਸ ਦੀ ਪਾਕੀ ਤੇ ਪਵਿੱਤਰਤਾ ਨਾਲ ਕਰਦਾ ਹੈ। ਉਸ ਦੀ ਬਾਰਗਾਹ ਵਿਚ ਸਲਾਮ ਪੇਸ਼ ਕਰਦਾ ਹੈ ਅਤੇ ਉਸ ਦੇ ਹਜ਼ੂਰ ਨਿੱਘਾ ਸਤਿਕਾਰ ਵਿਅਕਤ ਕਰਦੇ ਹੋਏ ਆਖਦਾ ਹੈ:

**ਸੁਬਹਾਨਾ ਕੱਲਾਹੁੱਮਾ ਵਾਬਿਹਮਦਿਕਾ੦**

ਐ ਅੱਲਾਹ ਤੇਰੀ ਹਮਦ ਅਤੇ ਤਾਰੀਫ਼ ਨਾਲ, ਤੇਰੀ ਪਵਿੱਤਰਤਾ ਨਾਲ ਯਾਦ ਕਰਦਾ ਹਾਂ ਕਿ ਤੂੰ ਹਰ ਨੁਕਸ ਅਤੇ ਨੁਕਸਾਨ ਤੋਂ ਪਾਕ ਹੈ ਅਤੇ ਜੋ ਕੁਝ ਵੀ ਖ਼ੂਬੀ ਹੈ ਉਹ ਅਸਲ ਵਿਚ ਤੇਰੀ ਹੀ ਹੈ। ਇਸ ਲਈ ਜਦੋਂ ਬੰਦੇ ਨੇ ਆਪਣੇ ਪਾਲਣਹਾਰ ਨੂੰ ਦਾਨਾ-ਬੀਨਾ (ਅਕਲਮੰਦ ਤੇ ਸੁਜਾਖਾ) ਅਤੇ ਹਰ ਬੁਰਾਈ ਤੇ ਹਾਨੀ ਤੋਂ ਪਾਕ ਸਮਝਿਆ ਅਤੇ ਸਾਰੀਆਂ ਖ਼ੂਬੀਆਂ ਦਾ ਮਾਲਿਕ ਉਸੇ ਨੂੰ ਸਮਝਿਆ ਅਤੇ ਇਸ ਗੱਲ ਨੂੰ ਆਪਣੀ ਜ਼ੁਬਾਨ ਤੋਂ ਵੀ ਸਵੀਕਾਰ ਕੀਤਾ ਤਾਂ ਉਸ ਨੂੰ ਚੈਨ ਤੇ ਸੰਤੁਸ਼ਟੀ ਦਾ ਦਰਜਾ ਮਿਲਿਆ ਕਿਉਂਕਿ ਉਹ ਜਾਣਦਾ ਹੈ ਕਿ ਮੈਂ ਆਪਣੀ ਕਾਬਲੀਅਤ ਅਨੁਸਾਰ ਨੁਕਸਾਂ ਤੇ ਐਬਾਂ ਤੋਂ ਫ਼ਰਾਰ ਅਤੇ ਰੱਬ ਦੀ ਤਾਰੀਫ਼ ਤੇ ਹਮਦ ਨੂੰ ਕਾਇਮ ਕਰਨ ਦਾ ਚਾਹਵਾਨ ਹਾਂ ਤਾਂ ਦੋਨਾਂ ਸਿਫ਼ਤਾਂ ਲਈ ਸਭ ਤੋਂ ਯੋਗ ਤੇ ਕਾਬਿਲ ਮੇਰੇ ਮਾਲਿਕ ਦੀ ਜ਼ਾਤ ਹੀ ਹੈ। ਬੱਸ ਇਸ ਤੋਂ ਇਲਾਵਾ ਸਿਰ ਝੁਕਾਉਣ ਨੂੰ ਕੋਈ ਹੋਰ ਥਾਂ ਨਹੀਂ। ਇਹੋ ਸੱਚਾ ਦਰਬਾਰ ਹੈ ਅਤੇ ਬੱਸ ਇਸ ਮੁਸ਼ਾਹਿਦੇ ਵਿਚ ਪੂਰੀ ਤਰਾਂ ਕੁਰਬਾਨ ਹੋ ਜਾਂਦਾ ਹੈ ਅਤੇ ਕਹਿੰਦਾ ਹੈ: ਵਾਤਾਬਾਰਾ ਕਸਮੁਕਾ੦ ਅਤੇ ਤੇਰਾ ਪਵਿੱਤਰ ਨਾਂ ਹੀ ਹੈ ਜੋ ਸ਼ੁਰੂ ਦੁਨੀਆ ਤੋਂ ਆਖ਼ਿਰ ਤੱਕ ਮਹਾਨਤਾ, ਬਜ਼ੁਰਗੀ ਤੇ ਸਲਾਹੁਣਯੋਗ ਹੈ, ਬਰਕਤ ਵਾਲਾ ਹੈ। ਤੇਰੇ ਮੁਬਾਰਕ ਨਾਮਾਂ ਦੀ ਤਾਸੀਰ ਕਾਰਨ ਹੀ ਸਭ ਜਲਵੇ ਰੌਸ਼ਨ ਹਨ। ਉਹ ਸੂਰ-ਏ - ਇਲਮੀਆਂ-ਏ-ਇਲਾਹੀ ਹਨ। **ਵ-ਤਆਲਾ ਜੱਦੁਕਾ੦** ਐ ਮੇਰੇ ਮਾਲਿਕ ਤੇਰੀ ਜ਼ਾਤ ਪਾਕ, ਬਜ਼ੁਰਗ ਤੇ ਉੱਚੀ ਸ਼ਾਨ ਵਾਲੀ ਹੈ ਅਤੇ ਤੇਰੀ ਮਹਾਨਤਾ ਦੀ ਅਜ਼ਮਤ ਬਹੁਤ ਅਜ਼ੀਮ ਹੈ। ਸਾਡੀ ਇਬਾਦਤ ਦੀ ਇੱਛਾ, ਲੋੜ ਅਤੇ ਵਹਿਮ ਗੁਮਾਨ ਤੋਂ ਤੇਰੀ ਜ਼ਾਤ ਪਾਕ ਹੈ। ਤੇਰੀ ਸ਼ਾਨ, ਤਾਰੀਫ਼, ਬਰਕਤ ਤੇ ਮਹਾਨਤਾ

ਦਾ ਅੰਦਾਜ਼ਾ ਲਾਉਣਾ ਮਖ਼ਲੂਕ ਦੇ ਵੱਸ ਤੋਂ ਬਾਹਰ ਹੈ। ਵਾਲਾਇਲਾਹਾ ਗ਼ੈਰੁਕ॰ ਅਤੇ ਤੇਰੇ ਸਿਵਾ ਕੋਈ ਪੂਜਣਯੋਗ ਨਹੀਂ। ਕੋਈ ਅਜਿਹਾ ਨਹੀਂ ਜਿਸ ਦੀ ਇਬਾਦਤ ਜਾਂ ਪੂਜਾ ਜਾਇਜ਼ ਹੋਵੇ ਸਗੋਂ ਹਕੀਕਤ ਵਾਲਿਆਂ ਅਨੁਸਾਰ ਤਾਂ ਗ਼ੈਰ ਅੱਲਾਹ ਨੂੰ ਹੱਕ-ਸੱਚ ਤੇ ਪੂਜਣਯੋਗ ਮੰਨਣਾ ਤਾਂ ਦੂਰ ਦੀ ਗੱਲ ਉਸ ਦੇ ਇੱਕ ਹੋਣ ਦੀ ਗਵਾਹੀ ਦੇ ਨਿਯਮਾਂ ਅਨੁਸਾਰ ਉਸਦੀ ਜ਼ਾਤ ਤੇ ਸਿਫ਼ਤਾਂ ਖ਼ੁਦ ਹੀ ਮਾਅਦੂਮ ਹਨ। ਬੱਸ ਉਨ੍ਹਾਂ ਵਿਚ ਧਿਆਨ ਦੇਣ ਦੀ ਚਾਹ ਕਿੱਥੇ। ਵੇਖੋ ਇਸ ਕਲਮਾ-ਏ-ਤੱਇਬਾ ਵਿਚ ਬੰਦਾ ਸੰਬੋਧਨ ਕਰਨ ਦੇ ਅੰਦਾਜ਼ ਵਿਚ ਗੱਲਬਾਤ ਕਰ ਰਿਹਾ ਹੈ। ਲਾਏ ਨਾਫ਼ਿਆ (ਰੇਸ਼ਮੀ ਕਪੜੇ ਮੁਸ਼ਕ ਦੀ ਥੈਲੀ) ਵਿਚੋਂ ਜਲਾਲ ਅਤੇ ਸੰਬੋਧਨ ਹੋਣ ਦੀ ਸੁੰਦਰਤਾ ਨਾਲ ਕਿਵੇਂ ਪ੍ਰਕਾਸ਼ ਹੋ ਰਿਹਾ ਹੈ ਕਿ ਸੰਬੋਧਨ ਕਰਨ ਵਾਲਿਆਂ ਦੀ ਖ਼ੂਬੀ ਤੇ ਕਾਬਲੀਅਤ ਅਨੁਸਾਰ ਪਦਵੀਆਂ ਤੇ ਦਰਜੇ ਬਖ਼ਸ਼ੇ ਜਾ ਰਹੇ ਹਨ। ਬੇਸ਼ਕ ਇਹ ਉੱਚੇ ਦਰਜੇ ਸਾਲਿਕੀਨ ਵਾਸਤੇ ਹਨ।

ਇਸੇ ਇਕਰਾਰ ਅਤੇ ਤਸਦੀਕ ਤੇ ਖ਼ਤਮ ਹੋ ਜਾਂਦੇ ਹਨ। ਸ਼ੁਰੂ ਤੋਂ ਅਖ਼ੀਰ ਤੱਕ ਇਸੇ ਨੂੰ ਪੂਰਾ ਕਰਨਾ ਇਸ ਦਾ ਮੰਤਵ ਹੁੰਦਾ ਹੈ ਅਤੇ ਅਸਲ ਹੁਕਮ ਵੀ ਇਹੋ ਕਲਮਾ-ਏ-ਤੱਇਬਾ ਹੈ। ਬਾਕੀ ਸਾਰੀਆਂ ਇਬਾਦਤਾਂ ਤੇ ਚੰਗੇ ਕੰਮ ਇਸ ਅਸਲ ਦੀਆਂ ਹੀ ਟਹਿਣੀਆਂ ਤੇ ਫਲ ਹਨ। ਇਸੇ ਕਲਮਾ-ਏ-ਜਲੀਲ-ਉਲ-ਕਦਰ ਉੱਤੇ ਆਰੰਭਿਕ ਅਰਦਾਸ ਦਾ ਅੰਤ ਹੁੰਦਾ ਹੈ ਕਿ ਬੰਦਾ ਆਪਣੀ ਸਮਝ ਤੇ ਬਖ਼ਸ਼ਿਸ਼ ਅਨੁਸਾਰ ਬਾਰਗਾਹ-ਏ-ਆਲੀਆ ਵਿਚ ਅਰਦਾਸ ਤੋਂ ਫ਼ਾਰਿਗ਼ ਹੋ ਕੇ ਆਪਣੀ ਮੁਹੱਬਤ ਅਤੇ ਮੁਸ਼ੱਰਫ਼ ਅਨੁਸਾਰ ਮਰਤਬਾ ਪ੍ਰਾਪਤ ਕਰਦਾ ਹੈ ਕਿਉਂਕਿ ਇਸ ਦੀ ਤਸਦੀਕ ਅਤੇ ਇਕਰਾਰ ਨਾਲ ਉਸ ਦਾ ਅੰਦਰ ਅਤੇ ਬਾਹਰ ਰੱਬ ਦੀ ਰਹਿਮਤ ਤੇ ਬਖ਼ਸ਼ਿਸ਼ ਸਦਕਾ ਮਾਲਾ-ਮਾਲ ਹੋ ਗਿਆ ਹੈ ਅਤੇ ਇਹੋ ਰੱਬ ਦੀ ਨੇੜਤਾ ਤੇ ਇੱਜ਼ਤ ਮਾਣ ਲਈ ਜ਼ਰੂਰੀ ਹੈ। ਬੇਸ਼ਕ ਇਸ ਨੂੰ ਆਪਣੇ ਇੱਕ ਖ਼ੁੱਲੇ ਦੁਸ਼ਮਣ ਤੇ ਬੁਰੇ ਲੁਟੇਰੇ ਦਾ ਖ਼ਿਆਲ ਜ਼ਰੂਰ ਹੈ ਕਿ ਉਸ ਦੀ ਕਮਾਈ ਹੋਈ ਦੌਲਤ ਤੇ ਹਮਲਾ ਕਰਕੇ ਖ਼ੁਦ ਕਬਜ਼ਾ ਨਾ ਕਰ ਲਵੇ ਅਤੇ ਮੰਜ਼ਿਲ-ਏ-ਮਕਸੂਦ ਤੇ ਪਹੁੰਚਣ ਵਿਚ ਰੁਕਾਵਟ ਦਾ ਕਾਰਨ ਬਣੇ ਕਿਉਂਕਿ ਉਹ ਹਰ ਵੇਲੇ ਇਹੋ ਝਾਕ ਵਿਚ ਰਹਿੰਦਾ ਹੈ ਕਿ ਕਿਵੇਂ ਲੜਾਈ ਝਗੜਾ ਤੇ ਦੁੱਖ ਤਕਲੀਫ਼ ਦੇਵੇ। ਖ਼ਾਸ ਕਰ ਅਜਿਹੇ ਸਮੇਂ ਜਦੋਂ ਇਹ ਮਾਲ-ਓ-ਦੌਲਤ ਨਾਲ ਮਾਲਾ-ਮਾਲ ਹੋਵੇ, ਉਸ ਤੇ ਹਮਲੇ ਦਾ ਇਰਾਦਾ ਰੱਖਦਾ ਹੈ ਹਾਲਾਂਕਿ ਇਹ ਆਪ ਉਸ ਨੂੰ ਦੇਖਦਾ ਨਹੀਂ ਅਤੇ ਉਹ ਬਦਮਾਸ਼ ਆਪਣੇ ਕਮੀਨੇਪਣ ਨਾਲ ਉਸ ਨੂੰ ਦੇਖਦਾ ਹੈ ਅਤੇ ਵਾਹ ਲਗਦੀ ਉਸ ਨੂੰ ਨਸ਼ਟ ਕਰਨ ਵਿਚ ਢਿੱਲ ਨਹੀਂ ਕਰਦਾ। ਪੁਰਾਣੀ ਦੁਸ਼ਮਣੀ, ਈਰਖਾ ਤੇ ਜਲਣ ਕਾਰਨ ਵਿਅਕਤੀ ਦੀ ਖ਼ਰਾਬੀ ਤੇ ਹਾਨੀ ਦੀਆਂ ਸਕੀਮਾਂ ਬਣਾਉਂਦਾ ਰਹਿੰਦਾ ਹੈ ਅਤੇ ਉਹ ਲੁਟੇਰਾ ਡਾਕੂ ਇਸ ਦਾ ਤੇ ਇਸ ਦੇ ਬਾਪ-ਦਾਦਿਆਂ ਦਾ ਖ਼ੁੱਲ੍ਹਾ ਦੁਸ਼ਮਣ ਸ਼ੈਤਾਨ ਮਰਦੂਦ ਹੀ ਹੈ।

ਜਦੋਂ ਇਸ ਮਰਦੂਦ ਵਿਚ ਖ਼ੁਦ ਇਸ ਦੇ ਮੁਕਾਬਲੇ ਦੀ ਹਿੰਮਤ ਤੇ ਤਾਕਤ ਨਹੀਂ ਹੈ ਅਤੇ ਆਪਣੇ ਟੀਚੇ ਤੱਕ ਵੀ ਪਹੁੰਚਣਾ ਜ਼ਰੂਰੀ ਹੈ ਤਾਂ ਹੁਣ ਬੰਦੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਉਸ ਰੋਅਬ ਤੇ ਦਬਦਬੇ ਵਾਲੇ ਰੱਬ ਦੀ ਪਨਾਹ

ਵਿਚ ਆਵੇ ਜਿਸ ਦੀ ਸ਼ਾਨ ਤੇ ਰੋਅਬ ਤੋਂ ਉਹ ਹਾਸਿਦ ਕੰਬਦਾ ਹੋਇਆ ਨੱਠ ਜਾਂਦਾ ਹੈ ਅਤੇ ਹਮਲਾ ਕਰਨ ਦਾ ਹੌਸਲਾ ਨਹੀਂ ਕਰਦਾ ਅਤੇ ਇਹ ਪੂਰੇ ਅਮਨ ਅਮਾਨ ਨਾਲ ਆਪਣੀ ਜਮਾਂ ਪੂੰਜੀ ਤੇ ਦੌਲਤ ਸਮੇਤ ਆਪਣੇ ਮਿੱਥੇ ਹੋਏ ਟੀਚੇ ਤੇ ਪਹੁੰਚ ਜਾਵੇ, ਇਸ ਲਈ ਕਿ ਰੋਅਬ, ਇੱਜ਼ਤ ਤੇ ਜਲਾਲ ਵਾਲੀ ਜ਼ਾਤ ਕੇਵਲ ਅਲੱਾਹ ਸੁਬਹਾਨਾ ਦੀ ਪਾਕ ਜ਼ਾਤ ਹੀ ਹੈ, ਜਿਸ ਦੀ ਪਨਾਹ ਵਿਚ ਆਉਣਾ ਸੰਪੂਰਨ ਅਮਨ-ਸਾਂਤੀ ਦਾ ਪ੍ਰਤੀਕ ਹੈ। ਇਹ ਉਹੋ ਇਜ਼ੱਤ ਤੇ ਅਜ਼ਮਤ ਵਾਲੀ ਮਹਾਨ ਜ਼ਾਤ ਹੈ ਜਿਸ ਦੀ ਬਾਦਸ਼ਾਹ ਤੇ ਹਕੂਮਤ ਸਾਹਮਣੇ ਕਿਸੇ ਦੀ ਤਾਕਤ ਨਹੀਂ ਚੱਲਦੀ ਕਿ ਆਪਣੀ ਬੜਾਈ ਦਾ ਦਮ ਭਰੇ।

ਇਸ ਲਈ ਬੰਦਾ ਪਹਿਲਾਂ ਹੀ ਤੋਂ ਉਸੇ ਦਰਬਾਰ ਵਿਚ ਹਾਜ਼ਰੀ ਦੇ ਕੇ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਦਾ ਉਮੀਦਵਾਰ ਬਣ ਸਕਦਾ ਹੈ। ਉਸ ਨੂੰ ਅਮਨ-ਸਾਂਤੀ ਦੀ ਭਾਲ ਵਿਚ ਕਿਤੇ ਹੋਰ ਜਾਣ ਦੀ ਲੋੜ ਨਹੀਂ, ਬੱਸ ਇੱਥੇ ਹੀ ਬੇਨਤੀ ਕਰਨੀ ਹੈ, ਇਸੇ ਸਥਾਨ 'ਤੇ। ਸ਼ਾਇਦ ਕਿਸੇ ਬੇ-ਅਕਲ ਨੂੰ ਸ਼ੱਕ ਹੋਵੇ ਕਿ ਜਦੋਂ ਬੰਦਾ ਪਹਿਲਾਂ ਹੀ ਹਾਜ਼ਰੀ ਦੇ ਚੁੱਕਿਆ ਹੈ ਅਤੇ ਆਪਣੀ ਅਨਾ ਤੇ ਹੰਕਾਰ ਨੂੰ ਪਿੱਛੇ ਸੁੱਟ ਆਇਆ ਹੈ, ਸ਼ੈਤਾਨ ਅਜੇ ਵੀ ਘਾਤ ਲਾ ਕੇ ਬੈਠਾ ਹੈ, ਇਸ ਨੂੰ ਪਿੱਛੇ ਨਹੀਂ ਛੱਡਿਆ? ਤਾਂ ਉੱਤਰ ਇਹ ਹੈ ਕਿ ਉਸਨੂੰ ਪਿੱਠ ਪਿੱਛੇ ਸੁੱਟਣਾ ਇਕ ਜ਼ਿਹਨੀ ਹਾਲਤ ਹੈ ਅਤੇ ਨਫ਼ਸ-ਉਲ-ਅਮਰ (ਅਸਲ) ਵਿਚ ਇਸ ਦੇ ਜ਼ਰੂਰੀ ਕਾਰਨ ਨਹੀਂ ਬੱਸ ਉਸ ਦਾ ਵਿਅਕਤਿਤਵ ਤੇ ਸ਼ਖ਼ਸਿਅਤ ਅਨੁਸਾਰ ਹੀ ਹੈ। ਬਹਰਹਾਲ ਅੰਦਰੂਨੀ ਤੇ ਬਾਹਰੀ ਪ੍ਰਭਾਵਾਂ ਤੋਂ ਇਸ ਦਾ ਪ੍ਰਭਾਵਿਤ ਹੋਣਾ ਅਸੰਭਵ ਤਾਂ ਨਹੀਂ ਹੋ ਗਿਆ ਹੈ। ਇਸ ਲਈ ਇਹੋ ਪ੍ਰਭਾਵਿਤ ਹੋਣਾ ਇਸ ਦੀ ਜ਼ਿਹਨੀ ਕਿਰਿਆ ਨੂੰ ਰੋਕਦਾ ਹੈ ਜਾਂ ਅੜਚਨ ਪਾਉਂਦਾ ਹੈ ਅਤੇ ਇਸ ਜ਼ਿਹਨੀ ਪ੍ਰਕਿਰਿਆ ਦਾ ਨੁਕਸਾਨ ਇਸ ਦੌਲਤ ਦਾ ਲੁਟ ਜਾਣਾ ਹੈ। ਉਹ ਚਾਹਤ ਤੇ ਅਕੀਦਤ ਰੱਖਣ ਦੇ ਬਾਵਜੂਦ ਆਪਣੇ ਟੀਚੇ ਤੱਕ ਪਹੁੰਚਣ ਤੋਂ ਅਸਮਰਥ ਰਹਿ ਜਾਂਦਾ ਹੈ। ਇਸ ਦੀ ਉਦਾਹਰਣ ਇੰਜ ਹੈ ਜਿਵੇਂ ਕੋਈ ਆਪਣਾ ਮਾਲ-ਦੌਲਤ ਲੈ ਕੇ ਬੇਧੜਕ ਆਪਣੀ ਰਾਹ ਤੁਰ ਪੈਂਦਾ ਹੈ, ਕੋਈ ਲੁਟੇਰਾ ਜੋ ਉਸ ਦੀ ਘਾਤ ਲਾਈ ਬੈਠਾ ਸੀ, ਉਸ ਤੇ ਗੋਲੀ ਚਲਾ ਦਿੰਦਾ ਹੈ। ਕੀ ਉਸ ਦਾ ਮਾਰਿਆ ਜਾਣਾ ਅਤੇ ਉਸ ਦੇ ਮਾਲ ਦਾ ਲੁੱਟਿਆ ਜਾਣਾ ਅਸੰਭਵ ਹੈ? ਭਾਵ ਉਸ ਨੂੰ ਉਸ ਲੁਟੇਰੇ ਦਾ ਬਿਲਕੁਲ ਵੀ ਖ਼ਿਆਲ ਨਹੀਂ ਸੀ। ਇੰਜ ਸਮਝੋ ਜਿਵੇਂ ਕੋਈ ਵਿਅਕਤੀ ਆਪਣੇ ਸਾਰੇ ਦੁਸ਼ਮਣਾ ਤੋਂ ਬੇਖ਼ਬਰ ਬਿਸਤਰ ਤੇ ਬੈਠਾ ਹੈ। ਬਿਸਤਰ ਤੇ ਸੱਪ ਚੜ੍ਹ ਆਇਆ ਤੇ ਉਸ ਨੂੰ ਡੰਗ ਮਾਰ ਦਿੱਤਾ। ਸੋ ਇਸੇ ਤਰ੍ਹਾਂ ਸੋਚੋ ਕਿ ਬੇਸ਼ੱਕ ਨਮਾਜ਼ੀ ਤਕਬੀਰ-ਏ-ਤਹਿਰੀਮਾ (ਨਮਾਜ਼ ਸ਼ੁਰੂ ਕਰਨ ਵੇਲੇ ਕਹੀ ਜਾਣ ਵਾਲੀ ਤਕਬੀਰ) ਸਮੇਂ ਅੱਲਾਹ ਤੋਂ ਛੁੱਟ ਸਭ ਨੂੰ ਭੁਲਾ ਦਿੰਦਾ ਹੈ, ਬੱਸ ਇਹੋ ਉਸ ਦਾ ਅਮਲ ਹੈ। ਕੋਈ ਕਸਮ ਖਾ ਕੇ ਤਾਂ ਸ਼ੈਤਾਨ ਖ਼ੁਦ ਪਿੱਛੇ ਨਹੀਂ ਹਟ ਗਿਆ ਕਿ ਜਾ ਤੇਰਾ ਪਿੱਛਾ ਨਹੀਂ ਕਰਾਂਗਾ ਜਦੋਂ ਕਿ ਉਹ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਤਾਂ ਜਿੱਥੋਂ ਤੱਕ ਉਸ ਦਾ ਬੱਸ ਚੱਲੇਗਾ ਉਹ ਉਸ ਦੀ ਟੰਗ ਖਿੱਚਣ ਵਿਚ ਕਮੀ ਨਹੀਂ ਕਰੇਗਾ ਅਤੇ ਆਪਣੀ ਚਲਾਕੀ ਤੇ ਹੁਸ਼ਿਆਰੀ ਨਾਲ ਇਨਸਾਨ

ਨੂੰ ਗੁਮਰਾਹ ਤੇ ਜ਼ਲੀਲ ਕਰਨ ਤੋਂ ਨਹੀਂ ਰੁਕੇਗਾ ਪਰ ਜ਼ੁਲਮ ਤੇ ਜਬਰ ਦੀ ਸਿਆਸਤ। ਬੱਸ ਚੰਗੀ ਤਰ੍ਹਾਂ ਜਾਣ ਲਵੋ ਕਿ ਦਿਲ ਵਿਚ ਵਸਵਾ ਪਾਉਣਾ ਸ਼ੈਤਾਨ ਮਰਦੂਦ ਦਾ ਹੀ ਕੰਮ ਹੈ। ਇਸ ਦੇ ਪ੍ਰਭਾਵ ਕਾਰਨ ਬੰਦੇ ਦਾ ਦਿਲ ਉੱਖੜ ਜਾਂਦਾ ਹੈ। ਅੱਲਾਹ ਤਆਲਾ ਤੋਂ ਬਿਨਾਂ ਦੂਜਿਆਂ ਦੀ ਪੈਰਵੀ ਕਰਨਾ ਸਭ ਤੋਂ ਹਕੀਰ ਕੰਮ ਹੈ ਅਤੇ ਇਹੋ ਇਬਲੀਸ ਖ਼ੰਨਾਸ ਦਾ ਮੰਤਵ ਹੈ ਜੇਕਰ ਕੋਈ ਕਹੇ ਕਿ ਸ਼ੈਤਾਨ ਤਾਂ ਇਕ ਇਨਸਾਨ ਦੀ ਗੁਮਰਾਹ ਕਰਨ ਦੀ ਸਿਫ਼ਤ ਵਿਚੋਂ ਹੈ ਤਾਂ ਇਸ ਅਮਲ ਨੂੰ ਕਿਵੇਂ ਪਛਾਣਿਆ ਜਾਵੇ ਕਿਉਂਕਿ ਅਜੋਕੇ ਸਮੇਂ ਵਿਚ ਅਜਿਹੇ ਸ਼ੱਕ ਵੀ ਬਹੁਤ ਹਨ, ਤਾਂ ਜਵਾਬ ਕਾਫ਼ੀ ਹੈ ਕਿ ਜਾਓ ਅਲੀਗੜ੍ਹ ਨੇਚਰੀਆਂ (ਕੁਦਰਤ ਦੇ ਨਿਯਮਾਂ ਅਨੁਸਾਰ ਚੱਲਣ ਵਾਲੇ) ਤੋਂ ਇਸ ਦਾ ਉੱਤਰ ਪੁੱਛੋ। ਸਾਡੇ ਰੱਬ ਦੇ ਕਲਾਮ ਵਿਚ ਤਾਂ ਸ਼ੈਤਾਨ ਨੂੰ ਇਕ ਖ਼ਬੀਸ ਰੂਹ ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਇਹ ਜਿੰਨ ਦੀ ਨਸਲ ਵਿੱਚੋਂ ਹੈ ਅਤੇ ਇਨਸਾਨ ਦਾ ਦੁਸ਼ਮਣ ਹੈ। ਜਿੱਥੇ ਤੱਕ ਸੰਭਵ ਹੁੰਦਾ ਹੈ ਉਹ ਇਨਸਾਨ ਨੂੰ ਧੋਖੇ ਵਿਚ ਪਾਉਂਦਾ ਹੈ। ਜਦੋਂ ਮੁਸੱਲੀ (ਨਮਾਜ਼ੀ) ਇਹ ਸਵਿਕਾਰ ਕਰਦਾ ਹੈ ਕਿ ਨਮਾਜ਼ ਦੀ ਹਾਲਤ ਵਿਚ ਵੀ ਨਮਾਜ਼ੀ ਨੂੰ ਤਾਊਜ਼ (ਰੱਬ ਦੀ ਪਨਾਹ ਲੈਣਾ, ਆਊਜ਼ ਬਿੱਲਾ ਪੜ੍ਹਨਾ) ਪੜਨ ਦੀ ਲੋੜ ਪੈਂਦੀ ਹੈ ਤਾਂ ਸ਼ੱਕ ਕਰਨ ਵਾਲਾ ਤਾਂ ਹੋਰ ਵੀ ਇਤਰਾਜ਼ ਖੜਾ ਕਰ ਸਕਦਾ ਹੈ ਕਿ ਜਦੋਂ ਨਮਾਜ਼ੀ ਸੰਪੂਰਨ ਧਿਆਨ ਅਤੇ ਰੱਬ ਦੀ ਹਜ਼ੂਰੀ ਵਿਚ ਉਸ ਦੇ ਜਮਾਲ ਤੇ ਕਮਾਲ ਨੂੰ ਪੂਰੇ ਗਹੁ ਨਾਲ ਵਾਚ ਕੇ ਉਸ ਦੇ ਲਾਜ਼ਵਾਲ ਰੁਤਬੇ ਅਤੇ ਤਰੱਕੀ ਦੀਆਂ ਮੰਜ਼ਿਲਾਂ ਤੇ ਪਹੁੰਚ ਜਾਵੇ ਤਾਂ ਹੁਣ ਖ਼ਾਸ ਰੱਬ ਦੀ ਹਜ਼ੂਰੀ ਵਿਚ ਸ਼ੈਤਾਨ ਦੀ ਦਸਤ ਅੰਦਾਜ਼ੀ ਦੇ ਕੀ ਅਰਥ ਰਹਿ ਜਾਂਦੇ ਹਨ? ਕੀ ਉਹ ਸ਼ਹਿਨਸ਼ਾਹ-ਏ-ਆਲੀ ਜਾਹ ਦੇ ਹੁਜ਼ੂਰ ਵਿਚ ਖੜੇ ਨੂੰ ਵੀ ਲੁੱਟ ਲਵੇਗਾ ਜਾਂ ਮਾਰ ਦੇਵੇਗਾ। ਉਹ ਮਰਦੂਦ ਕਮੀਨਾ ਦਬੇਗਾ ਨਹੀਂ ਅਤੇ ਸ਼ਹਿਨਸ਼ਾਹ ਉਸ ਫ਼ਜ਼ੂਲ ਨੂੰ ਸਜ਼ਾ ਨਹੀਂ ਦੇਵੇਗਾ ਕਿ ਉਹ ਗੁਸਤਾਖ਼ ਇਕ ਮਕਬੂਲ ਦਰਬਾਰੀ ਉੱਤੇ ਲਾਲਚ ਭਰਿਆ ਹੱਥ ਰੱਖਣ ਦੀ ਗੁਸਤਾਖ਼ੀ ਕਰਨਾ ਚਾਹੁੰਦਾ ਹੈ।

ਉਸ ਜ਼ਾਤ-ਏ-ਅਕਦਸ ਸਾਹਮਣੇ ਹੱਥ ਜੋੜ ਕੇ ਸਤਿਕਾਰ ਵੱਜੋਂ ਖੜੇ ਹੋਣਾ ਅਮਨ-ਸਾਂਤੀ ਤੇ ਬਖ਼ਸ਼ਿਸ਼ ਦੇ ਸਮਾਨ ਕਿਉਂ ਨਹੀਂ ਹੈ? ਤਾਂ ਇਸ ਦਾ ਉੱਤਰ ਹੈ ਕਿ ਮੁੱਸਲੀ ਉਸ ਦੇ ਖ਼ਾਸ ਕਰਮ ਰਾਹੀਂ ਉਸ ਦੇ ਜਮਾਲ ਅਤੇ ਜਲਾਲ ਸਬੰਧੀ ਸਰਵੇਖਣ ਕਰਦਾ ਹੈ ਪਰ ਇਹ ਕਿਸ ਨੇ ਆਖਿਆ ਕਿ ਉਸ ਉੱਤੇ ਸ਼ੈਤਾਨ ਜ਼ਬਰਦਸਤੀ ਕਰ ਸਕਦਾ ਹੈ ਜਾਂ ਉਸ ਦਾ ਪ੍ਰਭਾਵ ਪੱਕੇ ਤੌਰ ਤੇ ਹੈ ਜਾਂ ਉਹ ਮਰਦੂਦ ਰੱਬ ਤੋਂ ਡਰਦਾ ਜਾਂ ਦਬਦਾ ਨਹੀਂ ਜਾਂ ਰੱਬ ਉਸ ਮਰਦੂਦ ਕਮੀਨੇ ਨੂੰ ਨਰਕਾਂ ਵਿਚ ਤਸੀਹੇ ਨਹੀਂ ਦੇਵੇਗਾ। ਜ਼ਰੂਰ ਹੀ ਉਸ ਨੂੰ ਬਦ ਕਿਰਦਾਰ, ਬੇਈਮਾਨ ਹੋਣ ਦਾ ਦੰਡ ਦਿੱਤਾ ਜਾਵੇਗਾ ਪਰ ਇਸ ਦੀ ਮਿਆਦ ਲਈ ਵੱਅਲਾਹੁ ਲਾ ਯੁਖ਼ਲਿਫ਼ੁਲਮਿਆਦ ਖ਼ਿਆਲ ਕਰਨਾ ਚਾਹੀਦਾ ਹੈ ਕਿ ਸ਼ੈਤਾਨ ਵੀ ਉਸ ਰੱਬ ਦੀ ਬਾਰਗਾਹ-ਏ-ਜਲਾਲ ਦਾ ਚੇਲਾ ਹੈ ਜੋ ਉੱਥੋਂ ਕੱਢਿਆ ਗਿਆ, ਹੱਕਿਆ ਗਿਆ, ਰਹਿਮਤ ਨਾਲ ਨਹੀਂ ਸਗੋਂ ਬਦਲਾ ਲੈਣ ਵਾਲੀਆਂ ਸਿਫ਼ਤਾਂ ਨਾਲ। ਹੁਣ ਤੱਕ ਵੀ ਉਸ ਨੂੰ ਇਨਸਾਨੀ ਵਜੂਦ ਨੂੰ ਗ਼ਲਤ ਰਸਤੇ ਤੇ ਭਟਕਾਉਣ ਤੇ ਉਸ ਤੋਂ

ਬਦਲਾ ਲੈਣ ਦੀ ਤਾਕਤ ਤੇ ਸਿਫ਼ਤ ਰੱਬ ਵੱਲੋਂ ਮਿਲੀ ਹੋਈ ਹੈ। ਅੱਲਾਹ ਤਆਲਾ ਦੀ ਪਰਵਰਦਿਗਾਰੀ ਤੇ ਬਜ਼ੁਰਗੀ ਉਸ ਦੀ ਸਰਪਰਸਤ ਹੈ ਅਤੇ ਪੇਸ਼ ਗਾਹ-ਏ-ਜਲਾਲ ਵਿਚ ਉਹ ਵੀ ਹਾਜ਼ਿਰ ਹੈ। ਮੁਸੱਲੀ ਉਸ ਦੀ ਖ਼ੂਬਸੂਰਤੀ ਤੇ ਖ਼ੂਬਸੀਰਤੀ ਨੂੰ ਪ੍ਰਗਟਾਉਣ ਵਾਲਾ ਹੈ ਅਤੇ ਆਪਣੇ ਵਜੂਦ ਵਿਚ ਵਿਪਰੀਤ ਹੈ। ਇਕ ਪ੍ਰਸ਼ਨ ਵਿਚ ਸ਼ੈਤਾਨ ਬਨੀ ਆਦਮ ਤੋਂ ਬਾਜ਼ੀ ਮਾਰ ਗਿਆ। ਉਹ ਸਵਾਲ ਇਹ ਹੈ ਕਿ ਯਾ ਰੱਬ ਮੈਨੂੰ ਕਿਆਮਤ ਤੱਕ ਜਿਉਂਦਾ ਰੱਖਿਓ ਕਿ ਇਨਸਾਨਾਂ ਨਾਲ ਆਪਣੀ ਦੁਸ਼ਮਣੀ ਪੂਰੀ ਕਰ ਸਕਾਂ। ਇਸ ਤਰ੍ਹਾਂ ਆਉਣ ਵਾਲੀ ਕਿਆਮਤ ਤੱਕ ਉਸ ਦਾ ਜਿਉਂਦੇ ਰਹਿਣਾ ਪ੍ਰਵਾਨ ਹੋਇਆ ਅਤੇ ਉਸ ਨੂੰ ਕੁੱਝ ਨਿਸ਼ਚਿਤ ਬੁਰਾਈਆਂ ਕਰਨ ਦੀ ਖੁੱਲ ਵੀ ਮਿਲ ਗਈ। ਬੱਸ ਸ਼ੈਤਾਨ ਇਸੇ ਕਾਰਨ ਰੱਬ ਦੇ ਵਾਅਦੇ 'ਤੇ ਯਕੀਨ ਰੱਖਣ ਵਾਲੇ ਅਤੇ ਉਸ ਦੇ ਹਜ਼ੂਰ ਖੜੇ ਵਿਅਕਤੀ ਦਾ ਵੀ ਪਿੱਛਾ ਕਰਨ ਤੋਂ ਨਹੀਂ ਝਿਜਕਦਾ। ਉਹ ਉਸ ਨੂੰ ਰੱਬ ਦੇ ਜਲਾਲ ਨਾਲ ਮਿਲਾਉਣਾ ਚਾਹੁੰਦਾ ਹੈ ਅਤੇ ਮੁੱਸਲੀ ਉਸ ਦੀ ਰਹਿਮਤ ਤੇ ਜਮਾਲ ਦਾ ਚਾਹੁੰਣ ਵਾਲਾ ਹੈ ਕਿਉਂਕਿ ਉਹ ਜ਼ਾਤ-ਏ-ਅਕਦਸ ਹੀ ਅਸਲ ਗ਼ਨੀ ਹੈ ਅਤੇ ਬੰਦਾ ਹਾਜਤਮੰਦ। ਇਸ ਕਰਕੇ ਉਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਹਾਜ਼ਰੀ ਦਾ ਵਜ਼ੀਫ਼ਾ ਪੂਰਾ ਕਰਕੇ ਆਪਣੇ ਦੁਸ਼ਮਣ ਦਾ ਹਮਲਾ ਰੋਕਣ ਲਈ ਆਪਣੇ ਮਾਲਿਕ-ਏ-ਹਕੀਕੀ ਅੱਗੇ ਅਰਦਾਸ ਕਰੇ। ਪੂਰਨ ਆਸ ਹੈ ਕਿ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਜਾਵੇਗੀ। ਉਸ ਦੇ ਦੁਸ਼ਮਣ ਨੂੰ ਇੱਧਰ ਤੋਂ ਝਿੜਕ ਦਿੱਤਾ ਜਾਵੇਗਾ। ਇਸ ਲਈ ਨਮਾਜ਼ੀ ਰੱਬ ਦੇ ਹਜ਼ੂਰ ਆਪਣੇ ਮਾਣ-ਸਨਮਾਨ ਦੇ ਲੁੱਟ ਜਾਣ ਦੇ ਡਰ ਤੋਂ ਉਸ ਦੀ ਬਾਰਗਾਹ ਵਿਚ ਇਲਤਜਾ ਕਰਦਾ ਹੈ ਅਤੇ ਇਸ ਕਰਕੇ ਹੀ ਆਪਣੀ ਲੋੜ ਦੱਸਣ ਦੀ ਸ਼ਿੱਦਤ ਅਤੇ ਬੜੇ ਹੀ ਅਦਬ ਸਤਿਕਾਰ ਨਾਲ ਉਸ ਨੂੰ ਮੁਖ਼ਾਤਿਬ ਕਰਦਾ ਹੈ ਤਾਂ ਉਸ ਦੀ ਅਰਜ਼-ਏ-ਦਾਸ਼ਤ (ਅਰਦਾਸ) ਵੇਲੇ ਕੋਈ ਗੁਸਤਾਖ਼ੀ ਨਾ ਹੋ ਜਾਵੇ। ਇਸ ਤੋਂ ਇਲਾਵਾ ਇਸ ਪੂਰੇ ਧਿਆਨ ਦੀ ਵਿਸ਼ੇਸ਼ ਹਾਲਤ ਵਿਚ ਦੂਜੇ ਖ਼ਤਰਿਆਂ ਦੇ ਨਾਲ-ਨਾਲ ਦੁਸ਼ਮਣ ਦੀ ਦੁਸ਼ਮਣੀ ਵਿਚ ਵੀ ਪਰਦਾ ਆ ਗਿਆ ਅਤੇ ਨਾ ਚਾਹੁੰਦੇ ਹੋਏ ਵੀ ਇਸ ਇਬਾਰਤ ਵਿਚ ਉਸ ਤੋਂ ਪਨਾਹ ਮੰਗਦਾ ਹੈ ਕਿ ਆਊਜ਼ੁ ਬਿੱਲਾਹਿ ਮਿਨੱਸ਼ੈਤਾ ਨਿੱਰਾਜੀਮ੦ ਸ਼ੈਤਾਨ ਮਰਦੂਦ ਤੋਂ ਅਲੱਹ ਦੀ ਪਨਾਹ ਮੰਗਦਾ ਹਾਂ। ਇਸ ਲਿਖਤ ਦੇ ਲਿਬਾਸ ਵਿਚ ਪਨਾਹ ਮੰਗਣਾ ਖ਼ੂਬ ਮੁਬਾਰਕ ਹੋਇਆ ਕਿ ਅਜਿਹੇ ਬਰਕਤਾਂ ਵਾਲੇ ਮਹਾਨ ਤੇ ਪਵਿੱਤਰ ਨਾਂ ਦੇ ਆਸਰੇ ਵਿਚ ਆਇਆ ਜਿਸ ਤੋਂ ਕਿਸੇ ਵੀ ਕਿਸਮ ਦੇ ਨੁਕਸਾਨ ਦਾ ਡਰ ਨਹੀਂ ਰਹਿੰਦਾ। ਸੋ ਇਸ ਕਰਕੇ ਇਹ ਕਾਬਿਲ-ਏ-ਕਬੂਲ ਹੈ ਕਿਉਂਕਿ ਇਹ ਰੱਬ ਦੇ ਹੁਕਮਾਂ ਅਨੁਸਾਰ ਹੈ ਅਤੇ ਉਸ ਦਾ ਫ਼ਰਮਾਨ ਹੈ:

**ਇਜ਼ਾ ਕਰਾਤੁਲ-ਕੁਰਆਨਾ ਫ਼ਸਤਅਇਜ਼ ਬਿੱਲਾਹਿ੦** (ਸੂਰਹ ਅਲ-ਨਹਲ : 98)

ਸੱਚੇ ਮੁਖ਼ਬਰ ਨੂੰ ਕਲਮਾ-ਏ-ਆਊਜ਼ ਦੀ ਨਿਸਬਤ ਹੈ ਭਾਵ ਹਕੀਕਤ ਦੀ ਵਿਆਖਿਆਹੈ।

ਇਸ ਦੇ ਕਹਿਣ ਨਾਲ ਕਹਿਣ ਵਾਲਾ ਲੁੱਟ-ਖੋਹ ਦੇ ਸਦਮੇ ਤੋਂ ਆਪਣੇ

ਮਾਲਿਕ ਦੀ ਪਨਾਹ ਵਿਚ ਆ ਗਿਆ ਅਤੇ ਸੰਪੂਰਨ ਤੌਰ ਤੇ ਅਮਨ-ਸਾਂਤੀ ਨਾਲ ਆਪਣੇ ਮੰਤਵਾਂ ਦੀ ਪੂਰਤੀ ਵਿਚ ਰੁੱਝ ਗਿਆ, ਕਿਉਂਕਿ ਨਿਯਮ ਹੈ ਕਿ ਜਦੋਂ ਅਮਰ ਜ਼ੀਬਾਲ ਨੂੰ ਸ਼ੁਰੂ ਕੀਤਾ ਜਾਂਦਾ ਹੈ ਤਾਂ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਸ ਦੇ ਚੰਗੇ ਅੰਜਾਮ ਦੀ ਆਪਣੇ ਮਾਲਿਕ ਦੇ ਪਵਿੱਤਰ ਨਾਮਾਂ ਨਾਲ ਅਰਦਾਸ ਕਰਦੇ ਹਨ। ਨਮਾਜ਼ੀ ਕਹਿੰਦਾ ਹੈ **ਬਿਸਮਿੱਲਾ ਹਿਰੱਹਮਾ ਨਿੱਰਾਹੀਮ੦** (ਸ਼ੁਰੂ ਉਸ ਰੱਬ ਦੇ ਨਾਂ ਨਾਲ ਜੋ ਅਤਿ ਮਿਹਰਬਾਨ ਤੇ ਰਹਿਮ ਕਰਨ ਵਾਲਾ ਹੈ)। ਅਸਲ ਮੰਤਵ ਰੱਬ ਦੀ ਮੁਹੱਬਤ ਅਤੇ ਉਸ ਦੀ ਪਵਿੱਤਰ ਕਿਤਾਬ ਭਾਵ ਕੁਰਆਨ ਮਜੀਦ ਦੀ ਤਿਲਾਵਤ (ਸਿਮਰਨ, ਪਾਠ) ਅਤੇ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਦੀ ਤਲਬ ਨੂੰ ਅੱਲਾਹ ਸੁਬਹਾਨਾ ਤਆਲਾ ਦੇ ਪਵਿੱਤਰ ਤੇ ਮਹਾਨ ਨਾਂ ਨਾਲ ਸ਼ੁਰੂ ਕਰਦਾ ਹਾਂ ਕਿ ਉਹ ਹੀ ਆਪਣੀ ਰਹਿਮਤ ਦੀ ਰੌਸ਼ਨੀ ਨਾਲ ਬਿਨਾਂ ਭੇਦ-ਭਾਵ ਸਭ ਨੂੰ ਨਵਾਜ਼ਦਾ ਹੈ ਅਤੇ ਆਪਣੀ ਰਹਿਮਤ-ਏ-ਰਹੀਮੀਆਂ ਨਾਲ ਛੋਟੀਆਂ ਛੋਟੀਆਂ ਖ਼ੈਰਾਤਾਂ, ਅਮਲਾਂ ਅਤੇ ਇਬਾਦਤਾਂ ਨੂੰ ਵੱਡੇ-ਵੱਡੇ ਦਰਜਿਆ ਨਾਲ ਸਨਮਾਨ ਦਿੰਦਾ ਹੈ। ਇੱਥੇ ਨਮਾਜ਼ੀ ਨੇ ਆਪਣੇ ਮੰਤਵ ਦੀ ਸ਼ੁਰੂਆਤ ਵਿਚ ਅੱਲਾਹ ਦੇ ਮੁਬਾਰਕ ਨਾਂ ਨਾਲ ਦੁਆ ਕੀਤੀ ਅਤੇ ਨੇਕਫ਼ਾਲ ਦੀ ਰਾਹ ਤੋਂ ਉਸ ਦੇ ਸਿੱਫ਼ਾਤੀ ਨਾਮਾਂ ਵਿਚੋਂ ਉਸ ਪਾਕ ਜ਼ਾਤ ਦੇ ਦੋ ਨਾਮਾਂ ਨੂੰ ਸਿਫ਼ਤ ਨਾਲ ਬਿਆਨ ਕੀਤਾ, ਇਕ ਰਹਿਮਾਨ ਅਤੇ ਇਕ ਰਹੀਮ। ਉਸ ਦੀ ਵਿਆਖਿਆ ਕਰਨ ਲਈ ਇਹੋ ਨਾਮ ਜ਼ਿਆਦਾ ਢੁਕਵੇਂ ਤੇ ਮੁਨਾਸਿਬ ਹਨ ਕਿਉਂਕਿ ਨਮਾਜ਼ੀ ਕੇਵਲ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਚਾਹੁੰਦਾ ਹੈ ਅਤੇ ਇਹ ਦੋ ਨਾਂ ਹੀ ਵਿਸਥਾਰ ਸਹਿਤ ਉਸ ਦੀਆਂ ਖ਼ੂਬੀਆਂ ਬਿਆਨ ਕਰਦੇ ਹਨ। ਸੋ ਇਨਹਾਂ ਨਾਮਾਂ ਦੇ ਜ਼ਿਕਰ ਕਰਨ ਨਾਲ ਹੀ ਬੇਨਤੀ ਜ਼ਿਆਦਾ ਉਚਿਤ ਜਾਪਦੀ ਹੈ। ਦਸਤੂਰ ਹੈ ਕਿ ਜਦੋਂ ਭਿਖਾਰੀ ਦਾਤਾ ਨੂੰ ਸਵਾਲ ਕਰਦਾ ਹੈ ਤਾਂ ਲੋੜੀਂਦੀਆਂ ਬਖ਼ਸ਼ਿਸ਼ਾਂ ਉਸ ਅੱਗੇ ਬਿਆਨ ਕਰਦਾ ਹੈ ਭਾਵ ਕੁਝ ਕਪੜੇ-ਲੀੜੇ ਦਾ ਸਵਾਲ ਕਰਨਾ ਹੋਵੇ ਤਾਂ ਕਹਿੰਦਾ ਹੈ ਕਿ ਸ਼੍ਰੀਮਾਨ ਜੀ ਸਤਰਪੋਸ਼ ਤੇ ਕਪੜੇ-ਲੀੜੇ ਦੀ ਹਾਜਤ ਰੱਖਦਾ ਹਾਂ, ਖਾਣ-ਪੀਣ ਲਈ ਬੇਨਤੀ ਕਰਨੀ ਹੋਵੇ ਤਾਂ ਕਹਿੰਦਾ ਹੈ ਕਿ ਹੁਜ਼ੂਰ ਤੁਸੀਂ ਤਾਂ ਭੁੱਖਿਆਂ-ਪਿਆਸਿਆਂ ਦੀਆਂ ਲੋੜਾਂ ਪੂਰਾ ਕਰਨ ਵਾਲੇ ਹੋ, ਪਨਾਹ ਦੇਣ ਵਾਲੇ ਹੋ ਅਤੇ ਅਜਿਹੀ ਸਥਿਤੀ ਵਿਚ ਇਸ ਦੇ ਬਰਖ਼ਿਲਾਫ਼ ਇਹ ਕਹਿਣਾ ਉਚਿਤ ਨਹੀਂ ਹੁੰਦਾ ਕਿ ਜਨਾਬ ਤੁਸੀਂ ਵੱਡੇ ਤੇਗ਼ ਬਹਾਦਰ ਤੇ ਹਾਥੀ ਵਾਂਗ ਤਾਕਤਵਰ ਤੇ ਵੱਡੇ ਹੋ। ਇਸੇ ਤਰ੍ਹਾਂ ਨਮਾਜ਼ੀ ਵੀ ਆਪਣੇ ਮਤਲਬ ਤੇ ਮੰਤਵ ਦੇ ਆਰੰਭ ਵਿਚ ਆਪਣੇ ਮਾਲਿਕ ਦੀ ਪਾਕ ਜ਼ਾਤ ਨੂੰ, ਜਿਸ ਵਿਚ ਵੱਖ-ਵੱਖ ਪ੍ਰਕਾਰ ਦੀਆਂ ਵਿਪਰੀਤ ਸਿਫ਼ਤਾਂ ਹਨ, ਉਸ ਨੂੰ ਉਸ ਦੇ ਕਹਿਰ ਦੀ ਖ਼ੂਬੀ ਤੋਂ ਯਾਦ ਨਹੀਂ ਕਰਦਾ ਅਤੇ ਇੰਜ ਨਹੀਂ ਕਹਿੰਦਾ **ਬਿਸ-ਮਿੱਲਾ ਅਲਜੱਬਾਰ-ਉਲ-ਕਹੱਾਰ੦** ਹਾਲਾਂਕਿ ਜੱਬਾਰ ਤੇ ਕੱਹਾਰ ਵੀ ਉਸ ਰੱਬ ਦੇ ਹੀ ਨਾਂ ਹਨ। ਉਸ ਨੂੰ ਤਾਂ ਰੱਬ ਦੀ ਰਹਿਮਤ ਤੇ ਬਖ਼ਸ਼ਿਸ਼ ਚਾਹੀਦੀ ਹੈ। ਇਸ ਲਈ ਰੱਬ ਦੇ ਕਹਿਰ ਤੋਂ ਉਸ ਦੀ ਰਹਿਮਤ ਵੱਲ ਜਾਣਾ ਲੋਚਦਾ ਹੈ ਅਤੇ ਉਸ ਦੀ ਹਮਾਇਤ ਤੇ ਤਰਫ਼ਦਾਰੀ ਦੀ ਬੇਨਤੀ ਕਰਦਾ ਹੈ। ਰਹਿਮਾਨ ਉਹ ਮਿਹਰਬਾਨ ਜ਼ਾਤ ਹੈ ਕਿ ਉਹ ਫ਼ਰਮਾਬਰਦਾਰਾ ਅਤੇ ਖ਼ਤਾਕਾਰ ਮੁਜਰਿਮਾਂ ਭਾਵ

ਸਭ ਦਾ ਪਾਲਣਹਾਰ ਹੈ। ਇਸ ਫ਼ਾਨੀ ਸੰਸਾਰ ਵਿਚ, ਜੋ ਇਕ ਕਰਮਭੂਮੀ ਵੀ ਹੈ, ਰੱਬ ਦੀ ਰਹਿਮਾਨੀ ਸਿਫ਼ਤ ਜਲਵਾਗਰ ਹੈ। ਰਹੀਮ ਉਹ ਮਿਹਰਬਾਨ ਤੇ ਬਖ਼ਸ਼ਣਹਾਰ ਜ਼ਾਤ ਹੈ ਜੋ ਪਰਉਪਕਾਰਾਂ ਨੂੰ ਖ਼ਤਾਕਾਰਾਂ ਦੇ ਮੁਕਾਬਲੇ ਆਖ਼ਰਤ (ਜਜ਼ਾ ਤੇ ਸਜ਼ਾ ਦੀ ਥਾਂ ਵਿਚ ਆਪਣੀ ਰਹਿਮਤ ਤੇ ਬਖ਼ਸ਼ਿਸ ਨਾਲ ਮੁਮਤਾਜ਼ ਫ਼ਰਮਾਵੇ ਅਤੇ ਥੋੜੀ ਜਿਹੀ ਮਿਹਨਤ ਦੇ ਬਦਲੇ ਸਦੀਵੀ ਸੁੱਖਾਂ ਤੇ ਨੇਅਮਤਾਂ ਦਾ ਮਜ਼ਾ ਚਖਾਵੇ। ਵਿਸ਼ੇਸ ਤੌਰ ਤੇ ਇਸ ਸਿਫ਼ਤ ਦੀ ਤੱਜਲੀ ਦੂਜੇ ਜਹਾਨ ਭਾਵ ਆਖ਼ਰਤ ਵਿਚ ਹੀ ਹੈ।

ਦੋਹਾਂ ਜਹਾਨਾਂ ਅਤੇ ਇਸ ਵਿਚਲੀ ਮਖ਼ਲੂਕ ਤੇ ਹਰ ਚੀਜ਼ ਨੂੰ ਪੈਦਾ ਕਰਨ ਵਾਲੀ ਪਵਿੱਤਰ ਜ਼ਾਤ ਰੱਬ ਦੀ ਹੀ ਹੈ ਅਤੇ ਸਾਰੀ ਕਾਇਨਾਤ ਨੇ ਉਸ ਵੱਲ ਹੀ ਵਾਪਿਸ ਪਰਤਨਾ ਹੈ। ਉਹ ਤਾਅਦਾਦ ਜਾਂ ਗਿਣਤੀ ਤੋਂ ਪਾਕ ਹੈ। ਸਾਰੀਆਂ ਸੱਚਾਈਆਂ, ਹਰ ਪ੍ਰਕਾਰ ਦੇ ਯਕੀਨ, ਭਰੋਸੇ ਤੇ ਅੰਦਾਜ਼ੇ ਉਸੇ ਨਾਲ ਹੀ ਵਾਬਸਤਾ ਹਨ। ਉਹ ਸਾਫ਼ ਸੱਫ਼ਾਫ ਕੱਚ ਦੀ ਸਿਫ਼ਤ ਰੱਖਣ ਵਾਲਾ ਹਕੀਕੀ ਨੂਰ ਤੇ ਸਾਰੇ ਆਲਮਾਂ ਦੀ ਅਸਲ ਹੈ। ਜਦੋਂ ਹਰ ਚੀਜ਼ ਦਾ ਬਾਨੀ ਤੇ ਰਚਨਾਕਾਰ ਉਹੋ ਮਹਾਨ ਰੱਬ ਹੀ ਹੈ, ਕੋਈ ਮੰਨੇ ਜਾਂ ਨਾ ਮੰਨੇ, ਜਦੋਂ ਬੰਦੇ ਨੂੰ ਇਸ ਹਕੀਕਤ ਦਾ ਪਤਾ ਚੱਲਦਾ ਹੈ ਤਾਂ ਉਹ ਸ਼ੁਕਰਨ ਲਿ ਅਨਊਮਿਹੀ० ਉਸ ਦੀ ਨੇਮਤ ਤੇ ਬਖਸ਼ਿਸ਼ ਦਾ ਧੰਨਵਾਦ ਕਰਦਾ ਹੈ।

**ਅਲਹਮਦੁ- ਲਿੱਲਾਹਿ ਰੱਬਿਲ ਆਲਾਮੀਨ०** ਸਾਰੀਆਂ ਤਾਰੀਫ਼ਾਂ ਤੇ ਖ਼ੂਬੀਆਂ ਉਸ ਮਹਾਨ ਰੱਬ ਲਈ ਹੀ ਹਨ ਕਿ ਉਹ ਸਾਰੇ ਜਹਾਨਾਂ ਦਾ ਪਰਵਰਦਿਗਾਰ ਹੈ। ਕੋਈ ਵੀ ਖ਼ੂਬੀ ਅਜਿਹੀ ਨਹੀਂ ਹੈ ਕਿ ਰੱਬ ਉਸ ਦੇ ਕਾਬਿਲ ਨਾ ਹੋਵੇ, ਭਾਵ ਉਹ ਹਰ ਖ਼ੂਬੀ ਦਾ ਮਾਲਿਕ ਹੈ ਅਤੇ ਕੋਈ ਕਣ ਕਾਇਨਾਤ ਦੇ ਕਣਾਂ ਵਿਚ ਅਜਿਹਾ ਨਹੀਂ ਹੈ ਕਿ ਹੱਕ ਤਆਲਾ ਉਸ ਦਾ ਪਰਵਰਦਿਗਾਰ ਨਾ ਹੋਵੇ। ਇਸ ਸਮੇਂ ਨਮਾਜ਼ੀ ਬਾਵਜੂਦ ਇਸ ਦੇ ਕਿ ਕੁੱਲ ਆਲਮ ਦੇ ਅਫ਼ਰਾਦ ਦੀ ਹਕੀਕਤ ਤੋਂ ਮੂੰਹ ਮੋੜ ਲੈਂਦਾ ਹੈ ਅਤੇ ਆਪਣੇ ਹਕੀਕੀ ਰੱਬ ਦੀ ਤਾਰੀਫ਼ ਉਸ ਦੇ ਹੀ ਕਲਾਮ ਨਾਲ ਕਰਦਾ ਹੈ। ਵਰਨਣਯੋਗ ਹੈ ਕਿ ਇਹ ਤਾਰੀਫ਼ ਸਭ ਕੁੱਝ ਦਾ ਤਿਆਗ ਕਰਨ ਉਪਰੰਤ ਕੀਤੀ ਜਾਂਦੀ ਹੈ। ਇਹੋ ਪੂਰਨ ਤਸੱਲੀ ਤੇ ਸਕੂਨ ਦਾ ਸਮਾਂ ਹੈ। **ਵਾ-ਆਖ਼ਿਰੁ ਦਾਅਵਾ ਹੁਮ ਆਨਿਲ ਹਮਦੁਲਿੱਲਾਹਿ ਰੱਬਿਲ ਆਲਾਮੀਨ० (ਸੂਰਹ ਯੂਨੁਸ : 10)**

ਇਸ ਕਲਾਮ ਨਾਲ ਰੱਬ ਦੀ ਦਾਤਿ ਉੱਤੇ ਬੰਦੇ ਦੀ ਰਜ਼ਾ ਪਾਈ ਗਈ ਹੈ ਤਾਂ ਇਸ ਬਖ਼ਸ਼ਿਸ਼ ਨੂੰ ਵਿਲੱਖਣ ਤੇ ਮੁਮਤਾਜ਼ ਸਮਝਿਆ ਜਾਂਦਾ ਹੈ। ਹਦੀਸ਼ ਸ਼ਰੀਫ਼ ਵਿਚ ਆਉਂਦਾ ਹੈ ਕਿ ਅੱਲਾਹ ਤਆਲਾ ਫ਼ਰਮਾਉਂਦੇ ਹਨ ਕਿ ਮੇਰੇ ਬੰਦੇ ਨੇ ਮੇਰੀ ਤਾਰੀਫ਼ ਕੀਤੀ। ਹੱਕ ਤਆਲਾ ਦੀ ਇਬਦਾਤ ਬਾਰੇ ਹਰ ਆਮ ਖ਼ਾਸ ਮਖ਼ੂਲਕ ਕੋਲੋਂ ਪੁੱਛ ਹੋਵੇਗੀ ਕਿਉਂਕਿ ਉਹ ਇਕੱਲਾ ਹੀ ਹਰ ਪ੍ਰਕਾਰ ਦੀ ਇਬਾਦਤ ਦੇ ਲਾਇਕ ਹੈ, ਪੂਜਨਯੋਗ ਹੈ। ਜਦੋਂ ਨਮਾਜ਼ੀ ਅੱਗੇ ਰੱਬ ਦੇ ਸਿਮਰਨ ਤੇ ਜ਼ਿਕਰ ਕਾਰਨ ਇਹ ਭੇਦ ਖੁੱਲਿਆ ਕਿ ਉਸ ਰਚਨਹਾਰ ਮਾਲਿਕ ਦੀ ਪਰਵਰਦਿਗਾਰੀ ਇਕ ਨਫ਼ਾਬਖ਼ਸ਼ ਰਹਿਮਤ ਹੈ ਤਾਂ ਉਸ ਦੀਆਂ ਰਹਿਮਤਾਂ ਤੇ

ਬਖ਼ਸ਼ਿਸ਼ਾਂ ਦੀ ਸਿਫ਼ਤ ਬਿਆਨ ਕਰਦੇ ਹੋਏ ਉਸ ਦੇ ਨੂਰ ਦੀ ਨੇੜਤਾ ਜਾਂ ਨਿੱਘ ਪ੍ਰਾਪਤ ਕਰਦਾ ਹੈ ਅਤੇ ਕਹਿੰਦਾ ਹੈ ਅੱਰਹਮਾਨਿੱਰਾਹੀਮ0 ਭਾਵ ਤਮਾਮ ਜਹਾਨਾਂ ਦਾ ਰੱਬ ਬਹੁਤ ਹੀ ਮਿਹਰਬਾਨ ਤੇ ਰਹਿਮ ਕਰਨ ਵਾਲਾ ਹੈ। ਜੇਕਰ ਉਸ ਦੀ ਜ਼ਾਤ ਵਿਚ ਰਹਿਮਾਨੀਅਤ ਦੀ ਸਿਫ਼ਤ ਨਾ ਹੁੰਦੀ ਤਾਂ ਦੋਹਾਂ ਜਹਾਨਾਂ ਦਾ ਪ੍ਰਬੰਧ ਆਪਣੇ ਕਮਾਲ ਤੱਕ ਨਾ ਪਹੁੰਚਦਾ ਅਤੇ ਜੇਕਰ ਉਸ ਦੀ ਰਹੀਮੀਅਤ ਦੀ ਦਸਤਗੀਰੀ ਨਾ ਹੁੰਦੀ ਤਾਂ ਕੋਈ ਆਖ਼ਰਤ ਦੀਆਂ ਲੱਜ਼ਤਾਂ ਤੇ ਬਖ਼ਸ਼ਿਸ਼ਾਂ ਤੋਂ ਲਾਭ ਨਾ ਉਠਾ ਸਕਦਾ ਅਤੇ ਵੱਖ-ਵੱਖ ਕੈਫ਼ੀਅਤਾਂ ਦੀਆਂ ਖ਼ੁਸ਼ੀਆਂ ਜਾਂ ਲਾਭ ਮੁਕੰਮਲ ਨਾ ਹੁੰਦੇ। ਫੇਰ ਬਹੁਤ ਸਾਰੇ ਸੱਚ-ਤੱਥ ਤੇ ਗੁੱਝੀਆਂ ਗੱਲਾਂ ਪਰਦਿਆਂ ਪਿੱਛੇ ਛੁਪੀਆਂ ਰਹਿੰਦੀਆਂ। ਆਮ ਤੇ ਖ਼ਾਸ ਪਰਵਰਦਿਗਾਰੀ ਦਾ ਕਮਾਲ ਸਾਹਮਣੇ ਨਾ ਆਉਂਦਾ। ਪਰਵਰਦਿਗਾਰੀ ਦੀ ਉਸਤਤ ਤੋਂ ਬਾਅਦ ਹੱਕ ਤੇ ਸੱਚ ਦੀ ਤਾਰੀਫ਼ ਬਹੁਤ ਜ਼ਰੂਰੀ ਸੀ। ਇਸ ਲਈ ਅੱਰਹਮਾ ਨਿੱਰਾਹੀਮ0 ਦਾ ਜ਼ਿਕਰ ਬੰਦੇ ਲਈ ਜ਼ਰੂਰੀ ਹੈ। ਪਹਿਲਾਂ ਨਾਮਕਰਨ ਵੇਲੇ ਜ਼ਿਕਰ ਹੋ ਗਿਆ ਸੀ, ਹੁਣ ਦੁਬਾਰਾ ਸਹੀ ਸਮੇਂ ਜ਼ਿਕਰ ਹੋਇਆ। ਤਾਂ ਜੋ ਨਮਾਜ਼ੀ ਦਾ ਵਜਦਾਨ-ਏ-ਮਾਅਰਫ਼ਤ ਹਕੀਕਤ ਤੋਂ ਅਣਗਹਿਲਾ ਨਾ ਰਹੇ ਅਤੇ ਉਸ ਦੀ ਰਹਿਮਤ ਦੀ ਪਨਾਹ ਤੇ ਸਰਪ੍ਰਸਤੀ ਉਸ ਦੀ ਮੁਹੱਬਤ ਦੇ ਦਰਜੇ ਤੈਅ ਕਰਨ ਵਿਚ ਸਾਜ਼ਗਾਰ ਹੋਵੇ ਅਤੇ ਉਸ ਹਕੀਕੀ ਜਮਾਲ ਤੇ ਨੂਰ ਦੇ ਦਰਿਆ ਵਿਚ ਗੋਤਾ ਲਾ ਕੇ ਉਸ ਦੇ ਫ਼ਜ਼ਲ ਤੇ ਦਾਤਿ ਦਾ ਚਾਹੁੰਣ ਵਾਲਾ ਬਣੇ ਅਤੇ ਰੱਬ ਤੋਂ ਬਿਨਾਂ ਕਿਸੇ ਹੋਰ ਦੀ ਮਿਹਰਬਾਨੀ ਤੇ ਮਦਦ ਉਸ ਦੇ ਦਾਮਨ ਤੇ ਦਾਗ਼ ਨਾ ਲਾਵੇ। ਬੰਦੇ ਨੇ ਜਦੋਂ ਪੂਰੇ ਸਨੇਹ ਤੇ ਖ਼ਲੂਸ ਨਾਲ ਰੱਬ ਦੀ ਤਾਰੀਫ਼ ਵਿਚ ਇਹ ਕਿਹਾ ਤਾਂ ਅੱਲਾਹ ਤਆਲਾ ਫ਼ਰਮਾਉਂਦੇ ਹਨ, ਮੇਰੇ ਬੰਦੇ ਨੇ ਮੇਰੀ ਹਮਦ (ਤਾਰੀਫ਼) ਕੀਤੀ ਤਾਂ ਉਹ ਖ਼ੁਸ਼ ਨਸੀਬ ਹੈ ਕਿ ਉਸਦਾ ਸਿਮਰਨ ਕਬੂਲ ਹੋਣ ਕਾਰਨ ਉਹ ਮੁਅਜ਼ਜ਼ ਹੋ ਗਿਆ। ਇਸ ਮੁਕਾਮ ਉੱਤੇ ਬੰਦਾ ਕੇਵਲ ਰੱਬ ਦੀ ਰਹਿਮਤ ਸਦਕਾ ਹੀ ਪਹੁੰਚਦਾ ਹੈ, ਆਨੰਦ ਮਾਣਦਾ ਹੈ ਅਤੇ ਉਸ ਦੀਆਂ ਰਹਿਮਤਾਂ ਤੇ ਬਖ਼ਸ਼ਿਸ਼ਾਂ ਵਿਚ ਪਨਾਹ ਲੈਂਦਾ ਅਤੇ ਉੱਚਾ ਰੁਤਬਾ ਪ੍ਰਾਪਤ ਕਰਦਾ ਹੈ। ਬੇਸ਼ਕ ਇਸ ਰੁਤਬੇ ਤੋਂ ਵੱਧ ਕੇ ਆਪਣੇ ਹੱਕ ਵਿਚ ਹੋਰ ਕੋਈ ਉੱਚੀ ਪਦਵੀ ਨਹੀਂ ਦੇਖਦਾ ਪਰ ਜਾਣਦਾ ਹੈ ਕਿ ਰੱਬ ਦੀ ਜ਼ਾਤ-ਏ-ਅਕਦਸ ਭਿੰਨ ਭਿੰਨ ਪ੍ਰਕਾਰ ਦੀਆਂ ਸਿਫ਼ਤਾਂ ਦਾ ਸਮੂਹ ਹੈ ਅਤੇ ਉਸ ਦੀਆਂ ਸਿਫ਼ਤਾਂ ਵਿਚ ਫ਼ਾਰਿਗ਼ ਹੋਣਾ ਨਹੀਂ ਭਾਵ ਸੰਪੰਨ ਹੋਣਾ ਨਹੀਂ। ਜੇਕਰ ਇੱਧਰ ਤਜੱਲੀ ਜਮਾਲ ਹੈ ਤਾਂ ਉਸ ਲਈ ਤਾਕਤ ਤੇ ਕੁਦਰਤ ਰੱਖਣ ਵਾਲਾ ਜਲਾਲ ਵੀ ਹੈ ਅਤੇ ਨਮਾਜ਼ੀ ਦਾ ਮੰਤਵ ਹੈ ਕਿ ਉਸ ਰੱਬ ਦੀ ਰਹਿਮਤ ਭਰੀ ਪਨਾਹ ਵਿਚ ਆਵੇ ਅਤੇ ਉਸ ਦੇ ਕਹਿਰ ਤੇ ਗ਼ੁੱਸੇ ਵਾਲੀ ਸਿਫ਼ਤ ਤੋਂ ਡਰਦਾ ਰਹੇ ਪਰ ਇਸ ਦੇ ਮੁਕਾਬਲੇ ਆਪਣੇ ਰੱਬ ਦੀ ਰਹਿਮਤ ਤੇ ਜਮਾਲ ਦੀਆਂ ਖ਼ੂਬੀਆਂ ਤੋਂ ਬੇਪਰਵਾਹ ਨਾ ਰਹੇ ਅਤੇ ਉਸ ਦੀ ਮੁਕੰਮਲ ਰਹਿਮਤ ਵੀ ਉਦੋਂ ਹੀ ਹੈ ਜਦੋਂ ਉਸ ਦੀਆਂ ਸਾਰੀਆਂ ਖ਼ੂਬੀਆਂ ਨੂੰ ਤੁਲਨਾਤਮਕ ਤੌਰ ਤੇ ਪਰਖ ਲਵੇ ਨਹੀਂ ਤਾਂ ਨੇਅਮਤ ਤੇ ਬਖ਼ਸ਼ਿਸ਼ ਦੀ ਕਦਰਦਾਨੀ ਦਰਜਾ-ਏ-ਕਮਾਲ ਤੱਕ ਨਹੀਂ ਕਰ ਸਕੇਗਾ। ਇਸ ਲਈ ਹੁਣ ਉਸ ਰਹਿਮਤਾਂ ਤੇ ਨੇਅਮਤਾਂ ਬਖ਼ਸ਼ਣ ਵਾਲੇ ਰੱਬ ਨੂੰ

ਅਜਿਹੀਆਂ ਸਿਫ਼ਤਾ ਨਾਲ ਯਾਦ ਕਰਦਾ ਹੈ ਕਿ ਉਸ ਵਿਚ ਮਿਹਰ ਤੇ ਕਹਿਰ ਦੇ ਸਾਰੇ ਜਲਵੇ ਜਲਵਾਗਰ ਹਨ ਅਤੇ ਉਹ ਆਖਦਾ ਹੈ:

**ਮਾਲਿਕਿ ਯੌਮਿੱਦੀਨ০** ਉਹ ਇਨਸਾਫ਼ ਅਤੇ ਜਜ਼ਾ ਦੇ ਦਿਨ ਦਾ ਮਾਲਿਕ ਹੈ, ਕਿਆਮਤ ਦੇ ਦਿਨ ਦਾ ਬਾਦਸ਼ਾਹ ਹੈ। **ਵਲ ਅਮਰਿ ਯੌਮਾਇਜ਼ਿੱਲਾ০** ਬੇਸ਼ਕ ਅੱਲਾਹ ਸੁਬਹਾਨਾ ਤਆਲਾ ਦੁਨੀਆ ਅਤੇ ਆਖ਼ਰਤ ਦੋਨਾਂ ਜਹਾਨਾਂ ਵਿਚ ਬਰਾਬਰ ਹਾਕਿਮ ਤੇ ਮਾਲਿਕ ਹੈ। ਯੌਮਿੱਦੀਨ ਵਿਚ ਮਿਲਕੀਅਤ ਅਤੇ ਕਬਜ਼ੇ ਦੀ ਖ਼ੁਸੂਸੀਅਤ ਦਾ ਇਕ ਕਾਰਣ ਇਹ ਹੈ ਕਿ ਇਸ ਗੁੰਝਲਦਾਰ ਕਰਮਭੂਮੀ ਉੱਤੇ ਸਾਧਨਾਂ ਤੇ ਵਸੀਲਿਆਂ ਦੀ ਆੜ ਵਿਚ ਉਸ ਦੇ ਸੱਚੇ ਤੇ ਸੁੱਚੇ ਹੁਕਮਾਂ ਨੂੰ ਲਾਗੂ ਕਰਨ ਤੋਂ ਬਚਦਾ ਰਹਿੰਦਾ ਹੈ ਅਤੇ ਇਸ ਦੇ ਬਰਖ਼ਿਲਾਫ਼ ਜਜ਼ਾ ਤੇ ਸਜ਼ਾ ਦਾ ਮੁਕਾਮ ਸਾਰੇ ਪਰਦੇ ਚੁੱਕਣ ਦੀ ਥਾਂ ਹੈ। ਉੱਥੇ ਹਰ ਚੀਜ਼ ਦੀ ਹਕੀਕਤ ਸਾਹਮਣੇ ਆ ਜਾਵੇਗੀ ਅਤੇ ਆਪਣੇ ਮਾਲਿਕ ਦੀ ਇਸ ਤਰ੍ਹਾਂ ਤਾਰੀਫ਼ ਕਰਨ ਵਿਚ ਨੁਕਤਾ ਇਹ ਹੈ ਕਿ ਰੱਬ ਦੀ ਪਵਿੱਤਰ ਜ਼ਾਤ ਵਿਚ ਤਜੱਲੀ-ਏ-ਰਹਿਮਤ ਅਤੇ ਕਹਿਰ ਦੋਵੇਂ ਹਨ ਅਤੇ ਬੰਦੇ ਦੀ ਲੋੜ ਉਸਦੀ ਰਹਿਮਤ ਹੈ, ਜੋ ਕਿ ਹੱਕ-ਸੱਚ ਤੇ ਨਿਰਭਰ ਕਰਦੀ ਹੈ। ਉਸਦੇ ਗ਼ੁੱਸੇ ਅਤੇ ਗ਼ਜ਼ਬ ਤੋਂ ਬਚਣਾ ਉਸ ਦੇ ਮਾਲਿਕ ਦੀ ਰਹਿਮਤ ਤੇ ਹੀ ਨਿਰਭਰ ਕਰਦਾ ਹੈ। ਬੱਸ ਇੱਥੇ ਹੀ ਨਮਾਜ਼ੀ ਉੱਤੇ ਖ਼ੌਫ਼ ਅਤੇ ਡਰ ਦੀ ਕੈਫ਼ੀਅਤ ਤਾਰੀ ਹੁੰਦੀ ਹੈ, ਉਸ ਵੇਲੇ ਬੰਦੇ ਦਾ ਦਿਲ ਇਨਸਾਫ਼ ਤੇ ਈਮਾਦਾਰੀ ਦੇ ਸਥਾਨ ਤੇ ਆ ਜਾਂਦਾ ਹੈ ਕਿਉਂਕਿ ਈਮਾਨ, ਡਰ ਅਤੇ ਆਸ ਦੇ ਵਿਚਕਾਰ ਹੈ। ਉਸ ਦੇ ਇਹ ਕਹਿਣ ਤੇ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਮੇਰੇ ਬੰਦੇ ਨੇ ਮੇਰੀ ਬਜ਼ੁਰਗੀ ਤੇ ਮਹਾਨਤਾ ਬਿਆਨ ਕੀਤੀ, ਇਸ ਲਈ ਉਸ ਦੀ ਸੇਵਾ ਨੂੰ ਕਬੂਲ ਕਰਦੇ ਹੋਏ ਖ਼ਾਸ ਰਹਿਮਤ ਦਾ ਉਮੀਦਾਰ ਬਣਾਇਆ ਜਾਂਦਾ ਹੈ। ਬੱਸ ਬੰਦਾ ਆਪਣੇ ਮਾਲਿਕ ਦੇ ਗ਼ੁੱਸੇ ਤੇ ਜਲਾਲ ਤੋਂ ਬਚਦਾ ਹੋਇਆ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਦੀ ਗੋਦੀ ਵਿਚ ਪਨਾਹ ਮੰਗਦਾ ਹੋਇਆ ਕਹਿੰਦਾ ਹੈ:

**ਇੱਯਾਕਾ ਨਾਅਬੁਦੁ০** ਐ ਮਾਲਿਕ ਅਸੀਂ ਤੇਰੀ ਹੀ ਬੰਦਗੀ ਕਰਦੇ ਹਾਂ, ਤੇਰੇ ਸਿਵਾ ਕਿਸੇ ਹੋਰ ਦੀ ਪਰਸਤਿਸ਼ ਨਹੀਂ ਕਰਦੇ। ਇੱਥੇ ਉਸ ਨੂੰ ਉਚੇਚੇ ਤੌਰ ਤੇ ਖ਼ਾਸ ਕਰਨਾ ਇਬਾਦਤ ਲਈ ਹੈ ਜੋ ਕੇਵਲ ਤੇ ਕੇਵਲ ਰੱਬ ਦੀ ਜ਼ਾਤ ਹੈ। ਉਸ ਦੀ ਪਰਵਰਦਿਗਾਰੀ ਤੇ ਮਹਾਨਤਾ ਦੀ ਇਬਾਦਤ ਸਾਰਿਆਂ ਲਈ ਵਾਜਿਬ ਤੇ ਜ਼ਰੂਰੀ ਹੈ। ਇਸ ਲਈ ਸ਼ੁਰੂ ਤੋਂ ਅਖ਼ੀਰ ਤੱਕ ਕੁੱਲ ਜਹਾਨ ਦੇ ਲੋਕਾਂ ਲਈ ਨਾਅਬੁਦੁ ਦਾ ਸ਼ਬਦ ਬਹੁਵਚਨ ਦਾ ਸੀਗ਼ਾ ਹੈ ਅਤੇ ਇਸਲਾਮੀ ਬਰਾਦਰੀ ਦੀ ਆਪਸੀ ਹਮਦਰਦੀ ਤੇ ਮੁਹੱਬਤ ਲਈ ਸ਼ਾਯਾਨ-ਏ-ਸ਼ਾਨ ਵੀ ਇਹੋ ਹੈ ਅਤੇ ਇਬਾਦਤ ਦੀ ਤਫ਼ਸੀਲ ਵੀ ਇਸੇ ਨੁਕਤੇ ਦੇ ਆਲੇ ਦੁਆਲੇ ਘੁੰਮਦੀ ਹੈ। ਇਬਾਦਤ ਦਾ ਕੇਵਲ ਉਹੋ ਢੰਗ ਉਚਿਤ ਮੰਨਿਆ ਜਾਵੇਗਾ ਜਿਸ ਦਾ ਪ੍ਰਮਾਣ ਜਾਂ ਸਨਦ ਸ਼ਰੀਅਤ ਦੇ ਆਲਿਮ ਵਲੋਂ ਮਿਲ ਚੁੱਕੀ ਹੋਵੇ। ਕਹਿਣ ਤੋਂ ਭਾਵ ਬੰਦਾ ਇੱਥੇ ਇਕਰਾਰ ਕਰਦਾ ਹੈ ਕਿ ਮੈਂ ਸ਼ਰਾ ਮੁਹੰਮਦੀ ਨੂੰ ਪਰਵਾਨ ਕਰਦਾ ਹਾਂ, ਇਸ ਉੱਤੇ ਦਿਲੋਂ ਪੱਕਾ ਹੋਣਾ ਪਹਿਲੀ ਸ਼ਰਤ ਹੈ। ਬੱਸ ਜੇਕਰ ਜ਼ਬਾਨ ਤੋਂ ਉਚਾਰਨ ਕਰਦਾ ਹੈ **ਇੱਯਾਕਾ ਨਾਅਬੁਦੁ০** ਅਤੇ ਫ਼ਿਲਹਾਲ ਜੇਕਰ ਉਸ ਦਾ

ਦਿਲ ਰੱਬ ਤੋਂ ਬਿਨਾਂ ਵੀ ਸਕੂਨ ਪ੍ਰਾਪਤ ਕਰਦਾ ਹੈ ਜਾਂ ਆਪਣੀ ਇਬਾਦਤ ਨੂੰ ਕੇਵਲ ਇੱਕ ਰੱਬ ਲਈ ਮਖ਼ਸੂਸ ਨਹੀਂ ਕਰਦਾ ਤਾਂ ਉਸ ਦਾ ਹਾਲ ਉਸ ਦੀ ਗੁਫ਼ਤਗੂ ਨੂੰ ਝੁਠਲਾਉਂਦਾ ਹੈ ਅਤੇ ਕਾਬਿਲ-ਏ-ਕਬੂਲ ਨਹੀਂ ਹੈ। ਉਸ ਸਮੇਂ ਮੁਸੱਲੀ ਨੂੰ ਆਪਣੀ ਅਤੇ ਤਮਾਮ ਜਹਾਨਾਂ ਦੀ ਇਬਾਦਤ, ਬੰਦਗੀ ਅਤੇ ਉਸ ਅਕਾਲ ਪੁਰਖ ਦੀ ਪਰਵਰਦਿਗਾਰੀ, ਮਿਲਕੀਅਤ ਦਾ ਖ਼ਿਆਲ ਕਰਨਾ ਚਾਹੀਦਾ ਹੈ ਅਤੇ ਇਬਾਦਤ ਨੂੰ ਉਸ ਦੀ ਹਜ਼ੂਰੀ ਤੋਂ ਲਾਭ ਉਠਾਉਣ ਦਾ ਵਸੀਲਾ ਸਮਝਣਾ ਚਾਹੀਦਾ ਹੈ ਕਿ ਹੱਕ ਤਆਲਾ ਫ਼ਰਮਾਉਂਦਾ ਹੈ ਕਿ ਇਹ ਮੇਰੇ ਅਤੇ ਬੰਦੇ ਦਾ ਆਪਸੀ ਮਾਮਲਾ ਹੈ। ਇੱਯਾਕਾ ਨਾਅਬੁਦੂ ਤੋਂ ਉਸ ਜਮਾਤ ਦੀ ਮਨਸੂਖ਼ੀ ਹੁੰਦੀ ਹੈ ਜੋ ਬੰਦੇ ਨੂੰ ਉਸ ਦੇ ਕਰਮਾਂ ਲਈ ਜਵਾਬਦੇਹ ਨਹੀਂ ਸਮਝਦੀ, ਜਦੋਂਕਿ ਬੰਦੇ ਨੂੰ ਵੱਖੋ-ਵੱਖਰੇ ਕਰਮ ਕਰਨ ਲਈ ਇਖ਼ਤਿਆਰ ਦਿੱਤਾ ਗਿਆ ਹੈ। ਇਸ ਲਈ ਇਨਾਮ ਦਾ ਭਾਗੀਦਾਰ ਮੰਨ ਕੇ ਵਾਅਦਾ ਖ਼ਿਲਾਫ਼ੀ ਤੋਂ ਰੋਕਿਆ ਗਿਆ। ਇਹ ਵਹਿਮ ਕੱਢ ਦੇਣਾ ਚਾਹੀਦਾ ਹੈ ਕਿ ਉਸ ਦੀ ਮਰਜ਼ੀ ਆਪਣੇ ਕਰਮਾਂ ਅਨੁਸਾਰ ਹੈ। ਉਹ ਕਹਿੰਦਾ ਹੈ ਕਿ ਹਕੀਕਤ ਦੇ ਕਾਰਖ਼ਾਨੇ ਵਿਚ ਬੰਦੇ ਦਾ ਦਖ਼ਲ ਮਜਾਜ਼ੀ ਹੈ। ਇਸ ਲਈ **ਵਾਇੱਯਾਕਾ-ਨਸਤਾਈਨ੦** ਐ ਸਾਡੇ ਰੱਬ, ਅਸੀਂ ਤੇਰੀ ਹੀ ਪੈਰਵੀ ਕਰਦੇ ਹਾਂ, ਕੇਵਲ ਤੈਥੋਂ ਹੀ ਸਹਾਇਤਾ ਮੰਗਦੇ ਹਾਂ। ਤੈਥੋਂ ਬਿਨਾਂ ਹੋਰ ਕਿਸੇ ਦੀ ਸਰਪਰਸਤੀ ਦੇ ਮੁਹਤਾਜ ਨਹੀਂ ਕਿਉਂਕਿ ਹਰ ਮੁਥਾਜ ਦੀ ਲੋੜ ਤਾਂ ਸਿਰਫ਼ ਤੂੰ ਹੀ ਪੂਰੀ ਕਰਦਾ ਹੈ ਅਤੇ ਬੱਸ। ਇਸ ਲਈ ਅਸੀਂ ਤੇਰੀ ਹੀ ਇਬਾਦਤ ਕਰਦੇ ਹਾਂ ਅਤੇ ਉਹ ਵੀ ਤੇਰੀ ਹੀ ਬਖ਼ਸ਼ਿਸ਼ ਸਦਕਾ। ਤੇਰੀ ਤੌਫ਼ੀਕ ਜਾਂ ਬਖ਼ਸ਼ਿਸ਼ ਦੀ ਮਦਦ ਨਾ ਹੋਵੇ ਤਾਂ ਕੋਈ ਤੇਰੀ ਇਬਾਦਤ ਤੋਂ ਪ੍ਰਫੁੱਲਿਤ ਤੇ ਲਾਹੇਬੰਦ ਨਹੀਂ ਹੋ ਸਕਦਾ ਅਸਲ ਸਿਰਫ਼ ਇਬਾਦਤ ਉੱਤੇ ਹੀ ਨਿਰਭਰ ਨਹੀਂ ਕਰਦਾ। **ਫ਼ਾਨਤ ਅਲ ਮਵੱਫ਼ਿਕ ਵਅੰਤਲ ਮੁਸਤਆਨ੦** ਫੇਰ ਬੰਦਾ ਬਾਵਜੂਦ ਇਹ ਮੰਨਣ ਦੇ ਕਿਸੇ ਗ਼ੈਰ ਦੀ ਸਰਪਰਸਤੀ ਦੀ ਵੀ ਆਸ ਰੱਖੇ ਤਾਂ ਉਹ ਬਹੁਤ ਬੜਾ ਝੂਠਾ ਅਤੇ ਝੁਠਲਾਇਆ ਗਿਆ ਹੈ। ਉਹ ਇਸ ਅਮਰ ਤੋਂ ਬਚੇ ਕਿ ਉਸ ਦੇ ਦਿਲ ਦਾ ਹਾਲ ਉਸ ਦੀ ਗੱਲ ਬਾਤ ਨੂੰ ਝੂਠਾ ਕਰਨ ਵਾਲਾ ਹੋਵੇ ਕਿਉਂਕਿ ਹੱਕ ਤਆਲਾ ਦੀ ਜ਼ਾਤ ਹੀ ਸਭ ਤੋਂ ਦੌਲਤਮੰਦ ਤੇ ਬੇ ਪਰਵਾ ਹੈ। ਉਸ ਲਈ ਕੁੱਝ ਵੀ ਫ਼ਰਜ਼ ਨਹੀਂ ਭਾਵ ਉਹ ਆਪਣੀ ਮਨ ਮਰਜ਼ੀ ਦਾ ਮਾਲਿਕ ਹੈ। ਭਾਵੇਂ ਬੰਦਾ ਉਸ ਤੋਂ ਉਮਰ ਭਰ ਸਹਾਇਤਾ ਮੰਗਦਾ ਰਹੇ ਉਹ ਜਵਾਬਦੇਹ ਨਹੀਂ। ਬੱਸ ਬੰਦੇ ਨੂੰ ਚਾਹੀਦਾ ਹੈ ਕਿ ਮਦਦ ਮੰਗਦੇ ਸਮੇਂ ਉਸ ਦੀ ਰਹਿਮਤ ਤੇ ਬਖ਼ਸ਼ਿਸ਼ ਉੱਤੇ ਭਰੋਸਾ ਰੱਖੇ, ਕਿਉਂਕਿ ਉਸ ਦੀ ਤਾਰੀਫ਼ ਵਿਚ ਆਇਤ ਅੱਰਹਮਾਨ ਨਿੱਰਾਹੀਮ੦ ਪਹਿਲਾਂ ਹੀ ਉਸ ਦੇ ਹੁਜ਼ੂਰ ਅਰਜ਼ ਕਰ ਚੁੱਕਿਆ ਹੈ। ਫੇਰ ਉਸ ਵੇਲੇ ਜਾਣਦਾ ਹੈ ਕਿ ਐ ਮੇਰੇ ਰੱਬ ਤੂੰ ਕੇਵਲ ਆਪਣੀ ਰਹਿਮਤ ਤੇ ਖ਼ਾਸ ਬਖ਼ਸ਼ਿਸ਼ ਸਦਕਾ ਸਾਨੂੰ ਸਬਰ ਤੇ ਹੌਸਲੇ ਦੀ ਹਿਦਾਇਤ ਫ਼ਰਮਾਵੇਂ ਤਾਂ ਤੇਰੇ ਫ਼ਜ਼ਲ ਅਤੇ ਕਰਮ ਤੋਂ ਇਹੋ ਉਮੀਦ ਹੈ।

**ਵਲਇਯਾਜ਼ੁਬਿਕਾ ਵਾਬਿਰਹਮਾਤਿਕਾ੦**

ਜੇਕਰ ਤੂੰ ਬਖ਼ਸ਼ਿਸ਼ ਨਾ ਕਰੇਂ ਤਾਂ ਸਾਡਾ ਦਾਅਵਾ ਵੀ ਕੋਈ ਨਹੀਂ ਹੈ।

ਪਰੰਤੂ ਅਸੀਂ ਆਪਣੀਆਂ ਨਿੱਜੀ ਲੋੜਾਂ ਕਾਰਨ ਤੇਰੇ ਤੋਂ ਕਦੇ ਵੀ ਬੇਪਰਵਾ ਨਹੀਂ ਹੋ ਸਕਦੇ ਅਤੇ ਸਾਡੀ ਹਰ ਭਲਾਈ, ਤਰੱਕੀ, ਹਦਾਇਤ ਤੇ ਬਖ਼ਸ਼ਿਸ਼ ਤੇਰੇ ਤੇ ਹੀ ਨਿਰਭਰ ਹੈ, ਤੂੰ ਹੀ ਸਵਾਲ ਕਰਨ ਯੋਗ ਹੈ, ਤੂੰ ਹੀ ਬਖ਼ਸ਼ਣਹਾਰ ਤੇ ਕ੍ਰਿਪਾਲੂ ਹੈ। ਬਸ ਜਦੋਂ ਨਮਾਜ਼ੀ ਨਿਹਾਇਤ ਨਿਮਰਤਾ, ਤੇ ਗਹੁ ਨਾਲ ਉਸ ਵੱਲ ਧਿਆਨ ਲਗਾਉਂਦਾ ਹੈ ਤਾਂ ਅੱਲਾਹ ਤਆਲਾ ਫ਼ਰਮਾਉਂਦੇ ਹਨ ਕਿ ਮੇਰੇ ਬੰਦੇ ਨੇ ਜੋ ਕੁਝ ਮੰਗਿਆ ਉਹ ਖ਼ਾਸ ਬੰਦੇ ਲਈ ਹੀ ਹੈ। **ਇੱਯਾਕਾ ਨਾਅਬੁਦੁ ਵਾਇੱਯਾਕਾ ਨਸਤਾਈਨO** ਕਹਿਣ ਨਾਲ ਬੰਦਾ ਸ਼ਰੀਅਤ ਅਤੇ ਤਰੀਕਤ ਦਾ ਪ੍ਰਮਾਣਕ ਬਣ ਜਾਂਦਾ ਹੈ ਕਿ ਨਿਯਮਾਂ ਅਨੁਸਾਰ ਇਬਾਦਤ ਦਾ ਨਾਂ ਸ਼ਰੀਅਤ ਹੈ ਅਤੇ ਇਬਾਦਤ ਪੂਰੀ ਕਰਨ ਵਿਚ ਅੱਰਹਮਾ-ਨਿੱਰਾਹੀਮ ਤੋਂ ਸਹਾਇਤਾ ਪ੍ਰਾਪਤ ਕਰਨ ਅਤੇ ਆਪਣੇ ਅੰਤਰ ਨੂੰ ਪਾਕ-ਸਾਫ਼ ਕਰਨ ਤੇ ਇਸ ਦੇ ਫਲ ਤੋਂ ਸਫ਼ਲ ਹੋਣ ਦੀ ਮੰਗ ਕਰਨਾ ਹੀ ਤਰੀਕਤ ਹੈ। ਈਯਾਕਾਨਸਤਾਈਨ ਵਿਚ ਉਸ ਜਮਾਤ ਨੂੰ ਰੱਦ ਕੀਤਾ ਜਾਂਦਾ ਹੈ ਜਿਹੜੀ ਬੰਦੇ ਨੂੰ ਆਪਣੇ ਕਰਮਾਂ ਲਈ ਖ਼ੁਦਮੁਖ਼ਤਾਰ ਮੰਨਦੀ ਹੈ। ਸਾਫ਼ ਜ਼ਾਹਿਰ ਹੈ ਕਿ ਬੰਦਾ ਖ਼ੁਦ ਕਰਮ ਕਰਨ ਯੋਗ ਹੋਵੇ ਤਾਂ ਸਹਾਇਤਾ ਦੀ ਕੀ ਲੋੜ? ਇਸ ਤਸਦੀਕ ਤੇ ਇਕਰਾਰ ਨਾਲ ਬੰਦਾ ਹਕੀਕਤ ਈਮਾਨ ਦੀ ਵਿਚ ਮੁਮਤਾਜ਼ ਹੋ ਜਾਂਦਾ ਹੈ ਕਿਉਂਕਿ ਅਸਲ ਈਮਾਨ ਜਬਰ ਤੇ ਕਹਿਰ ਵਿਚਕਾਰ ਹੀ ਹੁੰਦਾ ਹੈ। ਜੇਕਰ ਬੰਦਾ ਹਕੀਕਤ ਵਿਚ ਵੀ ਆਪਣੇ ਕਰਮ ਕਰਨ ਵਾਲਾ ਹੁੰਦਾ ਤਾਂ ਵੀ ਮਦਦ ਬੇਕਾਰ ਸੀ। ਹੁਣ ਸਹਾਇਤਾ ਚਾਹੁੰਣ ਵਾਲਾ ਉਸ ਦੇ ਹਜ਼ੂਰ ਬੇਨਤੀ ਕਰਦਾ ਹੈ ਅਤੇ ਬੜੀ ਨਿਮਰਤਾ ਤੇ ਸੱਚਾਈ ਨਾਲ ਦੁਆ ਮੰਗਦਾ ਹੈ:

**ਇਹਦਿਨਸਸਿਰਾਤਲ ਮੁਸਤਾਕੀਮO** ਐ ਮਾਲਿਕ ਸਾਨੂੰ ਸਿੱਧੇ ਰਸਤੇ ਉੱਤੇ ਚੱਲਣ ਦੀ ਤੌਫ਼ੀਕ ਅਤਾ ਫ਼ਰਮਾ। ਇਸ ਸਵਾਲ 'ਤੇ ਸ਼ੱਕੀ ਬੰਦਾ ਸ਼ੱਕ ਕਰਦਾ ਹੈ, ਵਹਿਮ ਕਰਦਾ ਹੈ ਕਿ ਐ ਬੰਦੇ ਜਦੋਂ ਤੂੰ ਆਪਣੇ ਆਪ ਨੂੰ ਇਸਲਾਮ ਦੀ ਰਾਹ ਤੇ ਚੱਲਣ ਵਾਲਾ ਸਾਬਿਤ ਕਰ ਦਿੰਦਾ ਹੈ ਤਾਂ ਫੇਰ ਸਿੱਧੇ ਰਸਤੇ ਚੱਲਣ ਦੀ ਬਖ਼ਸ਼ਿਸ਼ ਕਿਉਂ ਮੰਗਦਾ ਹੈ? ਕੀ ਇਹ ਪ੍ਰਾਪਤੀ, ਪ੍ਰਾਪਤੀ ਨਹੀਂ ਹੈ? ਇਸ ਦਾ ਉੱਤਰ ਹੈ ਕਿ ਇਹ ਹਦਾਇਤ ਤੇ ਬਖ਼ਸ਼ਿਸ਼ ਦੀ ਬੇਨਤੀ ਅਸਲ ਵਿਚ ਪਾਇਦਾਰੀ, ਮਜ਼ਬੂਤੀ ਤੇ ਦ੍ਰਿੜਤਾ ਦੀ ਚਾਹਤ ਹੈ ਅਤੇ ਹੁਣ ਤੱਕ ਧੁਰ ਅਖ਼ੀਰ ਤੱਕ ਦਾ ਸਾਰਾ ਰਸਤਾ ਪੂਰਾ ਨਹੀਂ ਹੋਇਆ। ਇਸ ਬਾਕੀ ਬਚਦੇ ਰਾਹ ਲਈ ਵੀ ਉਸ ਦੀ ਮਦਦ ਤੇ ਸਰਪਰਸਤੀ ਦੀ ਲੋੜ ਹੈ ਅਤੇ ਕਹਿੰਦਾ ਹੈ ਕਿ ਐ ਮੇਰੇ ਰੱਬ ਸਾਨੂੰ ਉਸ ਰਸਤੇ ਤੇ ਚਲਾ ਜਿਸ ਤੇ ਖ਼ੈਰ ਹੈ। ਇਸੇ ਉਮੀਦ ਤੇ ਆਸਥਾ ਨਾਲ ਅਸੀਂ ਤੇਰੀ ਪਾਕ ਜ਼ਾਤ ਨੂੰ ਰਹਿਮਾਨ ਤੇ ਰਹੀਮ ਦੀ ਖ਼ਾਸੀਅਤ ਨਾਲ ਯਾਦ ਕਰਦੇ ਹਾਂ। ਬਿਨਾਂ ਕਿਸੇ ਸੰਦੇਹ ਹਰ ਪ੍ਰਕਾਰ ਦੇ ਇਨਾਮ ਤੇ ਹਮਦਰਦੀ ਦੇ ਜਮਾਲ-ਓ-ਜਲਾਲ ਦਾ ਤੂੰ ਹੀ ਮਾਲਿਕ ਹੈ। ਜਿੱਧਰ ਚਾਹੇਂ ਚਲਾਵੇਂ ਜਿੱਧਰ ਚਾਹੇ ਨਾ। **ਤੁਇੱਜ਼ੁ ਮੰਤਸ਼ਾਉ ਵਾ-ਤੁਜ਼ਿੱਲੁ ਮੰਤਸ਼ਾਉO ਤਹਦੀ ਮੰਤਸ਼ਾਉ ਤਾਜਿੱਲੁ ਮੰਤਸ਼ਾਉO** ਪਰ ਅਸੀਂ ਤੇਰੇ ਬੰਦੇ ਆਪਣੀ ਬੇ-ਸਬਰੀ ਅਤੇ ਤੇਰੀ ਰਹਿਮਤ ਦੀ ਸਹਾਇਤਾ ਸਦਕੇ ਸਿਰਾਤ-ਉਲ-ਮੁਸਤਕੀਮ (ਸਿੱਧੀ ਰਾਹ) ਦੇ ਤਲਬਗਾਰ ਹਾਂ ਅਤੇ ਇਹੋ ਸਿੱਧਾ ਰਸਤਾ ਵੀ ਹੈ। ਇਸ ਦੁਆ ਤੇ ਅਰਦਾਸ ਰਾਹੀਂ ਬੰਦਾ ਹਕੀਕਤ ਦੇ

ਸਮੁੰਦਰ ਵਿਚ ਗੋਤਾ ਲਾਉਂਦਾ ਹੈ ਤਾਂ ਉਸ ਸੱਚੇ ਰੱਬ ਦੇ ਹੁਜ਼ੂਰ ਆਪਣੇ ਅਤੇ ਆਪਣੇ ਮੁਸਲਮਾਨ ਭਰਾਵਾਂ ਲਈ ਬੇਨਤੀ ਕਰਦਾ ਹੋਇਆ ਕਹਿੰਦਾ ਹੈ:

**ਸਿਰਾਤੱਲਾਜ਼ੀਨਾ ਅਨਅਮਤਾ ਅਲੈਹਿਮ੦** ਐ ਮਾਲਿਕ ਅਸੀਂ ਉਹਨਾਂ ਲੋਕਾਂ ਦੇ ਰਾਹ ਲਈ ਤੈਨੂੰ ਬੇਨਤੀ ਕਰਦੇ ਹਾਂ ਜਿਸ ਤੇ ਤੂੰ ਇਨਾਮ ਦਿੱਤਾ, ਉਨ੍ਹਾਂ ਨੂੰ ਦੋਹਾਂ ਜਹਾਨਾਂ ਦੀਆਂ ਨੇਅਮਤਾਂ ਬਖ਼ਸ਼ੀਆਂ ਅਤੇ ਆਪਣੀ ਰਜ਼ਾ ਦਾ ਸੁਆਦ ਚਖਾਇਆ ਅਤੇ ਹਮੇਸ਼ਾ ਬਹਾਰਾਂ ਤੇ ਗੁਲਜ਼ਾਰਾਂ ਵਿਚ ਬਸਾਇਆ। ਉਹ ਮਨਅਮ ਅਲੈਹਿਮ੦ ਚਾਰ ਤਰ੍ਹਾਂ ਦੇ ਖ਼ਾਸ ਫ਼ਕੀਰ ਹਨ। ਸਭ ਤੋਂ ਪ੍ਰਥਮ ਉਨ੍ਹਾਂ ਵਿਚ ਨਬੀ ਹਨ ਜਿਨ੍ਹਾਂ ਦੀ ਪੈਰਵੀ ਕਰਨਾ ਬੜੀ ਵੱਡੀ ਸਾਅਦਤ ਹੈ ਅਤੇ ਉਨ੍ਹਾਂ ਤੋਂ ਬੇ-ਪਰਵਾਹੀ ਕਰਨਾ ਬੜੀ ਵੱਡੀ ਬਦ-ਨਸੀਬੀ ਹੈ। ਨਬੀਆਂ ਤੋਂ ਬਾਅਦ ਦੂਜੇ ਦਰਜੇ ਤੇ ਸਿੱਦੀਕੈਨ ਅਤੇ ਤੀਜੀ ਪਦਵੀ ਤੇ ਸ਼ਹੀਦ ਅਤੇ ਚੋਥਾ ਮਰਤਬਾ ਸਾਲਿਹੀਨ ਦਾ ਹੈ। ਸਿੱਧੀ ਰਾਹ ਇਹਨਾਂ ਚਾਰਾਂ ਫ਼ਿਰਕਿਆਂ ਦੀ ਰਾਹ ਹੈ। ਇਸ ਲਈ ਆਪਣੀ ਰਹਿਮਤ ਤੇ ਬਖ਼ਸ਼ਿਸ਼ ਸਦਕਾ ਸਾਨੂੰ ਇਹਨਾਂ ਦੇ ਰਸਤੇ ਤੇ ਹੀ ਚਲਾ। ਜਦੋਂ ਬੰਦੇ ਨੇ ਸਿਰਾਤੱਲਾਜ਼ੀਨਾ ਅਨਅਮਤਾ ਅਲੈਹਿਮ ਕਿਹਾ, ਰੱਬ ਦੀ ਦਰਗਾਹ ਦੇ ਪਿਆਰਿਆਂ ਨੇ ਉੱਚੇ ਮਰਤਬਿਆਂ ਦੀ ਸੈਰ ਕੀਤੀ ਅਤੇ ਉਸ ਮਰਤਬੇ ਦੀ ਮੁਖ਼ਾਲਫ਼ਤ ਤੋਂ ਡਰਿਆ ਅਤੇ ਰੱਬ ਦੇ ਗ਼ੁੱਸੇ ਦੀ ਹੈਬਤ ਨਾਲ ਕੰਬਿਆ ਤਾਂ ਉਸ ਦੇ ਕਹਿਰ ਦੀ ਤਾਕਤ ਅਤੇ ਗ਼ੁੱਸੇ ਤੋਂ ਬਚਨਾ ਜ਼ਰੂਰੀ ਸਮਝ ਕੇ ਅੱਰਿਹਮ-ਉਰ-ਰਾਹਿਮੀਨ ਦੀ ਹਦਾਇਤ ਦੀ ਪਨਾਹ ਵਿਚ ਬੇਨਤੀ ਕਰਦਾ ਹੋਇਆ ਕਹਿੰਦਾ ਹੈ:

**ਗ਼ੈਰਿਲਮਗ਼ਜ਼ੂਬਿ ਅਲੈਹਿਮ ਵਲੱਜ਼ਾਲੀਨ੦** ਸਾਨੂੰ ਉਨ੍ਹਾਂ ਲੋਕਾਂ ਦੇ ਰਸਤੇ 'ਤੇ ਨਾ ਚਲਾ ਜਿਨ੍ਹਾਂ ਤੇ ਤੂੰ ਗ਼ੁੱਸੇ ਹੋਇਆ ਕਿ ਸ਼ੁਰੂ ਤੋਂ ਲੈ ਕੇ ਆਖ਼ਰੀ ਸਾਹ ਤੱਕ ਕੁਫ਼ਰ ਤੇ ਗੁਨਾਹਾਂ ਵਿਚ ਲਿਬੜੇ ਰਹੇ ਅਤੇ ਉਸ ਬਖ਼ਸ਼ਣਹਾਰ ਨੂੰ ਝੁਠਲਾ ਕੇ ਅਤੇ ਉਸ ਦੀ ਦੁਸ਼ਮਣੀ ਵਿਚ ਫਸ ਕੇ ਨੁਕਸਾਨ ਦੇ ਭਾਗੀ ਬਣੇ ਅਤੇ ਨਾਉਮੀਦ ਹੋ ਗਏ ਜਾਂ ਫਿਰ ਬੁਰਾਈਆਂ ਵਿਚ ਡੁੱਬ ਗਏ ਕਿ ਤੌਬਾ ਕਰਨ ਦੀ ਵੀ ਤੌਫ਼ੀਕ ਨਾ ਮਿਲੀ। ਇਸੇ ਤਬਾਹਕਾਰੀ ਵਿਚ ਉਮਰ ਲੰਘਾ ਦਿੱਤੀ ਅਤੇ ਮਾੜੇ ਕੰਮਾਂ ਤੋਂ ਨਾ ਟਲੇ ਜਿਵੇਂ ਯਹੂਦੀਆਂ ਦਾ ਫ਼ਿਰਕਾ ਆਦਿ। ਨਾ ਹੀ ਉਨ੍ਹਾਂ ਲੋਕਾਂ ਦੇ ਰਸਤੇ 'ਤੇ ਚਲਾ ਕਿ ਜੋ ਗੁਮਰਾਹ ਹੋ ਗਏ, ਭਟਕ ਗਏ ਭਾਵ ਸਿੱਧੀ ਰਾਹ ਨੂੰ ਛੱਡ ਕੇ ਭਟਕਦੇ ਫਿਰੇ। ਉਂਜ ਉਨ੍ਹਾਂ ਤੇ ਹਦਾਇਤ ਦਾ ਮੀਂਹ ਬਰਸਿਆ ਪਰ ਸਹੀ ਸਮਝਣ ਦੀ ਸਲਾਹਿਅਤ ਨਾ ਹੋਣ ਕਾਰਣ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ। ਇਹ ਉਂਜ ਹੀ ਹੈ ਜਿਵੇਂ ਪੱਥਰ ਤੇ ਬੂੰਦਾਂ ਗਿਰੀਆਂ ਤੇ ਅੱਗੇ ਵੱਲ ਸਰਕ ਗਈਆਂ ਜਾਂ ਸ਼ੋਰੇ ਵਾਂਗ ਤਰ-ਬਤਰ ਤਾਂ ਹੋਏ ਪਰ ਅਸਲ ਦੀ ਖ਼ਰਾਬੀ ਕਾਰਨ, ਭਾਵ ਗ਼ਲਤ ਅਕੀਦੇ ਕਾਰਨ ਚੰਗੇ ਕਰਮਾਂ ਤੋਂ ਵਾਂਝੇ ਰਹੇ ਜਾਂ ਸਿੱਧੇ ਰਾਹ ਪੈਣ ਤੋਂ ਬਾਅਦ ਭਟਕ ਗਏ ਅਤੇ ਨੀਚ ਕਮੀਨਿਆਂ ਵਿਚ ਸ਼ਾਮਿਲ ਹੋ ਗਏ। ਇਸ ਦੀ ਉਦਾਹਰਣ ਉਂਜ ਹੀ ਹੈ ਜਿਵੇਂ ਕਿ ਇਕ ਬੂਟਾ ਜਿਸ ਦਾ ਉਭਰਿਆ ਹੋਇਆ ਬਾਹਰੀ ਭਾਗ ਤਾਂ ਕੁਝ ਸਮਰੱਥਾ ਰੱਖਦਾ ਹੈ ਪ੍ਰੰਤੂ ਅੰਦਰਲਾ ਵਿਸ਼ੇਸ਼ ਭਾਗ ਜਿੱਥੋਂ ਜੜ੍ਹਾਂ ਨੂੰ ਖ਼ੁਰਾਕ ਮਿਲਦੀ ਹੈ ਬਿਲਕੁਲ ਵਾਂਝ ਹੈ। ਪਹਿਲਾਂ ਪਹਿਲ ਕੁਝ ਪੁੰਘਰਿਆ

ਪਰ ਜਦੋਂ ਅੰਦਰਲੀ ਖ਼ਰਾਬੀ ਬਾਹਰ ਤੇ ਗ਼ਲਬਾ ਪਾ ਗਈ ਤਾਂ ਇਸ ਤੋਂ ਪਹਿਲਾਂ ਕਿ ਫੁੱਲ-ਫੱਲ ਆਵੇ, ਸੁੱਕ ਗਿਆ। ਸਵਿਕਾਰ ਕਰਨ ਤੋਂ ਬਾਅਦ ਦਿਲ ਦੀ ਖ਼ਰਾਬੀ ਦੁਗਣੀ ਹਸਰਤ ਦਾ ਕਾਰਣ ਬਣ ਗਈ। ਨਮਾਜ਼ੀ ਦਾ ਵਿਸ਼ਾ ਵਸਤੂ ਇਹ ਹੈ ਕਿ ਐ ਸਭ ਤੋਂ ਵੱਧ ਰਹਿਮ ਕਰਨ ਵਾਲੇ ਰਹੀਮ ਰੱਬ ਸਾਨੂੰ ਖ਼ੁਦਾ ਸ਼ਨਾਸ਼ੀ (ਭਾਵ ਰੱਬ ਨੂੰ ਪਹਿਚਾਨਣਾ) ਦੇ ਕਮਾਲ ਦਰਜੇ ਉੱਤੇ ਪਹੁੰਚਾ ਦੇ ਅਤੇ ਫੇਰ ਸਿੱਧੀ ਰਾਹ 'ਤੇ ਪਾਉਣ ਤੋਂ ਬਾਅਦ ਸਾਨੂੰ ਭਟਕਣ ਤੋਂ ਬਚਾ ਅਤੇ ਸਾਡੇ ਪੈਰ ਜ਼ਮੀਨ 'ਤੇ ਰੱਖ ਅਤੇ ਸਬਰ ਸਕੂਨ ਨਸੀਬ ਫ਼ਰਮਾ, ਆਮੀਨ! ਐ ਹਦਾਇਤ ਦੇਣ ਵਾਲੇ ਰੱਬ, ਸਾਡੀ ਇਸ ਬੇਨਤੀ ਨੂੰ ਕਬੂਲ ਫ਼ਰਮਾ। ਸੂਰਹ ਫ਼ਾਤਿਹਾ ਦੇ ਅੰਤ 'ਤੇ ਨਮਾਜ਼ੀ ਨੂੰ ਜਹੰਨੁਮ ਦੀਆਂ ਮੰਜ਼ਿਲਾਂ ਦਾ ਬੋਧ ਹੋਇਆ। ਹਜ਼ਰਤ ਮੁਹੰਮਦ (ਸ.) ਦੀ ਮਿਅਰਾਜ ਦੀ ਰਾਤ ਵਾਂਗ ਜੰਨਤ ਤੇ ਦੋਜ਼ਖ਼ ਦੀ ਸੈਰ ਪ੍ਰਾਪਤ ਹੋਈ। ਸੁੰਦਰਤਾ ਤੇ ਗ਼ੁੱਸੇ ਦੀਆਂ ਚਮਕਾਂ ਰਾਹੀਂ ਖ਼ੌਫ਼ ਅਤੇ ਆਸ ਦੀਆਂ ਦੋਹਾਂ ਅੱਖਾਂ ਰੌਸ਼ਨ ਹੋਈਆਂ, ਨੇਕ ਤੇ ਖ਼ੈਰ ਦੇ ਭਾਗੀ ਅਹਿਲ-ਏ-ਇਸ਼ਕ ਦੇ ਵਸੀਲੇ ਨਾਲ ਪੂਰਨ ਮਿਲਾਪ ਦਾ ਜਾਮ ਪੀਤਾ ਅਤੇ ਬਦਕਾਰਾਂ, ਮੁਨਾਫ਼ਿਕਾਂ ਤੇ ਕਾਫ਼ਿਰਾਂ ਦੀ ਨਾਪਾਕੀ ਤੇ ਪਲੀਦਗੀ ਅਤੇ ਉਨ੍ਹਾਂ ਵਰਗੇ ਦੂਜੇ ਕੰਮਾਂ ਤੋਂ ਤੌਬਾ ਕੀਤੀ ਤਾਂ ਜਦੋਂ ਨਮਾਜ਼ੀ ਨੇ ਬੜੀ ਹੀ ਨਿਮਰਤਾ ਤੇ ਸਤਿਕਾਰ ਨਾਲ ਆਪਣੇ ਸਵਾਲ ਦੀ ਬੇਨਤੀ ਕੀਤੀ ਤਾਂ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਇਹ ਵਿਸ਼ੇਸ਼ ਤੌਰ ਤੇ ਮੇਰੇ ਬੰਦੇ ਲਈ ਹੈ। ਮੇਰੇ ਬੰਦੇ ਨੇ ਮੈਨੂੰ ਜੋ ਕੁਝ ਸਵਾਲ ਕੀਤਾ, ਉਹ ਸਵੀਕਾਰ ਹੈ, ਸੁਬਹਾਨ ਅੱਲਾਹ। ਉਹ ਆਪ ਹੀ ਚੰਗੇ ਕਰਮਾਂ ਦੀ ਤੌਫ਼ੀਕ ਦੇਣ ਵਾਲਾ ਅਤੇ ਅਲੱਜ਼ੁੱਨਿਅਮ (ਸਭ ਤੋਂ ਲਜ਼ੀਜ਼ ਜਾਂ ਸੁਆਦਲੀ ਨੇਅਮਤ) ਆਪਣੀ ਮਿਹਰ ਤੇ ਬਖ਼ਸ਼ਿਸ਼ ਸਦਕਾ ਆਪਣੇ ਕਮਜ਼ੋਰ ਤੇ ਨਿਮਾਣੇ ਬੰਦੇ ਨੂੰ ਬਖ਼ਸ਼ਿਸ਼ ਫ਼ਰਮਾਈ ਅਤੇ ਫੇਰ ਉਸ ਨੂੰ ਕਬੂਲੀਅਤ ਦਾ ਫਲ ਲਾਇਆ ਅਤੇ ਜੇਕਰ ਬੰਦਾ ਅਜੇ ਵੀ ਉਸ ਦੀਆਂ ਬਖ਼ਸ਼ਿਸ਼ਾਂ ਦੀ ਕਦਰ ਨਾ ਜਾਣੇ ਤਾਂ ਇਹ ਉਸ ਦੀ ਬਦ-ਕਿਸਮਤੀ ਹੈ। ਉਂਜ ਕੁਰਆਨ ਮਜੀਦ ਦੇ ਮਕਸਦ ਅਤੇ ਇਸ ਅਸਮਾਨੀ ਕਿਤਾਬ ਦੇ ਜਮ੍ਹਾਂ ਕਰਨ ਦੇ ਮੰਤਵ, ਕੁਰਆਨ ਦੀ ਪਹਿਲੀ ਸੂਰਤ ਸੂਰਹ ਫ਼ਾਤਿਹਾ ਦੇ ਸਿਰਲੇਖ ਹੇਠ ਜਮ੍ਹਾਂ ਹੋ ਗਏ ਹਨ ਪਰੰਤੂ ਜਮਾਲ ਦੇ ਕਮਾਲ ਕਾਰਨ ਮਨੁੱਖੀ ਦਿਮਾਗ਼ ਇਸ ਦੇ ਮੋਅਜਜ਼ਿਆਂ ਤੇ ਕਰਾਮਾਤਾਂ ਨੂੰ ਸਮਝਣ ਤੋਂ ਅਸਮਰਥ ਹੈ ਅਤੇ ਇਸ ਨੂੰ ਉਸਦੇ ਅਜੀਬ-ਓ-ਗ਼ਰੀਬ ਛੁਪੇ ਹੋਏ ਭੇਦਾਂ ਨੂੰ ਸਮਝਨਾ ਦੁਸ਼ਵਾਰ ਹੈ ਅਤੇ ਬਾਕੀ ਸਾਰਾ ਕੁਰਆਨ-ਏ-ਮਜੀਦ ਉਸ ਦੇ ਅਜਮਾਲ (ਬੁਝਾਰਤ, ਭੇਦ) ਦੀ ਵਿਆਖਿਆ ਹੈ। ਇੰਜ ਨਮਾਜ਼ੀ ਆਪਣੀ ਸਮਝ ਅਨੁਸਾਰ ਕੁਰਆਨੀ ਆਇਤਾਂ ਪੜ੍ਹਦਾ ਹੈ। ਖ਼ੁਸ਼ਖ਼ਬਰੀ, ਡਰ, ਲਾਲਚ, ਖ਼ੌਫ਼, ਵਾਅਦੇ ਤੇ ਟਾਲ ਮਟੋਲ ਆਦਿ ਤੋਂ ਪ੍ਰਭਾਵਿਤ ਹੁੰਦਾ ਹੈ, ਸ਼ਰਮ ਤੇ ਡਰ ਦੇ ਦਬਾਓ ਹੇਠ ਬੜੇ ਹੀ ਸਤਿਕਾਰ ਨਾਲ ਸਜਦਾ ਗਾਹ ਤੇ ਧਿਆਨ ਰੱਖਦਾ ਹੈ। ਇਸ ਗੱਲ ਦਾ ਕੋਈ ਇਮਕਾਨ ਨਹੀਂ ਹੁੰਦਾ ਹੈ ਕਿ ਬਿਨਾਂ ਵਜ੍ਹਾ ਇੱਧਰ ਉੱਧਰ ਧਿਆਨ ਦੇਵੇ ਸਗੋਂ ਬੜੇ ਹੀ ਗਹੁ ਨਾਲ ਕੁਰਆਨੀ ਆਇਤਾਂ ਦੇ ਅਰਥ ਸਮਝਣ ਵਿਚ ਲੀਨ ਹੋ ਜਾਂਦਾ ਹੈ ਅਤੇ ਸੂਰਤ ਇਖ਼ਲਾਸ ਪੜ੍ਹਦਾ ਹੈ:

ਕੁਲ ਹੁਵੱਲਾਹੁਅਹਦ0 ਐ ਇਨਸਾਨੀ ਕਮਾਲਾਂ ਦੇ ਪੂਰਕ ਅਤੇ ਐ ਇਰਫ਼ਾਨ ਦੇ ਮੂਲ ਬਿੰਦੂ, ਤੂੰ ਇੰਜ ਕਹਿ ਕਿ ਉਸ ਪਵਿੱਤਰ ਅਤੇ ਗ਼ੈਬ ਦਾ ਇਲਮ ਰੱਖਣ ਵਾਲੀ ਜ਼ਾਤ ਦਾ ਨਾਂ ਉਸ ਦੇ ਕਮਾਲਾਂ ਤੇ ਖ਼ੂਬੀਆਂ ਕਾਰਨ ਅੱਲਾਹ ਹੀ ਵਾਜਿਬ ਹੋ ਜਾਂਦਾ ਹੈ ਕਿਉਂਕਿ ਇਹ ਟੁਕੜੇ-ਟੁਕੜੇ ਕਰਨ ਜਾਂ ਗਿਣਤੀ ਕਰਨ ਤੋਂ ਪਾਕ ਹੈ। ਅੱਲਾਹ ਤਆਲਾ ਨਿਹਾਇਤ ਪਵਿੱਤਰ ਅਤੇ ਆਪਣੀਆਂ ਖ਼ੂਬੀਆਂ ਅਨੁਸਾਰ ਵਿਲੱਖਣ ਤੇ ਨਿਰੋਲ ਹੈ। ਸ਼ਬਦ "ਕੁਲ" ਅਮਰ ਹੈ, ਬੇਨਤੀ ਹੈ, ਜੋ ਸਿੱਧੇ ਰਸਤੇ ਦੀ ਇਕ ਸੌਗ਼ਾਤ ਹੈ, ਜਿਸ ਲਈ ਬੰਦੇ ਨੂੰ ਬੇਨਤੀ ਕਰਨ ਦੀ ਲੋੜ ਹੈ ਅਤੇ ਉਸ ਦੀ ਮਨਜ਼ੂਰੀ ਹੋਣ ਤੇ ਬੰਦੇ ਨੂੰ ਮੁਮਤਾਜ਼ ਫ਼ਰਮਾਇਆ ਗਿਆ ਹੈ। ਇਸ ਗੱਲ 'ਤੇ ਦਰਖ਼ਾਸਤ ਕਰਨ ਵਾਲਾ ਕਬੂਲੀਅਤ ਦੇ ਫਲ ਦਾ ਹੱਕਦਾਰ ਹੋਇਆ ਅਤੇ ਕਲਮਾ "ਹੂਵਾ" ਝੁਠਲਾਉਣ ਵਾਲਾ ਹੈ। ਉਸ ਮੁਤਲਕ ਹਸਤੀ ਤੇ ਭਰੋਸਾ ਕਰਨ ਨਾਲ ਹੱਕ ਦਾ ਵਜੂਦ ਝੂਠੇ ਫਿਰਕੇ ਦੇ ਵਿਸ਼ਵਾਸ ਨੂੰ ਤਹਿਸ ਨਹਿਸ ਕਰ ਦਿੰਦਾ ਹੈ। ਇਸ ਦੇ ਇਕਰਾਰ ਜਾਂ ਉਚਾਰਨ ਨਾਲ ਬੰਦਾ ਵਜੂਦ-ਏ- ਹੱਕ ਦਾ ਮੰਨਣ ਵਾਲਾ ਹੋ ਜਾਂਦਾ ਹੈ। ਬੁਰਾਈ ਤੋਂ ਬਚਦਾ ਹੋਇਆ ਕੁਫ਼ਰ ਦੀ ਇਕ ਭਾਰੀ ਸਿਨਫ਼ ਤੋਂ ਨਜਾਤ ਪਾਉਂਦਾ ਹੈ ਅਤੇ ਰੱਬ ਦੀ ਬਾਰਗਾਹ ਨਾਲ ਇਸ਼ਕ ਕਰਨ ਵਾਲਿਆਂ ਨੂੰ ਰੱਬ ਦੇ ਪਵਿੱਤਰ ਨੂਰ ਦੇ ਮਰਤਬਾ-ਏ-ਵਹਦਤ ਦੇ ਮੁਸ਼ਾਹਿਦੇ ਨਾਲ ਸੰਪੂਰਨ ਖ਼ੁਸ਼ੀ ਤੇ ਸਕੂਨ ਮਿਲਦਾ ਹੈ। ਹਕੀਕਤ ਦੇ ਭੇਦਾਂ ਦੀ ਨੂਰਾਨੀ ਬਿਜਲੀ ਵਿਚ ਪੂਰੀ ਤਰ੍ਹਾਂ ਫ਼ਨਾ ਹੋਣ ਉਪਰੰਤ ਉਸ ਦੀ ਰਹਿਮਤ ਦਾ ਭਾਗੀ ਬਣਿਆ ਅਤੇ ਉਸ ਦੇ ਕੁਰਬ ਤੇ ਮਿਲਾਪ, ਨੇੜਤਾ ਤੇ ਦੂਰੀ, ਫ਼ਰਾਖ਼ੀ ਤੇ ਤੰਗੀ, ਖ਼ੈਰ ਤੇ ਬੁਰਾਈ ਆਦਿ ਦੇ ਅੰਤਰ ਤੋਂ ਲੰਘਿਆ ਅਤੇ ਇਨਸਾਨੀਅਤ ਦੇ ਇਸ ਸਭ ਤੋਂ ਉੱਚੇ ਮਰਤਬੇ ਤੇ ਪਹੁੰਚਿਆ ਹੈ। ਜ਼ਾਤ-ਏ-ਹੱਕ ਹੀ ਹਰ ਤਰ੍ਹਾਂ ਦੀ ਮਖ਼ਲੂਕ ਦੀ ਮਾਲਿਕ ਹੈ। ਜਿਵੇਂ ਕਿ ਨਮਾਜ਼ ਦੇ ਆਰੰਭ ਵਿਚ ਅੱਲਾਹੁ ਅਕਬਰ ਕਹਿਣ ਨਾਲ ਮੁੱਸਲੀ ਨੇ ਆਪਣੀ ਅਕਲ ਅਤੇ ਮਾਅਰਫ਼ਤ ਨੂੰ ਉਸ ਅਜ਼ੀਮ ਰੱਬ ਦੀ ਸਮਝ ਬੂਝ ਤੋਂ ਕਾਸਰ ਸਮਝਿਆ ਸੀ, ਇਸ ਗਿਆਨ ਦੀ ਦਰੁਸਤੀ ਤੇ ਸ਼ੁੱਧਤਾ ਹੀ ਸਹੀ ਤੇ ਪੂਰਨ ਸੱਚ ਹੈ।ਅਹਿਲ-ਏ-ਮਆਰਿਫ਼ ਤੇ ਅਹਿਲ-ਏ-ਹਕੀਕਤ ਦੇ ਰੁਤਬਿਆਂ ਅਨੁਸਾਰ ਕਿਉਂਕਿ ਇੱਥੇ ਸਾਰੇ ਦੇ ਸਾਰੇ ਸੰਭਵ ਜਾਂ ਅਸੰਭਵ ਭਰੋਸੇ ਗ਼ਾਇਬ ਹਨ ਕਿਉਂਕਿ ਉਹ ਕਹਿੰਦੇ ਹਨ ਕਿ ਉਸ ਖ਼ਾਲਿਕ ਲਈ ਨਾ ਕੋਈ ਨਾਂ ਹੈ ਤੇ ਨਾ ਹੀ ਸਿਫ਼ਤ-ਏ-ਇਰਾਦੀ। ਬੱਸ ਉਸ ਪਵਿੱਤਰ ਜ਼ਾਤ ਨੂੰ ਅੱਲਾਹ ਕਹਿਣ ਕਰਕੇ ਬੰਦਾ ਫ਼ਲਸਫ਼ੀ ਅਖਵਾਉਂਦਾ ਹੈ ਅਤੇ ਉਨ੍ਹਾਂ ਵਿਚ ਇੰਦਰਾਜ ਕਾਰਨ ਵਹਿਸ਼ੀਪਣ ਤੇ ਦਰਿੰਦਗੀ ਦੇ ਮਹਾਂ ਜਾਲ 'ਚੋਂ ਨਿਕਲਦਾ ਹੈ।

**ਅਲਮੁਆਬ-ਓ-ਅਲੈਹਿ-ਲਮੁਸੀਰ-ਓ-ਅਲੈਹਿ ਯਰਜਿਅ -ਉਲ-ਅਮੂਰ0** ਉਸੇ ਨੂੰ ਪਾਇਆ ਅਤੇ ਉਸ ਦੇ ਮਰਤਬਾ-ਏ-ਵਹਦਤ ਨੂੰ ਹੀ ਸੰਪੂਰਨ ਜਲਵਾ ਸਮਝਿਆ। ਅਜ਼ਮਤ, ਮਹਾਨਤਾ ਅਤੇ ਜਲਾਲ ਆਦਿ ਸਾਰੀਆਂ ਕਮਾਲੀ ਸਿਫ਼ਤਾਂ ਦਾ ਮੂਲ ਬਿੰਦੂ ਉਸੇ ਨੂੰ ਸਮਝਿਆ ਅਤੇ ਬੱਸ। ਇਸ ਲਈ ਉਸ ਦੀ ਸਿਫ਼ਤ ਯਕਤਾਈ ਤੋਂ ਹੈ ਜਦੋਂ ਉਸ ਨੂੰ ਯਕਤਾ ਜਾਂ ਅਹਦ ਕਿਹਾ ਤਾਂ ਉਸ ਦਾ

ਸ਼ਰੀਕ ਠਹਿਰਾਉਣ ਵਾਲਿਆਂ ਦੇ ਢੰਗ ਤੋਂ ਇਨਕਾਰ ਕੀਤਾ ਜਾਂਦਾ ਹੈ ਅਤੇ ਉਸ ਦੀ ਹਕੀਕਤ ਸਬੰਧੀ ਜਾਣਕਾਰੀ ਤੋਂ ਜਾਣੂ ਹੋਣ ਉਪਰੰਤ ਖ਼ੁਦ-ਸਤਾਈ ਜਾਂ ਹਉਮੈ ਤੋਂ ਇਨਕਾਰ ਕਰਦਾ ਹੈ। ਉਸ ਦੀ ਯਕਤਾਈ ਤੇ ਯਕੀਨ ਕਰਕੇ ਆਪਣੇ ਦਿਲ ਨੂੰ ਸਕੂਨ ਦਿੰਦਾ ਹੈ। ਇਸ ਆਇਤ-ਏ-ਕਰੀਮਾ ਦੇ ਇਕਰਾਰ ਨਾਲ ਕਿਸੇ ਨੂੰ ਉਸ ਦਾ ਸ਼ਰੀਕ ਠਹਿਰਾਉਣ ਤੋਂ ਬਚਦਾ ਹੈ ਅਤੇ ਤੌਹੀਦ ਦੇ ਭੇਦ ਤੋਂ ਵਾਕਿਫ਼ ਹੋ ਕੇ ਕਹਿੰਦਾ ਹੈ:

**ਅੱਲ੍ਹਾ ਹੁੱਸਾਮਦ੦** ਅੱਲਾਹ ਬੇ-ਨਿਆਜ਼ ਤੇ ਬੇ-ਪਰਵਾਹ ਹੈ ਅਤੇ ਸਾਰੇ ਉਸ ਦੇ ਹੀ ਦਰਬਾਰ ਦੇ ਨਿਆਜ਼ਮੰਦ ਹਨ। ਉਸ ਨੂੰ ਕਿਸੇ ਦੀ ਪਰਵਾ ਨਹੀਂ। ਮਖ਼ਲੂਕ ਦੀਆਂ ਲੋੜਾਂ ਤੇ ਹਾਜਤਾਂ ਦਾ ਤਹੱਈਆ ਉਸ ਦੇ ਹੀ ਕਬਜ਼ੇ ਵਿਚ ਹੈ ਅਤੇ ਉਹ ਆਪ ਕਿਸੇ ਵੀ ਚੀਜ਼ ਦਾ ਮੁਹਤਾਜ ਨਹੀਂ ਸਗੋਂ ਉਹ ਆਪ ਹੀ ਦੂਜੀਆਂ ਮਖ਼ਲੂਕਾਂ ਨੂੰ ਨੇਅਮਤਾਂ ਬਖ਼ਸ਼ਣ ਵਾਲਾ ਹੈ। ਤਮਾਮ ਕਾਇਨਾਤ ਵਿਚ ਕੋਈ ਚੀਜ਼ ਗ਼ੈਰ ਮੁਹਤਾਜ ਨਹੀਂ ਪਾਈ ਜਾਂਦੀ। ਚੀਜ਼ਾਂ ਜਾਂ ਵਸਤੂਆਂ ਇਕ ਦੂਜੇ ਦੀ ਹਾਜ਼ਤ ਤੋਂ ਬੇਪਰਵਾ ਨਹੀਂ ਹੋ ਸਕਦੀਆਂ ਅਤੇ ਅਹਿਲ-ਏ-ਆਲਮ ਦੀਆਂ ਲੋੜਾਂ ਦੀ ਲੜੀ ਦਾ ਟੁੱਟਣਾ ਸੰਸਾਰਕ ਵਸਤੂਆਂ ਵਿਚ ਹੀ ਹੈ। ਇਸ ਦੇ ਤੱਤ ਇਕ ਦੂਜੇ ਦੇ ਮੁਹਤਾਜ ਹੋਣਗੇ ਅਤੇ ਉਸ ਵਿਚ ਉਹ ਤਾਂ ਕੇਵਲ ਇਕ ਜ਼ਾਤ ਹੈ ਕਿ ਉਸ ਦੀ ਸਿਫ਼ਤ ਯਕਤਾਈ ਤੇ ਬਜ਼ੁਰਗੀ ਹੈ ਬੱਸ। ਉਸ ਦਾ ਖ਼ੁਦ ਮੁਹਤਾਜ ਨਾ ਹੋਣਾ ਹੀ ਲੋੜਾਂ ਦੇ ਸਿਲਸਲੇ ਨੂੰ ਕੱਟ ਦਿੰਦਾ ਹੈ ਅਤੇ ਉਹ ਜੋ ਚਾਹੁੰਦਾ ਹੈ ਕਰਦਾ ਹੈ। ਉਹ ਆਰੰਭ ਤੇ ਅੰਤ ਤੋਂ ਪਾਕ ਹੈ। ਕਿਸੇ ਦੀ ਹਿੰਮਤ ਨਹੀਂ ਕਿ ਉਸ ਦੇ ਕੰਮ ਵਿਚ ਦਖ਼ਲਅੰਦਾਜ਼ੀ ਕਰ ਸਕੇ। ਜਦੋਂ ਬੰਦੇ ਨੇ ਉਸ ਨੂੰ ਗ਼ੈਰ ਹਾਜਤਮੰਦ ਅਤੇ ਐਬਾਂ ਕਮਾਲਾਂ ਤੋਂ ਉੱਚਾ ਤੇ ਪਵਿੱਤਰ ਬਿਆਨ ਕੀਤਾ ਤਾਂ ਉਹ ਕਮੀਨੇ ਕਾਫ਼ਿਰਾਂ ਦੇ ਹਲਕੇ ਤੋਂ ਬਾਹਰ ਨਿਕਲਿਆ। ਕਹਿੰਦੇ ਹਨ ਕਿ ਉਹ ਆਪਣੇ ਕੰਮਾਂ ਨੂੰ ਦਰਸਾਉਣ ਲਈ ਮਾਦੇ ਦਾ ਮੁਥਾਜ ਨਹੀਂ ਹੈ ਅਤੇ ਉਸ ਦੇ ਕੰਮ ਕਾਰ ਇਰਾਦੀ ਨਹੀਂ ਹੁੰਦੇ ਹਨ। ਇਸ ਲਈ ਸ਼ੁਰੂ ਤੋਂ ਸਕੀਮਾਂ ਬਣਾਉਣ ਵਾਲਿਆਂ ਦੀ ਪੈਰਵੀ ਕਰਨ ਤੋਂ ਚਿੜਦਾ ਹੈ। ਅੱਲਾਹ ਹੁੱਸਾਮਦ੦ ਕਹਿਣ ਨਾਲ ਬੰਦੇ ਨੇ ਉਦਾਹਰਣ ਦਿੱਤੇ ਹੋਏ ਧਰਮ ਦੇ ਬਰਖ਼ਿਲਾਫ਼ ਹੱਕ ਦੀ ਜ਼ਾਤ ਨੂੰ ਰੂਪਕ ਜਾਂ ਅੱਲਕਾਰ ਤੋਂ ਉੱਚਾ ਮੰਨਿਆਂ ਭਾਵ ਉਸ ਵਰਗਾ ਕੋਈ ਨਹੀਂ। ਉਸ ਦੀ ਅਕਲ ਨੇ ਸੱਚਾਈ ਦੇ ਨੂਰ ਤੋਂ ਕੁੱਝ ਨੂਰ ਫੜਿਆ ਭਾਵ ਉਹ ਭੀ ਉਸ ਦੇ ਰੰਗ ਵਿਚ ਆ ਜਾਂਦਾ ਹੈ ਅਤੇ ਫਿਰ ਆਖਦਾ ਹੈ ਕਿ:

**ਲਮ-ਯਾਲਿਦ-ਵ-ਲਮ-ਯੂ-ਲਦ੦** ਨਾ ਉਸ ਨੇ ਕਿਸੇ ਨੂੰ ਜਣਿਆ ਅਤੇ ਨਾ ਹੀ ਕਿਸੇ ਨੇ ਉਸ ਨੂੰ ਜਣਿਆ। ਜਣਨ-ਜਣਾਉਣ ਨਾਲ ਉਸ ਨੂੰ ਕੋਈ ਮੁਨਾਸਬਤ ਨਹੀਂ ਕਿਉਂਕਿ ਇਸ ਸਿਲਸਲੇ ਲਈ ਹਮ-ਜਿਨਸ ਦੀ ਲੋੜ ਹੁੰਦੀ ਹੈ ਪਰ ਇੱਥੇ ਅਜਿਹਾ ਬਿਲਕੁਲ ਨਹੀਂ ਹੈ। ਇਹ ਗ਼ਲਤ ਤੇ ਝੂਠਾ ਅਕੀਦਾ (ਈਮਾਨ) ਹੈ ਭਾਵ ਹਮ-ਜਿਨਸੀ ਤੇ ਨਸਲ ਜਣਨ ਨੂੰ ਰੱਬ ਨਾਲ ਜੋੜਨਾ ਕਮੀਨਿਆਂ ਤੇ ਹੋਛੀਆਂ ਕੌਮਾਂ ਦਾ ਧਰਮ ਹੈ। ਅਜਿਹੇ ਲੋਕ ਅਕਲ ਤੇ ਵੀ ਵਿਸ਼ਵਾਸ਼ ਨਹੀਂ ਕਰਦੇ ਸਨ। ਇਸ ਲਈ ਯਹੂਦ ਅਜ਼ੀਜ਼ ਇਬਨ-ਏ-ਉਲੱਾਹ ਤੇ

ਨਸਾਰਾ **ਇੱਨਲ੍ਹਾਹਾ-ਹੁਵਲ ਸਮੀਹੁ ਇਬਨੁ ਮਰੀਅਮ0** ਆਖਦੇ ਹਨ। ਚਾਹੇ ਉਹ ਕਿਸੇ ਵੀ ਅਕੀਦੇ ਨਾਲ ਕਹਿਣ ਉਹਨਾਂ ਦਾ ਇਹ ਕਹਿਣਾ ਹੀ ਕੁਫ਼ਰ ਹੈ।

**ਵਾ-ਲਮ ਯਾਕੁੱਲਾਹੁ ਕੁਫ਼ੁਵਨ ਅਹਦ0** ਕੋਈ ਉਸ ਦੇ ਬਰਾਬਰ ਤੇ ਟੱਕਰ ਦਾ ਨਹੀਂ ਹੈ, ਨਾ ਉਸ ਦੇ ਵਿਪਰਿਤ ਅਤੇ ਨਾ ਹੀ ਜਿਨਸ ਵੱਜੋਂ। ਇਸ ਤਰ੍ਹਾਂ ਕਹਿਣ ਨਾਲ ਬੰਦਾ ਮੁਸ਼ਰਿਕਾਂ ਤੇ ਇਨਕਾਰ ਕਰਨ ਵਾਲਿਆਂ ਦੇ ਅਕੀਦਿਆਂ ਤੋਂ ਨਫ਼ਰਤ ਦਰਸਾਉਂਦਾ ਹੈ ਭਾਵ ਉਹਨਾਂ ਦੀ ਨਖੇਦੀ ਕਰਦਾ ਹੈ ਅਤੇ ਹਰ ਕਿਸਮ ਦੇ ਸ਼ਿਰਕ ਤੋਂ ਆਪਣੇ ਜ਼ਾਹਿਰ ਤੇ ਬਾਤਿਨ ਨੂੰ ਪੂਰੀ ਤਰ੍ਹਾਂ ਪਾਕ ਕਰਦਾ ਹੈ ਕਿਉਂਕਿ ਸੂਰਤ ਇਖ਼ਲਾਸ ਹਰ ਪ੍ਰਕਾਰ ਦੇ ਸ਼ਿਰਕ ਤੇ ਕੁਫ਼ਰ ਨੂੰ ਖ਼ਤਮ ਕਰਨ ਵਾਲੀ ਹੈ। ਇਸ ਲਈ ਇਸ ਸੂਰਤ ਦੀ ਅਜ਼ਮਤ ਤੇ ਮਹਾਨਤਾ ਸਭ ਤੋਂ ਵੱਧ ਕੇ ਹੈ। ਇਹੋ ਕਾਰਣ ਹੈ ਕਿ ਆਮ ਲੋਕਾਂ ਨੂੰ ਨਮਾਜ਼ ਵਿਚ ਪੜ੍ਹਨ ਲਈ ਇਹੋ ਸੂਰਤ ਸਿਖਾਈ ਜਾਂਦੀ ਹੈ। ਰਸੂਲ (ਸ.) ਦੇ ਸਹਾਬੀ ਵੀ ਆਪਣੀ ਨਮਾਜ਼ ਵਿਚ ਇਸੇ ਸੂਰਤ ਨੂੰ ਪੜ੍ਹਿਆ ਕਰਦੇ ਸਨ ਅਤੇ ਜੇਕਰ ਹੋਰ ਸੂਰਤ ਵੀ ਕਿਰਅਤ (ਉਚਾਰਨ) ਕਰਦੇ ਤਾਂ ਇਸ ਨੂੰ ਵੀ ਵਿਚ ਹੀ ਮਿਲਾ ਲੈਂਦੇ। ਜਦੋਂ ਹਜ਼ਰਤ ਮੁਹੰਮਦ (ਸ.) ਤੋਂ ਇਸ ਦੇ ਕਾਰਣ ਸੰਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਫ਼ਰਮਾਇਆ ਕਿ ਇਸ ਸੂਰਤ ਨਾਲ ਮੈਨੂੰ ਪਿਆਰ ਹੈ। ਆਪ (ਸ.) ਇਸ ਅਮਲ ਤੋਂ ਬਹੁਤ ਖ਼ੁਸ਼ ਹੁੰਦੇ ਅਤੇ ਇਸ ਨੂੰ ਪਸੰਦ ਫ਼ਰਮਾਇਆ ਕਰਦੇ ਸਨ। ਜਦੋਂ ਮੁਸੱਲੀ ਬੜੀ ਹੀ ਨਿਮਰਤਾ ਤੇ ਧਿਆਨ ਨਾਲ ਰੱਬ ਦੇ ਹਜ਼ੂਰ ਖੜ੍ਹਾ ਹੁੰਦਾ ਹੈ ਅਤੇ ਸੱਚੀ ਪਾਇਦਾਰੀ ਅਤੇ ਹਮੇਸ਼ਾ ਹਮੇਸ਼ਾ ਦਾ ਯਕੀਨ ਤੇ ਭਰੋਸਾ ਮੰਗਦਾ ਹੈ ਅਤੇ ਉਸ ਮਹਾਨ ਆਲਿਮ ਅਤੇ ਵਿਦਵਾਨ ਭਾਵ ਸੱਚੇ ਰੱਬ ਦੇ ਕਲਾਮ ਦੀ ਤਲਾਵਤ ਕਰ ਰਿਹਾ ਹੁੰਦਾ ਹੈ ਤਾਂ ਉਸ ਦਾ ਦਿਲ ਉਸ ਹਾਲਤ ਨੂੰ ਵੇਖ ਰਿਹਾ ਹੁੰਦਾ ਹੈ ਕਿ ਉਹ ਪਵਿੱਤਰ ਕਲਾਮ ਨੂੰ ਸਾਹਿਬ-ਏ-ਕਲਾਮ ਤੋਂ ਬੜੀ ਗਹੁ ਨਾਲ ਸੁਣ ਰਿਹਾ ਹੈ ਜਾਂ ਉਸ ਦੇ ਪਾਕ ਕਲਾਮ ਨੂੰ ਉਸ ਅੱਗੇ ਅਰਜ਼ ਕਰ ਰਿਹਾ ਹੈ ਅਤੇ ਉਸ ਨੂੰ ਖ਼ੁਦ ਆਪਣੇ ਵੱਲ ਮੁਤਵੱਜਾ ਪਾਉਂਦਾ ਹੈ। ਉਸ ਦੇ ਅਹਿਸਾਨ ਤੋਂ ਬੇਪਰਵਾ ਨਹੀਂ ਹੁੰਦਾ ਅਤੇ ਆਪਣੇ ਇਸ ਹਾਲ 'ਤੇ ਉਸ ਦੀ ਨਿਗਰਾਨੀ ਨੂੰ ਵਿਸ਼ੇਸ਼ ਤੌਰ ਤੇ ਬਹੁਕਮ **ਅਲੱਜ਼ੀ ਯਰਾਕਾ ਹੀਨਾ ਤਕੂਮ0 ਵਤਕੱਲੂਬੁਕਾ ਫ਼ਿਸ ਸਾਜੀਦੀਨ0** ਆਖ਼ਿਰ ਤੂੰ ਭਲੀਭਾਂਤ ਹੀ ਜਾਣਦਾ ਹੈ ਕਿ ਸਾਹਿਬ-ਏ-ਕਲਾਮ ਦੀ ਮਹਾਨਤਾ ਅਤੇ ਜਲਾਲ ਦੇ ਸਾਹਮਣੇ ਉਸ ਦੀ ਜ਼ਾਤ ਕੁਝ ਵੀ ਨਹੀਂ ਹੈ। ਫੇਰ ਯਕੀਨ ਕਰਦਾ ਹੈ ਕਿ ਉਸ ਪਵਿੱਤਰ ਜ਼ਾਤ ਦੀ ਮਹਾਨਤਾ ਮੇਰੀ ਅਕਲ ਅਤੇ ਮਾਅਰਫ਼ਤ ਦੇ ਸਥਲ ਤੋਂ ਬਹੁਤ ਉੱਚੀ ਹੈ। ਇਸ ਲਈ ਬੜੀ ਹੀ ਨਿਮਰਤਾ ਤੇ ਆਜਿਜ਼ੀ ਅਤੇ ਕਬੂਲੀਅਤ ਦੇ ਮਾਣ ਤੇ ਸ਼ੁਕਰਾਨੇ ਵੱਜੋਂ ਅੱਲਾਹੁ ਅਕਬਰ ਕਹਿੰਦਾ ਹੋਇਆ ਆਪਣੇ ਰਹੀਮ ਅਤੇ ਕਰੀਮ ਪਰਵਰਦਿਗਾਰ ਦੇ ਆਦਰ ਸਤਿਕਾਰ ਅੱਗੇ ਪੂਰੀ ਤਰ੍ਹਾਂ ਝੁਕ ਜਾਂਦਾ ਹੈ ਅਤੇ ਉਸ ਦੀ ਪਰਵਰਦਿਗਾਰੀ ਦਾ ਸਿਮਰਨ ਕਰਦੇ ਹੋਏ ਅਮਨ-ਸ਼ਾਂਤੀ ਪ੍ਰਾਪਤ ਕਰਦਾ ਹੈ। ਫੇਰ ਇਸ ਮਤਲਬ ਨੂੰ ਆਪਣੀ ਜ਼ੁਬਾਨ ਨਾਲ ਇਸ ਲਿਖਤ ਰਾਹੀਂ ਅਦਾ ਕਰਦਾ ਹੈ।

**ਸੁਬਹਾਨਾ ਰੱਬਿਲ ਅਜ਼ੀਮ0** ਪਾਕ ਹੈ ਮੇਰਾ ਪਾਲਣ ਹਾਰ, ਆਦਰ

ਸਤਿਕਾਰ ਵਾਲਾ ਕਿ ਉਸ ਦੀ ਮਹਾਨਤਾ ਦੇ ਖ਼ੌਫ਼ ਤੇ ਰੋਅਬ ਨੇ ਮੈਨੂੰ ਦੂਹਰਾ (ਕੁੱਬਾ) ਕਰ ਦਿੱਤਾ ਹੈ। **ਸੁਬਹਾਨਾ ਰੱਬਿਲ ਅਜ਼ੀਮ੦** ਉਸ ਦੀ ਮਹਾਨਤਾ ਉਸ ਦੀ ਅਜ਼ਮਤ ਦਾ ਕਾਰਣ ਹੈ ਅਤੇ ਉਸ ਦੀ ਅਜ਼ਮਤ ਮਹਾਨਤਾ ਦਾ ਕਾਰਣ ਹੈ। ਅਜਿਹੇ ਮਹਾਨ ਸਤਿਕਾਰਤ ਦੇ ਰੋਅਬਦਾਰ ਦਰਬਾਰ ਵਿਚ ਮੇਰੇ ਜਿਹੇ ਨਿਮਾਣੇ ਫ਼ਕੀਰ ਦੀ ਜ਼ਬਾਨ ਕਿਵੇਂ ਖੁੱਲ੍ਹ ਸਕਦੀ ਹੈ ਪਰੰਤੂ ਉਸ ਦੇ ਹੁਕਮ ਨਾਲ ਕਿ ਮੈਂ ਬੰਦਾ ਉਸਦੀ ਪਰਵਰਦਿਗਾਰੀ ਮੰਨਣ ਵਾਲਾ ਹਾਂ। ਕੇਵਲ ਆਪਣੇ ਫ਼ਜ਼ਲ ਤੇ ਅਹਿਸਾਨ ਸਦਕਾ ਮੈਨੂੰ ਸਤਿਕਾਰ ਕਰਨ ਦਾ ਸਹੀ ਢੰਗ ਅਤਾ ਫ਼ਰਮਾਇਆ ਅਤੇ ਇਹ ਵਿਸ਼ੇਸ਼ ਹੁਕਮ ਰੱਬ ਦੀ ਪਰਵਰਦਿਗਾਰੀ ਦੀ ਮਹਾਨਤਾ ਨੂੰ ਆਮ ਢੰਗ ਤੋਂ ਜ਼ਿਆਦਾ ਚੰਗੇ ਢੰਗ ਨਾਲ ਮੰਨਣਾ ਹੈ।

ਸ਼ੁਕਰਾਨੇ ਅਤੇ ਫ਼ਜ਼ਲ-ਓ-ਅਹਿਸਾਨ ਦੀ ਯਾਦ ਨੂੰ ਸਮਰਪਿਤ ਇਸ ਲਿਖਤ ਨੂੰ ਸਿਮਰਨ ਅਤੇ ਸਤਿਕਾਰ ਦੀ ਤਕਰਾਰ ਨਾਲ ਅਦਾ ਕਰਦਾ ਹੈ ਅਤੇ ਉਸ ਗ਼ੱਫ਼ਾਰ ਦੀ ਅਜ਼ਮਤ ਦੀ ਤੁਲਣਾ ਵਿਚ ਆਪਣੀ ਨਿਮਰਤਾ ਤੇ ਨਿਮਾਣੇਪਨ ਉੱਤੇ ਧਿਆਨ ਕਰਕੇ ਡਰ ਤੇ ਸ਼ਰਮ ਦੇ ਮਾਰੇ ਸਨਿਮਰ ਬੇਨਤੀ ਕਰਦਾ ਹੈ। ਆਪਣੀ ਨਿਮਰਤਾ ਤੇ ਉਸ ਮਾਲਿਕ ਦੀ ਮਹਾਨਤਾ ’ਤੇ ਆਪਣੀ ਇਸਤਕਾਮਤ ਦੇ ਇਸ਼ਾਰੇ ਤੇ ਸਮਿਅੱਲ੍ਹਾਹੁਲਿਮਨ ਹਮਿਦਾ੦ ਕਹਿੰਦਾ ਹੋਇਆ ਸਿੱਧਾ ਖੜਾ ਹੋ ਜਾਂਦਾ ਹੈ ਅਤੇ ਆਪਣੇ ਦਿਲ ਨੂੰ ਰੱਬ ਦੀ ਰਹਿਮਤ ਦੀ ਆਸ ਉੱਤੇ ਤਸੱਲੀ ਦਿੰਦਾ ਹੈ ਕਿ ਅੱਲਾਹ ਤਆਲਾ ਨੇ ਸੁਣ ਲਿਆ ਤੇ ਕਬੂਲ ਕਰ ਲਿਆ, ਉਸ ਵਿਅਕਤੀ ਦੀ ਬੇਨਤੀ ਅਤੇ ਇੱਛਾ ਨੂੰ ਜਿਸ ਨੇ ਉਸ ਦੀ ਹਮਦ (ਉਸਤਤ) ਕੀਤੀ। ਮੈਂ ਕਿਸੇ ਬੇਖ਼ਬਰ ਦੀ ਤਸਬੀਹ ਨਹੀਂ ਕੀਤੀ ਸਗੋਂ ਸੁਣਨ, ਦੇਖਣ ਅਤੇ ਸਮਝਣ ਵਾਲੇ ਦਾ ਸਿਮਰਨ ਤੇ ਤਾਜ਼ੀਮ ਕਰ ਰਿਹਾ ਹਾਂ ਅਤੇ ਫੇਰ ਇਹ ਹਮਦ ਤੇ ਉਸਤਤ ਦੀ ਸਮਾਅਤ ਮੇਰੇ ਤੱਕ ਹੀ ਸੀਮਤ ਨਹੀਂ ਸਗੋਂ ਰੱਬ ਹਰ ਹਾਮਿਦ (ਹਮਦ ਕਰਨ ਵਾਲਾ) ਦੀ ਹਮਦ ਨੂੰ ਸੁਣਦਾ ਹੈ, ਜਾਣਦਾ ਹੈ ਅਤੇ ਕਬੂਲ ਕਰਦਾ ਹੈ। ਹੁਣ ਕੋਮਾ (ਇਕ ਵਾਰ ਖੜੇ ਹੋਣਾ) ਦੀ ਹਾਲਤ ਵਿਚ ਉਸ ਦੀਆਂ ਖ਼ਾਸ ਨੇਅਮਤਾਂ ਤੇ ਬਖ਼ਸ਼ਿਸ਼ਾਂ ਦਾ ਸ਼ੁਕਰਾਨਾ ਅਦਾ ਕਰਨ ਦੇ ਇਰਾਦੇ ਨਾਲ ਉਸ ਮੁਕਾਮ ਨੂੰ ਉਸ ਇਕ ਹਦਾਇਤ ਦੇਣ ਵਾਲੇ ਰੱਬ ਦੀ ਹਮਦ ਸੁਣਾਉਣ ਤੋਂ ਬਾਅਦ ਨਿਹਾਇਤ ਸਹੀ ਥਾਂ ਹੈ, ਵਿਸ਼ੇਸ ਕਰਦਾ ਹੈ ਅਤੇ ਲੱਜ਼ਤ ਵਿਚ ਪੂਰੀ ਤਰ੍ਹਾਂ ਲੀਨ ਹੋ ਕੇ ਕਹਿੰਦਾ ਹੈ:

**ਰੱਬਾਨਾ ਲਾ-ਕਲ ਹਮਦ੦** ਐ ਸਾਡੇ ਮਾਲਿਕ ਤੇ ਖ਼ਾਲਿਕ ਤੂੰ ਹੀ ਤਾਰੀਫ਼ ਯੋਗ ਹੈ। ਇੱਥੇ ਨਮਾਜ਼ੀ ਬਹੁਵਚਨ ਦੀ ਜ਼ਮੀਰ ਤੋਂ ਭਾਵ ਲੈਂਦਾ ਹੈ ਕਿ ਮੇਰਾ ਅਤੇ ਸਾਰੇ ਜਹਾਨ ਦਾ ਮਾਲਿਕ ਉਹੀ ਵਾਹਿਦ ਰੱਬ ਹੈ ਅਤੇ ਬਾਕੀ ਸਭ ਉਸ ਦੀ ਮਖ਼ਲੂਕ। ਬੱਸ ਉਹ ਹੀ ਸਾਰੀਆਂ ਤਾਰੀਫ਼ਾਂ ਤੇ ਕਮਾਲਾਂ ਯੋਗ ਤੇ ਲਾਇਕ ਹੈ। ਉਸ ਤੋਂ ਇਲਾਵਾ ਹੋਰ ਕੋਈ ਇਬਾਦਤ, ਸਿਮਰਨ ਤੇ ਪੂਜਾ ਦੇ ਯੋਗ ਨਹੀਂ ਹੈ। ਰੱਬ ਦੀ ਪਨਾਹ, ਜੇਕਰ ਰੁਕੂਅ ਦੀ ਹਾਲਤ ਵਿਚ ਕਿਸੇ ਗ਼ੈਰ ਦਾ ਖ਼ਿਆਲ ਨਾ ਆਵੇ ਤਾਂ ਕਲਾਮ ਸੱਚਾ ਕਹੇ, ਅਸਲ ਵਿਚ ਖ਼ੁਦ ਹੀ ਝੂਠਾ ਹੈ। ਕਿਸੇ ਗ਼ੈਰ ਨੂੰ ਦਿਲ ਵਿਚ ਜਗ੍ਹਾ ਦੇਣਾ ਉਸ ਦੀ ਮਹਾਨਤਾ ’ਤੇ ਸ਼ੱਕ ਕਰਨਾ ਹੈ। ਇਸ ਲਈ

ਗ਼ੈਰ ਅਜ਼ਮਤ ਦੇ ਬਾਵਜੂਦ ਰੱਬ ਦੀ ਅਜ਼ਮਤ ਅਤੇ ਬੜਾਈ ਦਾ ਇਸ ਦੇ ਦਿਲ ਤੇ ਅਸਰ ਨਹੀਂ ਹੋਇਆ ਅਤੇ ਜੇਕਰ ਹੁੰਦਾ ਤਾਂ ਹੱਕ ਸੱਚ ਦੀ ਮਹਾਨਤਾ ਤੇ ਜਲਾਲ ਸਾਹਮਣੇ ਕਿਸੇ ਗ਼ੈਰ ਦੇ ਬੜੇਪਣ ਨੂੰ ਧਿਆਨ ਵਿਚ ਨਾ ਲਿਆਉਂਦਾ ਬੱਸ ਉਹ ਦੋਗਲੇਪਣ ਤੋਂ ਖ਼ਾਲੀ ਨਾ ਹੋ ਸਕਿਆ।ਜ਼ਬਾਨ ਕੁਝ ਹੋਰ ਕਹਿੰਦੀ ਹੈ ਤੇ ਦਿਲ ਕੁਝ ਹੋਰ ਟਟੋਲਦਾ ਹੈ। ਕੌਮਾਂ ਦੀ ਹਾਲਤ ਵਿਚ ਅਜਿਹਾ ਹੀ ਸਭ ਤੋਂ ਵੱਡਾ ਖ਼ਤਰਾ ਜੋ ਉਸ ਦੇ ਉੱਚਾ ਉੱਠਣ ਦੀ ਰਾਹ ਵਿਚ ਰੋੜਾ ਹੈ ਉਹ ਇਹੋ ਦੋ ਰੰਗੀ ਤੇ ਦੋਗਲੇਪਣ ਦਾ ਚਿੰਨ ਹੈ ਹਾਲਾਂਕਿ ਨਾਪ-ਤੋਲ ਵਿਚ ਥੋੜਾ ਘੱਟ ਵੱਧ ਹੋ ਸਕਦਾ ਹੈ ਪਰੰਤੂ ਉਸ ਰੱਬ ਦੀ ਮਹਾਨ ਬਾਰਗਾਹ ਵਿਚ ਥੋੜਾ ਜਿਹਾ ਸ਼ੱਕ ਵੀ ਕਬੂਲ ਨਹੀਂ ਕੀਤਾ ਜਾਂਦਾ। ਮੇਰੇ ਪਿਆਰੇ ਨਮਾਜ਼ੀ ਆਪਣੇ ਦਿਲ ਦਾ ਪੈਰ ਸੰਭਾਲ ਕਿ ਨਾ ਫਿਸਲੇ, ਅਜਿਹਾ ਨਾ ਹੋਵੇ ਕਿ ਜਦੋਂ ਪਰਦਾ ਚੁੱਕਿਆ ਜਾਵੇ ਤਾਂ ਜ਼ਾਹਿਰ ਦੇ ਮੁਕਾਬਲੇ ਅੰਦਰ ਮੈਲਾ ਨਿਕਲੇ ਅਤੇ ਤੇਰੇ ਖੋਟੇ ਮਾਲ ਨੂੰ ਸੁਨਿਆਰ ਨਾ ਖ਼ਰੀਦੇ ਜਾਂ ਤੇਰੇ ਦਿਲ ਦੇ ਸੋਨੇ ਦੀ ਖੋਟ ਨੂੰ ਜਹੰਨੁਮ ਦੀ ਕੁਠਾਲੀ ਵਿਚ ਗਲਾਇਆ ਜਾਵੇ। ਐ ਸਾਡੇ ਮਾਲਿਕ ਤੂੰ ਹੀ ਆਪਣੀ ਮਿਹਰ ਨਾਲ ਸਾਨੂੰ ਸਿੱਧੇ ਤੇ ਸਹੀ ਰਾਹ ਤੇ ਚੱਲਣ ਦੀ ਬਖ਼ਸ਼ਿਸ਼ ਫ਼ਰਮਾ ਵਰਨਾ ਸਾਡੇ ਹੱਥ ਦਿਲ ਤੋਂ ਅਤੇ ਸਾਡੇ ਦਿਲ ਹੱਥਾਂ ਤੋਂ ਛੁਟੇ ਜਾ ਰਹੇ ਹਨ।

ਜਦੋਂ ਮੁਸੱਲੀ ਇੱਥੇ ਤੱਕ ਪੂਰੇ ਖ਼ਲੂਸ ਨਾਲ ਆਪਣੇ ਦਿਲ ਦੀ ਰੱਖਿਆ ਕਰਦਾ ਹੈ ਤਾਂ ਸੱਚੇ ਨੂਰ ਨਾਲ ਰੌਸ਼ਣ ਹੋ ਜਾਂਦਾ ਹੈ ਅਤੇ ਇਸ ਰੌਸ਼ਣੀ ਦੇ ਕਾਰਣ ਉਹ ਹੱਕ ਸੱਚ ਦਾ ਹੀ ਪਰਛਾਵਾਂ ਹੋ ਜਾਂਦਾ ਹੈ। ਹੁਣ ਉਸ ਮਾਲਿਕ-ਏ-ਹਕੀਕੀ ਦੀਆਂ ਤਾਰੀਫ਼ਾਂ ਤੇ ਸਿਫ਼ਤਾਂ ਦਾ ਸਰਵੇਖਣ ਕਰਨ ਉਪਰੰਤ ਅਤੇ ਉਸ ਮਹਾਨ ਰੱਬ ਦੀ ਤਾਰੀਫ਼ ਤੇ ਸਿਮਰਣ ਵਿਚ ਡੁੱਬ ਕੇ ਆਪਣੀ ਨਫ਼ੀ ਕਰਦਾ ਹੈ ਅਤੇ ਅਲੱਾਹੁਅਕਬਰ੦ ਕਹਿੰਦਾ ਹੋਇਆ ਆਪਣਾ ਨੱਕ ਜ਼ਮੀਨ 'ਤੇ ਰਗੜਦਾ ਹੈ ਅਤੇ ਮੱਥਾ ਧਰਤੀ ਉੱਤੇ ਧਰਦਾ ਹੈ। ਆਪਣੇ ਜ਼ਾਹਿਰ ਨੂੰ ਅਸਲ ਨਾਲ ਸਬੰਧਿਤ ਕਰਦਾ ਹੈ ਅਤੇ ਫ਼ਨਾ ਹੋਣ ਵਾਲੀ ਮਿੱਟੀ ਵਿਚ ਮਿਲਦਾ ਚਲਿਆ ਜਾਂਦਾ ਹੈ। ਆਪਣੀ ਰੂਹਾਨੀਅਤ ਨੂੰ ਖ਼ੁਫ਼ੀਆ ਤੌਰ ਤੇ ਉਸ ਦੀ ਅਸਲ ਦੇ ਸਪੁਰਦ ਕਰਦਾ ਹੈ, ਖ਼ਾਕ ਵਿਚ ਫ਼ਨਾ ਹੁੰਦਾ ਜਾਂਦਾ ਹੈ। ਆਪਣੇ ਨਿਮਾਣੇ ਜਿਹੇ ਵਜੂਦ ਨੂੰ ਮੌਲਾ ਕਰੀਮ ਦੀ ਮਹਾਨਤਾ ਵਿਚ ਪਸਤ ਕਰਕੇ ਅਤੇ ਇਸ ਉਧਾਰੇ ਵਜੂਦ ਦੀਆਂ ਲੋੜਾਂ ਨੂੰ ਖ਼ਤਮ ਕਰਕੇ ਮੁਸ਼ਾਹਿਦਾ ਹੀ ਮੁਸ਼ਾਹਿਦਾ ਰਹਿ ਜਾਂਦਾ ਹੈ ਸਗੋਂ ਹਾਜ਼ਿਰੀ ਗਵਾਹੀ ਸਹਿਤ। ਇਸ ਇੰਤਹਾ ਦਰਜੇ ਦੀ ਨੇੜਤਾ ਵਿਚ ਵੀ ਉਸ ਦੀ ਬੰਦਗੀ ਆਪਣੇ ਮਖ਼ਲੂਕ ਹੋਣ ਦੇ ਇਕਰਾਰ ਨਾਲ ਆਪਣੇ ਮਾਲਿਕ ਦੀ ਅਜ਼ਮਤ ਵਿਚ ਫ਼ਨਾ ਹੋਣਾ ਹੀ ਦਰਸਾਉਂਦੀ ਹੈ।

**ਸੁਬਹਾਨਾ ਰੱਬਿਲ ਆਲਾ੦** ਪਾਕ ਹੈ ਮੇਰਾ ਪਰਵਰਦਿਗਾਰ, ਬੜਾ ਉੱਚਾ ਤੇ ਮਹਾਨ। ਵਰਨਣਯੋਗ ਹੈ ਕਿ ਉਸ ਦੀ ਉੱਚਾਈ ਮਕਾਨ ਵਾਂਗ ਨਹੀਂ, ਉਸ ਨੂੰ ਮਕਾਨ ਦੀ ਵੀ ਲੋੜ ਨਹੀਂ ਸਗੋਂ ਹਰ ਪ੍ਰਕਾਰ ਦੀ ਉਚਾਈ ਅਤੇ ਡੂੰਘਾਈ ਦਾ ਮਾਲਿਕ ਤੇ ਖ਼ਾਲਿਕ ਉਹੀ ਹੈ। ਉਸ ਦੀ ਉੱਚਾਈ ਉਸ ਦੀ ਜ਼ਾਤ ਦੀਆਂ ਸਿਫ਼ਤਾਂ ਤੇ ਖ਼ੂਬੀਆਂ ਹਨ ਕਿ ਕਿਸੇ ਦੀ ਅਕਲ ਤੇ ਸੂਝ-ਬੂਝ ਉੱਥੇ ਤੱਕ ਨਹੀਂ ਪਹੁੰਚ

ਸਕਦੀ। ਉਹ ਮਖ਼ਲੂਕ ਦੀ ਸਮਝ ਤੋਂ ਬਹੁਤ ਉੱਚਾ ਹੈ। ਹੱਕ ਦੀ ਮਹਾਨਤਾ ਤੋਂ ਇਨਕਾਰ ਕਰਨਾ ਇਨਸਾਨੀ ਕਮਜ਼ੋਰੀ ਹੈ ਅਤੇ ਇਹੋ ਇਨਕਾਰ ਹਲਾਕਤ ਦਾ ਕਾਰਨ ਬਣਦਾ ਹੈ। ਬੱਸ ਸ਼ੁਰੂ ਤੋਂ ਇਹੋ ਇਲਮ ਈਮਾਨ ਦੀ ਰੂਹ ਹੈ ਅਤੇ ਇਸੇ ਗਿਆਨ ਨੂੰ ਹਿਕਮਤ ਤੇ ਦੂਰ-ਅੰਦੇਸ਼ੀ ਨਾਲ ਸਾਰਿਆਂ ਇਨਾਮਾ ਯੋਗ ਸਮਝਿਆ ਗਿਆ ਹੈ ਅਤੇ ਹਾਲ ਲੰਘਣ ਉਪਰੰਤ ਮੁਸੱਲੀ ਉਸ ਸਦੀਵੀਂ ਮਹਾਨ ਜ਼ਾਤ ਦੇ ਰੂਬਰੂ ਹੁੰਦਾ ਹੈ। ਫੇਰ ਆਪਣੇ ਮਾਲਿਕ ਦੀ ਮਹਾਨਤਾ ਤੇ ਉੱਚੇ ਦਰਜੇ ਨੂੰ ਸਮਝਦੇ ਹੋਏ ਅੱਲਾਹੁ-ਅਕਬਰ ਕਹਿੰਦਾ ਹੋਇਆ ਦੋ ਜ਼ਾਨੂੰ ਹੋ ਕੇ ਸਤਿਕਾਰ ਵੱਜੋਂ ਬੈਠ ਜਾਂਦਾ ਹੈ ਅਤੇ ਆਪਣੀਆਂ ਨਿੱਜੀ ਲੋੜਾਂ ਤੇ ਜ਼ਰੂਰਤਾਂ ਅਨੁਸਾਰ ਸ਼ਹਿਨਸ਼ਾਹ ਦੀ ਬਖ਼ਸ਼ਿਸ਼ ਤੇ ਰਹਿਮਤ ਦਾ ਉਮੀਦਵਾਰ ਹੁੰਦਾ ਹੈ। ਕਿਉਂਕਿ ਉਹ ਭਲੀਭਾਂਤ ਹੀ ਜਾਣਦਾ ਹੈ ਕਿ ਮੇਰੇ ਬਖ਼ਸ਼ਣਹਾਰ ਨੇ ਕੇਵਲ ਆਪਣੀ ਰਹਿਮਤ ਅਤੇ ਮੁਹੱਬਤ ਨਾਲ ਮੇਰੇ ਵਰਗੇ ਗ਼ਰੀਬ ਤੇ ਨਿਮਾਣੇ ਬੰਦੇ ਨੂੰ ਵਿਸ਼ੇਸ਼ ਸਥਾਨ ਬਖ਼ਸ਼ਿਆ ਹੈ। ਉਸ ਅਜ਼ੀਮ ਰੱਬ ਨੇ ਸਜਦੇ ਦੀ ਸਹਾਇਤਾ ਨਾਲ ਨੇਕੀ ਕਰਨ ਦੀ ਤੌਫ਼ੀਕ ਬਖ਼ਸ਼ੀ ਤਾਂ ਮੇਰੇ ਲਈ ਇਹ ਵੀ ਫ਼ਰਜ਼ ਕਰਾਰ ਦਿੱਤਾ ਕਿ ਇਸ ਇਜ਼ੱਤ-ਮਾਣ ਦਾ ਧੰਨਵਾਦ ਦੂਜੇ ਸਜਦੇ ਰਾਹੀਂ ਅਦਾ ਕਰਾਂ ਅਤੇ ਫੇਰ ਤਕਬੀਰ (ਰੱਬ ਦੀ ਮਹਾਨਤਾ ਬਿਆਨ ਕਰਨਾ) ਕਹਿੰਦੇ ਹੋਏ ਅਤੇ ਆਪਣੇ ਪੂਜਨ ਯੋਗ ਮਾਲਿਕ ਨੂੰ ਯਾਦ ਕਰਦੇ ਹੋਏ ਝੁਕਦਾ ਚਲਿਆ ਜਾਂਦਾ ਹੈ। ਇਸ ਪੂਰੀ ਤਰਾਂ ਝੁਕ ਜਾਣ, ਫ਼ਨਾ ਹੋ ਜਾਣ ਤੋਂ ਭਾਵ ਉਸ ਅਜ਼ਲੀ ਤੇ ਦਾਇਮੀ ਮਾਲਿਕ ਨੂੰ ਸੱਜਦੇ ਵਿਚ ਸਿਰ ਰੱਖ ਕੇ, ਉਸ ਦੇ ਨਾਂ ਦੀ ਤਸਬੀਹ ਕਰਦੇ ਹੋਏ ਯਾਦ ਕੀਤਾ ਜਾਵੇ ਤਾਂ ਫੇਰ ਇਸ ਫ਼ਨਾ-ਉਲ-ਫ਼ਨਾ ਤੋਂ ਬਕਾ-ਉਲ-ਬਕਾ ਦਾ ਮਰਤਬਾ ਬਖ਼ਸ਼ਿਆ ਜਾਂਦਾ ਹੈ। ਫੇਰ ਮਾਲਿਕ ਦੀ ਮਹਾਨਤਾ ਤੇ ਬੜੇਪਣ ਦਾ ਇਕਰਾਰ ਕਰਦੇ ਹੋਏ ਮੁਕਾਮ-ਏ -ਇਸਤਕਾਮਤ ਤੇ ਪਹੁੰਚਦਾ ਹੈ ਅਤੇ ਸਜਦਿਆਂ ਵਿਚਕਾਰ ਜਲਸੇ ਦੀ ਬਕਾ ਨਾਲ ਆਰੰਭ ਤੋਂ ਅੰਤ ਤੱਕ ਆਪਣੇ ਵਜੂਦ ਦੀ ਨਾਪਾਇਦਾਰੀ ਨੂੰ ਮਹਿਸੂਸ ਕਰਦਾ ਹੈ ਭਾਵ ਉਸ ਦੀ ਪਹਿਲੀ ਰਕਾਤ ਸੱਚਾਈ ਤੇ ਦ੍ਰਿੜਤਾ ਉੱਤੇ ਫ਼ਨਾ ਤੇ ਬਕਾ ਤੋਂ ਪਹਿਲਾਂ ਸੀ, ਜਿਸ ਨੂੰ ਸਿੱਖਣ ਦਾ ਹੁਕਮ ਸੀ।

ਹੁਣ ਦੂਜੀ ਰਕਾਤ ਦਾ ਕਯਾਮ ਇਸਤਕਾਮਤ ਦੀ ਮੰਜ਼ਿਲ ਨੂੰ ਕਾਇਮ ਰੱਖਣ ਵਾਲੀ ਬਖ਼ਸ਼ਿਸ਼ ਹੈ। ਉਂਜ ਸੂਰਤ ਵੱਜੋਂ ਇਹ ਵੀ ਬਾਕੀ ਨਮਾਜ਼ ਵਾਂਗ ਤੇ ਪਹਿਲੀ ਰਕਾਤ ਵਾਂਗ ਹੈ ਪਰੰਤੂ ਦਰਜਿਆਂ ਅਨੁਸਾਰ ਤਰੱਕੀ ਕਰਦੀ ਹੈ। ਫੇਰ ਉਸ ਤੇ ਹਰ ਵੇਲੇ ਅਜੀਬ-ਓ-ਗ਼ਰੀਬ ਭੇਦ ਖੁੱਲਦੇ ਰਹਿੰਦੇ ਹਨ। ਮੁਸੱਲੀ ਇਹ ਮਿਅਰਾਜ ਹਜ਼ਰਤ ਮੁਹੰਮਦ (ਸ.) ਦੀ ਮਿਅਰਾਜ **ਅਲਾ ਸਾਹਿਬਿਹਸੱਲਾਵਾਤੁਲ ਅਬਾਦੀਯਾਤੁ ਵੱਤਾ ਹਿਯਾੱਤੁ ਸਰਮਦੀਹo** ਵਿੱਚ ਇਕ ਭਾਗ ਹੈ। ਆਪ ਸੱਲੱਲਾਹੁ ਅਲੈਹਿ ਵਸੱਲਮ ਵਰਗੇ ਖ਼ੈਰ-ਉਲ-ਬਸ਼ਰ ਨੂੰ ਰੂਹਾਨੀ ਅਤੇ ਜਸਮਾਨੀ ਮਿਅਰਾਜ ਦੇ ਅਸਲ ਢੰਗ ਅਨੁਸਾਰ ਨਸੀਬ ਹੋਈ ਅਤੇ ਸਾਰੇ ਮੋਮਿਨਾਂ ਨੂੰ ਉਹਨਾਂ ਦੇ ਦਰਜਿਆਂ ਅਨੁਸਾਰ ਵੱਖੋ-ਵੱਖਰੀਆਂ ਯੋਗਤਾਵਾਂ ਅਨੁਸਾਰ ਔਖੇ ਕੰਮ ਦਿੱਤੇ ਜਾਂਦੇ ਹਨ ਅਤੇ ਉੱਮਤ ਦੇ ਲੋਕਾਂ ਦੇ ਕਮਾਲਾਂ ਦੀ ਇੱਥੇ ਬੱਸ ਹੋ ਜਾਂਦੀ ਹੈ। ਉਹਨਾਂ ਦੀ ਯੋਗਤਾ ਇਸ ਤੋਂ ਵੱਧ ਦੀ ਕਾਬਿਲ ਨਹੀਂ ਹੋ ਸਕਦੀ। ਉੱਮਤ ਦੀਆਂ

ਇਕਾਈਆਂ ਦੀਆਂ ਬਖ਼ਸ਼ਿਸ਼ਾਂ ਦਾ ਮੌਜੂਦ ਦਰਜਾ ਰੂਹਾਨੀ ਮਿਅਰਾਜ ਹੈ ਜਿਸ ਦੀ ਬਖ਼ਸ਼ਿਸ਼ ਦੀ ਥਾਂ ਕੇਵਲ ਤੇ ਕੇਵਲ ਨਮਾਜ਼ ਹੀ ਹੈ। ਜਦੋਂ ਮੁਸੱਲੀ ਨਮਾਜ਼ ਵਾਲੀ ਪਵਿੱਤਰ ਥਾਂ ਤੈਅ ਕੀਤੇ ਹੋਏ ਰੁਤਬਿਆਂ ਉੱਤੇ ਆਪਣੀ ਯੋਗਤਾ ਜਾਂ ਬਖ਼ਸ਼ਿਸ਼ ਅਨੁਸਾਰ ਖੜਾ ਹੁੰਦਾ ਹੈ ਤਾਂ ਉਸ ਇੱਜ਼ਤ ਤੇ ਅਜ਼ਮਤ ਵਾਲੇ ਰੱਬ ਦੀ ਦਰਗਾਹ ਵਿਚ ਬੈਠਣ ਵਾਲੇ ਨੇਕ ਲੋਕਾਂ ਵਿਚ ਸਰਫ਼ਰਾਜ਼ ਕੀਤਾ ਜਾਂਦਾ ਹੈ ਭਾਵ ਉਸ ਨੂੰ ਹਜ਼ਰਤ ਮੁਹੰਮਦ (ਸ.) ਦੇ ਸਾਥੀਆਂ ਤੇ ਮਿੱਤਰਾਂ ਦੇ ਗਰੁੱਪ ਵਿਚ ਬਠਾਇਆ ਜਾਂਦਾ ਹੈ। ਉਂਜ ਉਸਦਾ ਰੁਤਬਾ ਬਹੁਤ ਹੀ ਨੀਵਾਂ ਸੀ ਪਰ ਉਸ ਦੀ ਪਰਉਪਕਾਰਤਾ ਤੇ ਸੇਵਾ ਭਾਵਨਾ ਦੇ ਸਿਲੇ ਵੱਜੋਂ ਉਸ ਨੂੰ ਸਨਮਾਣਯੋਗ ਲੋਕਾਂ ਦੇ ਇਜਲਾਸ ਵਿਚਕਾਰ ਬੈਠਣ ਦਾ ਹੁਕਮ ਮਿਲਿਆ ਤਾਂ ਉਹ ਆਪਣੇ ਨਿਮਾਣੇਪਣ ਤੇ ਨਮੋਸ਼ੀ ਮਹਿਸੂਸ ਕਰਦੇ ਹੋਏ ਉਸ ਨੇਅਮਤਾਂ ਤੇ ਬਖਸ਼ਿਸ਼ਾਂ ਵਾਲੇ ਮਾਲਿਕ ਦੀਆਂ ਬਖ਼ਸ਼ਿਸ਼ਾਂ ਦਾ ਰਿਣੀ ਹੋ ਕੇ, ਸਿਰ ਝੁਕਾ ਕੇ ਤੇ ਦੋ ਜ਼ਾਨੂੰ ਹੋ ਕੇ ਬਾ-ਅਦਬ ਬੈਠ ਜਾਂਦਾ ਹੈ। ਸ਼ਰਮ ਤੇ ਡਰ ਦੇ ਮਾਰੇ ਇੱਧਰ ਉੱਧਰ ਧਿਆਨ ਨਹੀਂ ਕਰਦਾ ਸਗੋਂ ਸ਼ਰਧਾ, ਅਕੀਦਤ, ਮੁਹੱਬਤ, ਲਗਾਓ, ਚਾਹ ਤੇ ਪੂਰੀ ਦੀਵਾਨਗੀ ਨਾਲ ਆਪਣਾ ਧਿਆਨ ਕੇਵਲ ਤੇ ਕੇਵਲ ਆਪਣੇ ਮਾਲਿਕ ਵੱਲ ਹੀ ਰੱਖਦਾ ਹੈ। ਆਪਣੀ ਇਸ ਖ਼ਾਸ ਹਾਲਤ ਨੂੰ ਮਿਅਰਾਜ-ਏ-ਮੁਹੰਮਦੀਆ ਦੀ ਇਕ ਝਲਕ ਸਮਝਦਾ ਹੈ ਅਤੇ ਨਬੀ ਨੂੰ ਮਿਲਣ ਦਾ ਵਸੀਲਾ ਮੰਨਦਾ ਹੈ ਅਤੇ ਅਸੂਲੀ ਤੌਰ ਤੇ ਆਪਣੀ ਤਸਲੀਮ ਦਰਸਾਉਣ ਲਈ ਮਿਅਰਾਜ-ਏ-ਮੁਹੰਮਦੀਆ ਦੀ ਹਾਲਤ ਨੂੰ ਅਖ਼ਬਾਰ ਵਾਂਗ ਅਤੇ ਆਪਣੀ ਖ਼ੁਸ਼ੀ ਤੇ ਲੱਜ਼ਤ ਨੂੰ ਇਨਸ਼ਾ ਵੱਜੋਂ ਇਕ ਹੀ ਲਿਖਤ ਵਿਚ ਹਜ਼ੂਰ ਸਾਹਮਣੇ ਪੇਸ਼ ਕਰਦਾ ਹੈ ਅਤੇ ਆਖਦਾ ਹੈ **ਅੱਤਾਹਿਯਾਤੁ ਲਿੱਲਾਹਿ ਵੱਸਲਾਵਾਤੁ ਵੱਤੋਈਆ ਵਾਤੁ੦** ਇਬਾਦਤਾਂ ਭਾਵੇਂ ਉਹ ਜ਼ੁਬਾਨੀ ਹੋਣ ਜਾਂ ਦਿਲੀ ਅਤੇ ਸਭ ਤਰ੍ਹਾਂ ਦੀ ਖ਼ੈਰ-ਖ਼ੈਰਾਤ ਸਿਰਫ਼ ਅਤੇ ਸਿਰਫ਼ ਅੱਲਾਹ ਤਆਲਾ ਲਈ ਹੀ ਹਨ। ਇਹਨਾਂ ਸਾਰੀਆਂ ਇਬਾਦਤਾਂ ਲਈ ਰੱਬ ਤੋਂ ਬਿਨਾਂ ਹੋਰ ਕੋਈ ਵੀ ਯੋਗ ਨਹੀਂ ਹੈ। ਆਪਣੇ ਦਿਲ ਤੋਂ ਇਸ ਸਬੰਧੀ ਸਬੂਤ ਮੰਗਦਾ ਹੈ ਅਤੇ ਫੇਰ ਜੇਕਰ ਕਿਸੇ ਦੀ ਤਾਰੀਫ਼ ਤੇ ਸ਼ਾਨ ਵਿਚ ਅਜਿਹੇ ਜੁਮਲੇ ਜਾਂ ਭਾਵ ਪ੍ਰਯੋਗ ਕਰੇ, ਜੋ ਉਸ ਰੱਬ ਲਈ ਹੀ ਉਚਿਤ ਹਨ, ਤਾਂ ਉਹ ਆਪਣੇ ਕੌਲ ਉੱਤੇ ਕਾਇਮ ਨਹੀਂ ਰਹੇਗਾ ਅਤੇ ਨੇੜਤਾ ਤੇ ਮੁਹੱਬਤ ਦੇ ਰੁਤਬੇ ਤੋਂ ਬਖੇੜਣ ਦੇ ਯੋਗ ਹੋਵੇਗਾ। ਸ਼ਾਇਦ ਫੇਰ ਉਸ ਝੂਠੇ ਨੂੰ ਉਸ ਦੇ ਝੂਠੇ ਕਲਾਮ ਤੇ ਉਸ ਦੀ ਨਾ-ਕਦਰੀ ਕਾਰਣ ਇਸ ਉੱਚੇ ਰੁਤਬੇ ਉੱਤੇ ਬੈਠਣ ਤੋਂ ਰੋਕਿਆ ਜਾਵੇ **ਨਅਊਜ਼ਬਿੱਲਹ ਮਨ ਜ਼ਾਲਿਕਾ੦** ਹੁਣ ਸ਼ਹਿਨਸ਼ਾਹੀ ਦਰਬਾਰ ਦੇ ਸਭ ਤੋਂ ਵੱਡੇ ਮਿੱਤਰ ਉਮਦ ਤੁਲਮਲਕ ਵਲਮਲੂਕ ਖ਼ਾਨ-ਏ-ਖ਼ਾਨਾ -ਏ-ਰਿਆਲਤ -ਓ- ਨਬੂਵਤ ਵੱਲ ਧਿਆਨ ਕਰਦਾ ਹੈ। ਉਸ ਦਾ ਢੰਗ ਇਹ ਰਹਿੰਦਾ ਹੈ ਕਿ ਸ਼ਹਿਨਸ਼ਾਹ ਦੇ ਧਿਆਨ ਤੋਂ ਗ਼ਾਫ਼ਿਲ ਨਹੀਂ ਹੁੰਦਾ ਸਗੋਂ ਇਸ ਧਿਆਨ ਨੂੰ ਆਪਣੇ ਮਾਲਿਕ ਦੀ ਖ਼ੁਸ਼ਨੂਦੀ ਪ੍ਰਾਪਤ ਕਰਨ ਦਾ ਵਸੀਲਾ ਸਮਝਦਾ ਹੈ। ਆਪਣੇ ਸੱਚੇ ਰਹਿਬਰ ਤੇ ਮੁਰਸ਼ਿਦ-ਏ-ਮੁਤਲਿਕ ਨੂੰ ਪਰਮ ਸਤਿਕਾਰ ਸਾਹਿਤ ਸਲਾਮ ਕਰਦਾ ਹੈ ਅਤੇ ਆਪਣੇ ਮਾਲਿਕ ਸ਼ਹਿਨਸ਼ਾਹ ਦੀਆਂ ਵਿਸ਼ੇਸ਼ ਬਖ਼ਸ਼ਿਸ਼ਾਂ ਤੇ ਨੇਅਮਤਾਂ ਦੀ ਤਾਰੀਫ਼ ਬਿਆਨ ਕਰਦਾ ਹੈ ਅਤੇ

ਇਸ ਸਪਾਸ ਗੁਜ਼ਾਰੀ ਦੇ ਨਾਲ-ਨਾਲ ਆਪਣਾ ਮਨ ਭੀ ਭੱਟਕਣ ਨਹੀਂ ਦਿੰਦਾ ਅਤੇ ਸੇਵਾਦਾਰਾਂ ਵਾਂਗ ਸੇਵਾ ਕਰਦਾ ਹੈ ਅਤੇ ਜਦੋਂ ਆਪਣੇ ਇਕਤਦਾਰ ਨੂੰ ਹੋਰ ਫ਼ਜ਼ੀਲਤ ਬਖ਼ਸ਼ਣਾਂ ਚਾਹੁੰਦਾ ਹੈ ਤਾਂ ਕਹਿੰਦਾ ਹੈ: **ਅਸੱਲਾਮੁ ਅਲੈਕਾ ਅੱਯੂਹਨੱਬਿਯੂ ਵਰਹਮਤੁਲ੍ਹੱਾਹਿ ਵਾ ਬਰਕਾਤੁਹੂ**o ਬੇਨਤੀ ਕਰਦਾ ਹੈ:

ਸਲਾਮ ਹੈ ਤੁਹਾਡੇ 'ਤੇ ਐ ਨਬੀ ਸੱਯਦ-ਉਲ-ਅੰਬੀਆ ਅਲਾਹ ਦੀਆਂ ਰਹਿਮਤਾਂ ਬਖ਼ਸ਼ਿਸ਼ਾਂ ਤੇ ਬਰਕਤਾਂ ਕੇਵਲ ਆਪ ਜੀ ਦੀ ਪਾਕ ਜ਼ਾਤ ਲਈ ਹੀ ਹਨ। ਅਸੀਂ ਸਾਰੇ ਤੁਹਾਡੇ ਦਰਬਾਰ ਦੇ ਸੇਵਕ ਅਤੇ ਤੁਹਾਡੇ ਸਦਕੇ ਉਸ ਸੱਚੇ ਨੂਰ ਦੇ ਨੇੜੇ ਹਾਂ। ਦੋਹਾਂ ਜਹਾਨਾਂ ਵਿਚ ਅਸਲ ਤੇ ਪੂਰਨ ਕਮਾਲ ਤਾਂ ਆਪ ਜੀ ਹੀ ਹੋ ਅਤੇ ਬਸ, ਭਾਵ ਮੁਸੱਲੀ ਦੀ ਰੂਹਾਨੀਅਤ ਨੂੰ ਹਜ਼ਰਤ ਮੁਹੰਮਦ (ਸ.) ਦੀ ਰੂਹਾਨੀਅਤ ਨਾਲ ਮੁਲਾਕਾਤ ਨਸੀਬ ਹੋਈ ਅਤੇ ਬੜੇ ਹੀ ਅਦਬ ਤੇ ਸਤਿਕਾਰ ਨਾਲ ਸਲਾਮ ਪੇਸ਼ ਕੀਤਾ। ਹੁਣ ਮੁੱਸਲੀ ਵਜੂਦ-ਏ-ਨਬਵੀਆ ਦੇ ਸਾਫ਼ ਸ਼ੀਸ਼ੇ ਵਿਚ ਆਪਣੀ ਗੁਮਸ਼ੁਦਾ ਜ਼ਾਤ ਨੂੰ ਮੁਕਾਮ-ਏ-ਫ਼ਖ਼ਰ ਉੱਤੇ ਵੇਖਦਾ ਹੈ ਅਤੇ ਆਪਣੇ ਆਪ ਨੂੰ ਉਚੇ ਦਰਬਾਰ ਵਿਚ ਪਾਉਂਦਾ ਹੈ ਤਾਂ ਆਪਣੇ ਆਪ ਉੱਤੇ ਅਤੇ ਆਪਣੇ ਤੋਂ ਉੱਚੀਆਂ ਸਤਰਾਂ ਦੇ ਨੇਕ ਲੋਕਾਂ, ਸਾਲਿਹੀਨ 'ਤੇ ਸਲਾਮ ਕਹਿਦਾ ਹੈ ਆਪ ਚਾਹੇ ਸਾਲਿਹੀਨ ਵਿਚ ਸ਼ਾਮਿਲ ਹੈ ਜਾਂ ਨਹੀਂ ਪਰ ਅਦਬ ਕਹਿਦਾ ਹੈ ਪਿੱਛੇ ਹੈ। ਇਸ ਕਰਕੇ ਅਦਬ ਤੇ ਸਤਿਕਾਰ ਦਾ ਪਾਸ ਰੱਖਦੇ ਹੋਏ ਇਸ ਸਲਾਮ ਨੂੰ ਇਸ ਇਬਾਰਤ ਜਾਂ ਲਿਖਤ ਰਾਹੀਂ ਅਦਾ ਕਰਦਾ ਹੈ:

**ਅਸੱਲਾਮੁ ਅਲੈਨਾ ਵ ਅਲਾ ਇਬਾਦਿੱਲ੍ਹਾਹਿੱਸਾਲਿਹੀਨ**o ਸਲਾਮ ਹੈ ਸਾਡੇ ਤੇ, ਅਤੇ ਅਲੱਾਹ ਦੇ ਨੇਕ ਬੰਦਿਆਂ 'ਤੇ। ਆਪਣੇ ਉੱਤੇ ਸਲਾਮ ਕਰਨ ਲਈ ਬਹੁਵਚਨ ਸ਼ਬਦ ਦਾ ਇਸ ਲਈ ਪ੍ਰਯੋਗ ਕੀਤਾ ਗਿਆ ਹੈ ਕਿ ਉਹ ਆਪਣੇ ਹਮਜਿਨਸਾਂ ਤੇ ਆਪਣੇ ਵਰਗਿਆ ਨੂੰ ਪ੍ਰਕਿਰਿਆ ਨੂੰ ਆਪਣੇ ਨਫ਼ਸ ਦੇ ਬਰਾਬਰ ਰੱਖੇ, ਇਸਲਾਮ ਅਨੁਸਾਰ ਇਹ ਵੀ ਇੱਕ ਹੱਕ ਹੈ ਇਸਲਾਮ ਦੇ ਇਸ ਤੋਹਫ਼ੇ ਨਾਲ ਸਾਰੇ ਦੀਨੀ ਭਰਾਵਾਂ ਵਿਚ ਕੋਈ ਬੇਖ਼ਬਰ ਨਹੀਂ ਰਹੇਗਾ ਭਾਵ ਮੁੱਸਲੀ ਕਹਿੰਦਾ ਹੈ ਕਿ ਸਲਾਮ ਹੈ ਮੇਰੇ 'ਤੇ ਅਤੇ ਉਨਾਂ ਤੇ ਕਿ ਉਹ ਵੀ ਮੇਰੇ ਵਾਂਗ ਨਾਫ਼ਰਮਾਨੀ ਤੇ ਗੁਨਾਹਾਂ ਨਾਲ ਭਰੇ ਹੋਏ ਹਨ ਬਸ ਉਸ ਕਰਮੀ ਦੇ ਕਰਮ ਨਾਲ ਤੇ ਸਜਦਿਆਂ ਸਦਕਾ ਮੇਰੇ ਵਾਂਗ ਦਾਤਿ ਬਖ਼ਸ਼ਿਸ਼ ਕੀਤੀ ਗਈ ਜਾਂ ਬਖ਼ਸ਼ਿਸ ਹੋਈ ਜਾਂ ਈਮਾਨ ਵਾਲਾ ਨਸੀਬ ਰੱਖਦੇ ਹਨ ਉਸ ਵਿਚ ਮੇਰਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ। ਸੱਚੇ ਇਸਲਾਮ ਲਈ ਖੋਜ ਵਾਲਾ ਈਮਾਨ ਮੁਢਲੀ ਸ਼ਰਤ ਹੈ ਅਤੇ ਅਲੱਾਹ ਦੇ ਨੇਕ ਬੰਦਿਆਂ 'ਤੇ ਸਲਾਮ ਪਹਿਲਾਂ ਹੈ ਕਿਉਂਕਿ ਕੁਝ ਹਕੀਕਤਾਂ ਵਿਚ ਸਾਨੂੰ ਉਨ੍ਹਾਂ ਨਾਲ ਮੁਨਾਸਬਤ ਵੀ ਹੈ ਅਤੇ ਕੁਝ ਬਖ਼ਸ਼ਿਸ਼ਾਂ ਕਾਰਨ ਉਹ ਸਾਡੇ ਤੋਂ ਵਿਲੱਖਣਤਾ ਵੀ ਰੱਖਦੇ ਹਨ। ਵਾਉ ਅਤਫ਼ ਸ਼ਾਮਲ ਕਰਨ ਜਾਂ ਨਾਲ ਜੋੜਨ ਲਈ ਹੁੰਦਾ ਹੈ ਉਸ ਵਿੱਚ ਕੈਦ ਕਰਨਾ ਸਹੀ ਨਹੀਂ ਤੂੰ ਸਲਾਮ ਵਿੱਚ ਉਚ ਰੁਤਬਾ ਕਿਉਂਕਰ ਹੈ ਹਾਂ ਤੈਨੂੰ ਰਿਆਇਤ ਜ਼ਰੂਰ ਦਿਤੀ ਗਈ ਹੈ ਕਿ ਬੰਦੇ ਨੂੰ ਆਪਣੀ ਭਲਾਈ ਕਰਨ ਵਿੱਚ ਕੋਸ਼ਿਸ਼ ਕਰਨਾ ਪਸੰਦ ਹੈ ਅਤੇ ਸ਼ਰੀਅਤ ਦਾ ਹੁਕਮ ਵੀ ਹੈ ਭਾਵ ਦੁਆਵਾ ਵਿਚ ਨਕਲ ਕੀਤਾ ਗਿਆ ਹੈ ਅਤੇ ਕੁੱਝ ਲੋਕਾਂ

ਇਸ ਵਿਚ ਵੀ ਨਿਮਰਤਾ ਕੁਰਬਾਨੀ ਨੂੰ ਪਹਿਲ ਦਿੱਤੀ ਜਦੋਂ ਬੰਦੇ ਨੇ ਆਪਣੀ ਕਚਿਹਰੀ ਉਸ ਦੀ ਉੱਚ ਬਾਰਗਾਹ ਵਿਚ ਵੇਖੀ ਜਿੱਥੇ ਪਹੁੰਚਣਾ ਨਬੀ ਅਤੇ ਪ੍ਰਸਿਧ ਔਲੀਆ ਵੀ ਆਪਣੇ ਲਈ ਫ਼ਖ਼ਰ ਤੇ ਮਾਣ ਦੀ ਗੱਲ ਸਮਝਦੇ ਸਨ ਅਤੇ ਆਪਣਾ ਸਬੰਧ ਨੇਕਾਂ ਤੇ ਪਰਹੇਜ਼ਗਾਰਾਂ ਨਾਲ ਵੇਖਦਾ ਹੈ ਤਾਂ ਦਿਲ ਹੀ ਦਿਲ ਵਿਚ ਰਮਾਉਂਦਾ ਹੈ ਕਿ ਮੈਂ ਗ਼ੈਰ ਮਹੱਜ਼ਬ ਕੁਤਰਕੀ ਤੇ ਵਿਤੰਡਵਾਦੀ ਹੋਣ ਤੋਂ ਬਿਨਾਂ ਹੋਰ ਕੀ ਹਾਂ? ਕਿ ਮੇਰੇ ਵਿਚ ਤਾਂ ਇਸ ਮਨਸਬ ਯੋਗਤਾ ਨਹੀਂ ਹੈ ਅਤੇ ਡਰਦਾ ਹੈ ਕਿ ਅਜਿਹਾ ਨਾ ਹੋਵੇ ਕਿ ਇਹ ਸਭ ਫ਼ਜ਼ਲ ਤੇ ਬਖ਼ਸ਼ਿਸਾਂ ਮਾਮੂਲ ਦੇ ਖ਼ਿਲਾਫ਼ ਹੋਣ ਅਤੇ ਅਖੀਰ ਵਿਚ ਪਰੇ ਧੱਕਿਆ ਜਾਵਾਂ ਰੱਬ ਦੀ ਪਨਾਹ ਇਸ ਲਈ ਸੰਪੂਰਨ ਕਬੂਲੀਅਤ ਦੇ ਵਸੀਲ ਲਈ ਆਪਣੇ ਆਪ ਵਿੱਚ ਤਜਰਬਾ ਕਰਦਾ ਹੈ ਕਿ ਉਹ ਪਹਿਲਾਂ ਤੋਂ ਸਹਿਨਸ਼ਾਹ ਦੀ ਬਖ਼ਬਿਸ਼ ਸਦਕਾ ਈਮਾਨੀ ਦੌਲਤ ਜਿਸ ਤੇ ਹਜ਼ੂਰ ਦੇ ਦਰਬਾਰ ਦੀ ਮੋਹਰ ਵੀ ਲਗੀ ਹੋਵੇ ਉਸ ਨੂੰ ਪ੍ਰਾਪਤ ਹੈ ਜਦੋਂ ਤੱਕ ਉਸ ਨੂੰ ਫਾੜ ਨਾ ਦੇਵੇ ਤੇ ਮੈਲਾ ਕੁਚੈਲਾ ਨਾ ਕਰ ਦੇਵੇ। ਬਿਨਾਂ ਬਦਲਾਓ ਚਾਹੇ ਮਿੱਥੇ ਹੋਏ ਸਮੇਂ ਅਨੁਸਾਰ ਦਰਬਾਰ ਵਿੱਚ ਹਾਜ਼ਰੀ ਦੇਂਦਾ ਰਿਹਾ ਕਰੇ ਅਤੇ ਹਰੇਕ ਹਾਜ਼ਰੀ ਵਿਚ ਬੈਠਣ ਦੀ ਥਾਂ ਨੂੰ ਹਜ਼ੂਰ-ਏ-ਅਕਦਸ ਵਿਚ ਪੇਸ਼ ਕਰ ਲਿਆ ਕਰੇ ਇਸ ਦਾ ਚਿਰ ਜਾਣਾ ਈਮਾਨਾਂ ਦਾ ਇਨਕਾਰ ਹੈ ਅਤੇ ਮੈਲਾ ਕੁਚੈਲਾ ਹੋਣਾ ਮੁਸੱਲੀ ਦੀ ਸੁਸਤੀ ਤੇ ਬੇਪਰਵਾਹੀ ਹੈ। ਬਸ ਸਮਝ ਲਓ ਕਿ ਜਦੋਂ ਤਕ ਉਸ ਦੀ ਜ਼ਾਤ ਵਿਚ ਵਾਅਦਾ ਖ਼ਿਲਾਫ਼ੀ ਜ਼ਾਹਿਰ ਨਹੀਂ ਹੋਵੇਗੀ ਇਹ ਹਜ਼ੂਰ ਦੇ ਦਰਬਾਰ ਤੇ ਇਜ਼ਤ ਮਾਣ ਦੀ ਮਹਿਫ਼ਿਲ ਵਿਚ ਰੋਕਿਆ ਨਹੀਂ ਜਾਵੇਗਾ, ਬਿਨਾਂ ਸੱਕ ਬਿਨਾਂ ਖਟਕਾ ਹਾਜ਼ਿਰ ਹੋਇਆ ਕਰੇ। ਜ਼ਰਾ ਧਿਆਨ ਕਰ ਮੁਸੱਲੀ! ਕਿਤੇ ਹੈਰਾਨ ਕਰ ਦੇਣ ਵਾਲੀ ਬਦਮਸਤੀ ਦੀ ਹਾਲਤ ਵਿਚ ਤੇਰੀ ਪਵਿੱਤਰ ਪੋਸ਼ਾਕ ਦੇ ਟੁਕੜੇ ਤਾਂ ਨਹੀਂ ਹੋ ਗਏ, ਜੇਕਰ ਅਜਿਹਾ ਹੋਈਆ ਵੀ ਹੈ ਤਾਂ ਨਿਮਰਤਾ ਤੇ ਖ਼ਲੂਮ-ਏ -ਸਿਦਕ ਇਸ ਤਜਦੀਦ ਜਾਂ ਕਾਇਆ ਪਲਟ ਕਰਨ ਦਾ ਅਵਸਰ ਮਿਲਿਆ ਮਿਲਾਇਆ ਹੈ ਅਤੇ ਜੇਕਰ ਖ਼ੈਰ ਹੈ ਤਾਂ ਇਸ ਉੱਤੋਂ ਸੁਸਤੀ ਦੀ ਗਰਦ ਝਾੜ ਅਤੇ ਪੇਸ਼ ਕਰਦੇ ਕਿ ਤੂੰ ਫੇਰ ਵੀ ਉਸ ਦੀ ਰਹਿਮਤ ਦਾ ਉਮੀਦਵਾਰ ਹੈ। ਇਹੋ ਮਸਨਦ-ਏ-ਮੁਅਲਾ (ਵਿਸ਼ੇਸ਼ ਸਥਾਨ ਤੇਰੇ ਮਾਣ ਸਤਿਕਾਰ ਤੇ ਇਕਤਦਾਰ ਦਾ ਕਾਰਣ ਹੈ ਜਿਸ ਕਰਕੇ ਤੂੰ ਖ਼ਾਸ ਦਰਬਾਰੀਆਂ ਵਿਚੋਂ ਮੁਮਤਾਜ਼ ਹੋਇਆ ਅਤੇ ਇਸੇ ਪਵਿੱਤਰ ਲਿਬਾਸ ਦੇ ਵਸੀਲੇ ਰਾਹੀਂ ਤੂੰ ਇਸ ਸਬਕ ਦੇ ਮਰਹਲੇ ਤੈਅ ਕਰਨ ਯੋਗ ਹੋਇਆ ਅਤੇ ਸਾਲਿਹੀਨ ਦੇ ਹਮਨਸੀਨ ਹੋਣ ਦੇ ਰੁਤਬੇ ਤੱਕ ਪਹੁੰਚਿਆ ਅਤੇ ਹੁਣ ਸਮਾਂ ਅਤਿ ਸਾਜ਼ਗਾਹ ਹੈ ਕਿ ਤੈਨੂੰ ਉਸ ਰਿਜ਼ਵਾਨ ਦੀ ਮਿਹਰਬਾਨੀ ਨਾਲ ਹੋਰ ਸਨਮਾਨਿਆ ਜਾਵੇ ਦੇਖ ਇਹ ਉਹ ਮੁਕਾਮ ਆਇਆ ਹੈ ਜਿੱਥੇ ਤਕ ਪਹੁੰਚਨ ਲਈ ਤੂ ਇੱਨੀ ਮੁਸ਼ਕਤ ਤੇ ਉਪਰਾਲੇ ਕੀਤੇ ਭਾਵ ਸਾਰੀ ਨਮਾਜ਼ ਪੜ੍ਹਨ ਤੋਂ ਮੰਤਵ ਇਹੋ ਮੁਕਾਮ ਪ੍ਰਾਪਤ ਕਰਨਾ ਸੀ ਸਗੋਂ ਸਾਰਾ ਦੀਨ ਇਸ ਧੁਰੇ ਦੁਆਲੇ ਘੁੰਮਦਾ ਹੈ। ਅਵੱਲ ਇਸਲਾਮ ਅਤੇ ਅੰਤ ਅੰਤ ਮੁਹਾਮ (ਅਜ਼ੀਮ ਕੰਮ) ਇਸੇ ਮੁਕਾਮ ਦੇ ਸਬੂਤ ਦਾ ਨਾਂ ਹੈ ਅਤੇ ਮੁਸੱਲੀ ਆਪਣੀ ਸਰੀਆ ਤਾਰੀਫ਼ਾਂ ਹਜ਼ੂਰ ਸਾਹਮਣੇ ਪੇਸ਼ ਕਰਦਾ ਹੋਇਆ ਆਖਦਾ ਹੈ।

**ਅਸ਼ਹਾਦੂ ਅਲ੍ਹਾ ਇਲਾਹਾ ਇਲੱਲ੍ਹਾਹ ਵ ਅਸ਼ਹਾਦੂ ਅੱਨਾ ਮੁਹੰਮਦਨ੦** ਅਬਦੁਹੁ ਵ ਰਸੂਲਹ ਮੈਂ ਗਵਾਹੀ ਦਿੰਦਾ ਹਾਂ ਕਿ ਅਲੱਾਹ ਤਾਅਲਾ ਤੋਂ ਬਿਨਾਂ ਕੋਈ ਰੱਬ ਨਹੀਂ ਅਤੇ ਗਵਾਹੀ ਦਿੰਦਾ ਹਾਂ ਕਿ ਬੇਸ਼ੱਕ ਹਜ਼ਰਤ ਮੁਹੰਮਦ (ਸ.) ਉਸ ਦੇ ਬੰਦੇ ਅਤੇ ਰਸੂਲ ਹਨ। ਅਸਲ ਵਿਚ ਇਹ ਕਲਾਮ ਸੱਚ ਮੁੱਚ ਮੁਕੰਮਲ ਹੈ ਪਰੰਤੂ ਬੰਦੇ ਲਈ ਉਦੋਂ ਲਾਭਦਾਇਕ ਹੈ ਜਦੋਂ ਗਵਾਹੀ ਦੀਆਂ ਸਨਦਾਂ ਆਪਣੇ ਵੱਲ ਕਰੇ ਵਰਨਾ ਬਹੁਤ ਸਾਰੀਆਂ ਗਲ੍ਹਾਂ ਹੋਰਾ ਨਾਲ ਸਬੰਧਿਤ ਕਰਕੇ ਕਿਹਾ ਕਰਦਾ ਹੈ ਹਾਲਾਂਕਿ ਇਹਨਾਂ ਗੱਲਾਂ ਨੂੰ ਜ਼ਰੂਰੀ ਸਮਝਣਾ ਉਸ ਤੋਂ ਨਹੀਂ ਹੋਇਆ ਕਰਦਾ ਸੀ। ਬਸ ਜਿੰਨ੍ਹਾਂ ਕੋਈ ਬੰਦਾ ਡਟਿਆ ਰਹੇਗਾ, ਕਮਜ਼ੋਰੀ ਤੇ ਤਾਕਤ ਵਿਚ ਉਸ ਦਾ ਮਰਤਬਾ-ਏ-ਈਮਾਨ ਉਨ੍ਹਾਂ ਹੀ ਹੋਵੇਗਾ ਅਤੇ ਉਸ ਅਨੁਸਾਰ ਹੀ ਉਸ ਦੇ ਕਰਮਾ ਦਾ ਫਲ ਨਿਰਧਾਰਿਤ ਕੀਤਾ ਜਾਵੇਗਾ। ਉਂਜ ਈਮਾਨ ਵਿਚ ਘਾਟ-ਵਾਧ ਨਹੀਂ ਪਰ ਕਮਜ਼ੋਰੀ ਤੇ ਤਾਕਤ ਹੈ। ਜੇਕਰ ਬੰਦਾ ਅਜਿਹਾ ਕਹਿਣ ਵਿਚ ਝਿਜਕਦਾ ਹੈ ਤਾਂ ਉਸ ਨੂੰ ਕਿਹਾ ਜਾਵੇਗਾ ਕਿ ਇਹ ਕਲਮੇਂ ਸੱਚ ਹਨ ਪਰ ਤੂੰ ਝੂਠਾ ਹੈ ਅਤੇ ਮੁਨਾਫ਼ਿਕਾਂ ਦੇ ਹੱਕ ਵਿਚ ਅਜਿਹਾ ਹੀ ਕਿਹਾ ਜਾਂਦਾ ਹੈ। ਜਿਸ ਸਮੇਂ ਮੁਸੱਲੀ ਕਲਮਾ-ਏ-ਅਸ਼ਹਦ (ਗਵਾਹੀ ਦੇਣਾ) ਜ਼ਬਾਨ ਤੇ ਲਿਆਉਂਦਾ ਹਾਂ ਆਪਦੇ ਅੰਦਰ ਬਾਹਰ ਨੂੰ ਬੜੀ ਸਾਵਧਾਨੀ ਨਾਲ ਸੰਭਾਲਦਾ ਹੈ, ਬੇਖ਼ੌਫ਼ ਹੋ ਕਿ ਕਿਤੇ ਹੱਕ ਦੀ ਗਵਾਹੀ ਵਿਚ ਭਟਕ ਨਾ ਜਾਵੇ ਕਿਉਂਕਿ ਜਦੋਂ ਕਿਸੇ ਰੋਅਬ ਤੇ ਦਬਦਬੇ ਵਾਲੇ ਹਾਕਿਮ ਸਾਹਮਣੇ ਕੋਈ ਗਵਾਹੀ ਦਿੰਦਾ ਹੈ ਤਾਂ ਵੀ ਥਰ ਥਰ ਕੰਬਦੇ ਹੋਏ ਬੋਲਦੇ ਹਨ। ਉਨ੍ਹਾਂ ਦੀ ਗਵਾਹੀ ਰਤੀ ਵੀ ਭਰੋਸੇਯੋਗ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਹਾਲਤ ਤੋਂ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਬਿਆਨ ਕਿਸੇ ਰੋਗ ਜਾ ਖ਼ਰਾਬੀ ਤੋਂ ਖ਼ਾਲੀ ਨਹੀਂ। ਸੋ ਉਸ ਦੇ ਕੰਬਣ ਦੇ ਦੋ ਕਾਰਣ ਹੁੰਦੇ ਹਨ, ਇੱਕ ਤਾਂ ਇਹ ਕਿ ਆਪਣੇ ਨਿਮਾਣੇ ਪਨ ਨੂੰ ਕਿਸੇ ਉੱਚੇ ਰੁਤਬੇ ਵਾਲੇ ਦੇ ਸਾਹਮਣੇ ਵੇਖਦਾ ਹੈ ਅਤੇ ਦਰਬਾਰ ਦੀ ਠਾਠ-ਬਾਠ ਤੇ ਨਜ਼ਰ ਮਾਰਦਾ ਹੈ ਤਾਂ ਘਬਰਾ ਕੇ ਦੋਚਿੱਤਾ ਜਿਹਾ ਹੋ ਜਾਂਦਾ ਹੈ ਅਤੇ ਆਪਣੇ ਆਪ ਨੂੰ ਉਸ ਦੀ ਬਾਰਗਾਹ ਤੋਂ ਬੇਗਾਨਾ ਖ਼ਿਆਲ ਕਰਦਾ ਹੈ ਜਿਸ ਵਿਚੋਂ ਨਿਰਾਸ਼ਾ ਦੀ ਬੋ ਆਉਂਦੀ ਹੈ।

ਇਸ ਦਾ ਇਲਾਜ ਇਹ ਹੈ ਕਿ ਸ਼ਹਾਦਤ (ਗਵਾਹੀ) ਦੇਣ ਵਾਲੇ ਨੂੰ ਚਾਹੀਦਾ ਹੈ ਕਿ ਆਪਦੀ ਅਤੇ ਆਪਣੀ ਜ਼ਾਤ ਨਾਲ ਸਬੰਧਤ ਦੂਜੀਆਂ ਚੀਜ਼ਾਂ ਤੋਂ ਕਿ ਉਸ ਵਿਚ ਭਾਰੀ ਇਲਮੀ ਵਿਆਖਿਆਵਾ ਹਨ ਅਤੇ ਹੱਕ ਦੇ ਪਿੱਤੇ ਹਨ ਕਿ ਅੱਖਾਂ ਟੁੱਟ ਕੇ ਸਤਿਕਾਰ ਵੱਜੋ ਉਸ ਹਾਕਮਾਂ ਦੇ ਹਾਕਮ ਦੀ ਅਜ਼ਮਤ ਨੂੰ ਸਲਾਮ ਕਰਨ ਅਤੇ ਬੇਗਾਨੇਪਣ ਨੂੰ ਜੜ ਤੋਂ ਉਖਾੜੇ ਅਤੇ ਸੱਚੀ ਗਵਾਹੀ ਤੋਂ ਸ਼ਰਮ ਨਾ ਕਰੇ ਅਤੇ ਦੂਜਾ ਕਾਰਣ ਉਸ ਦੇ ਕੰਬਣ ਦਾ ਇਹ ਹੈ ਕਿ ਜਿਸ ਗਲ ਦੀ ਗਵਾਹੀ ਦਿਦਾ ਹੈ ਉਸ ਵਿਚ ਉਸ ਦਾ ਆਪਣਾ ਯਕੀਨ ਕਮਾਲ ਤੱਕ ਨਹੀਂ ਪਹੁੰਚਿਆ ਭਾਵ ਉਸ ਨੂੰ ਖ਼ੁਦ ਹੀ ਪੂਰਨ ਵਿਸ਼ਵਾਸ਼ ਨਹੀਂ ਹੈ ਅਤੇ ਇਸ ਦੀ ਜਾਂਚ ਕਰਨ ਤੋਂ ਵੀ ਅਸਮਰਥ ਹੁੰਦਾ ਹੈ ਕੇਵਲ ਸੁਣੀ ਸੁਣਾਈ ਗੱਲ ਦੀ ਗਵਾਹੀ ਦਿੰਦਾ ਹੈ। ਇਸ ਲਈ ਡਰਦਾ ਹੈ ਕਿ ਜੇਕਰ ਮੇਰੇ ਕੋਲੋਂ ਇਸ ਮਸਲੇ ਸੰਬੰਧੀ ਖ਼ਾਸ

ਨੁਕਤਿਆ ਤੇ ਸਵਾਲ ਪੁੱਛੇ ਗਏ ਤਾਂ ਮੈਂ ਸਹੀ ਉੱਤਰ ਨਹੀਂ ਦੇ ਪਾਵਾਂਗਾ। ਉਂਜ ਮੈਂ ਸੂਫ਼ੀਆਂ ਦੀਆਂ ਮਹਿਫ਼ਲਾਂ ਦੀਆਂ ਗੱਲਾਂ ਗੰਜ਼ਲਾਂ ਜਾਂ ਰੁਤਬਿਆਂ ਅਨੁਸਾਰ ਬਿਆਨ ਕਰਨ ਲੱਗਿਆ ਹਾਂ। ਉਸ ਸਮੇਂ ਮੇਰੀ ਪੋਲ ਖੁਲ ਜਾਵੇਗੀ। ਸੋ ਇਸ ਦਾ ਇਲਾਜ ਇਹ ਹੈ ਕਿ ਉਸ ਦੇ ਦਰਬਾਰ ਜਾ ਹੁਜ਼ੂਰ ਤੋਂ ਪਹਿਲਾਂ ਆਪਣੇ ਵੱਲੋਂ ਪੇਸ਼ ਕੀਤੇ ਗਏ ਦਾਅਵੇ ਦੀ ਹਕੀਕਤ ਦਾ ਪੂਰਨ ਵਿਸ਼ਵਾਸ ਕਰ ਚੁੱਕਿਆ ਹੋਵੇ ਅਤੇ ਪੂਰਨ ਵਿਸ਼ਵਾਸ ਨਾਲ ਜਾਣ ਚੁੱਕਿਆ ਹੋਵੇ ਕਿ ਇਹ ਕੰਮ ਜਿਸ ਤੇ ਗਵਾਹੀ ਮੌਜੂਦ ਹੈ, ਮੇਰੇ ਪੂਰਨ ਵਿਸ਼ਵਾਸ ਅਤੇ ਦਲੀਲ ਤੇ ਸਾਫ਼ ਤੌਰ ਤੋ ਮਹੱਤਤਾ ਰੱਖਦਾ ਹੈ ਅਤੇ ਇਸ ਵਿਚ ਯਕੀਨ ਦਾ ਰੁਤਬਾ, ਇਲਮ ਤੇ ਜ਼ਾਹਰ (ਐਨ) ਦੋਹਾਂ ਦੇ ਦਰਜੇ ਤੋਂ ਵੱਧ ਗਿਆ ਹੈ ਕਿਉਂਕਿ ਸੱਚੇ ਪੈਗੰਬਰ ਤੇ ਰਸੂਲ ਹਜ਼ਰਤ ਮੁਹੰਮਦ (ਸ.) ਵਲੋਂ ਲਗਾਤਾਰ ਇਸ ਗੱਲ ਦੀ ਦਲੀਲ ਪੂਰਨ ਪੁਸ਼ਟੀ ਮੈਨੂੰ ਪ੍ਰਾਪਤ ਹੋਈ ਹੈ ਜਿਸ ਤੇ ਕਿਸੇ ਵੀ ਤਰ੍ਹਾਂ ਸ਼ੱਕ ਸਕੂਕ ਨਹੀਂ ਕੀਤਾ ਜਾ ਸਕਦਾ। ਮੇਰੇ ਸੋਚਣ ਸਮਝਣ ਵਿਚ ਤਾਂ ਫ਼ਰਕ ਹੋ ਸਕਦਾ ਹੈ ਪਰ ਨਬੀ (ਸ.) ਦੀ ਸਦਾਕਤ ਜਾ ਸੱਚਾਈ ਵਿਚ ਜੱਗ ਬਰਾਬਰ ਵੀ ਵਿਘਨ ਨਹੀਂ ਹੋ ਸਕਦਾ। ਉਂਜ ਵਿਆਖਿਆ ਪੂਰਵਕ ਦਲੀਲਾਂ ਵਾਲੀ ਗੱਲ ਨਾਲੋਂ ਬਿਨਾਂ ਬਹਿਸ ਕਰੇ ਮੰਨਣ ਦਾ ਰੁਤਬਾ ਹੀ ਕਮਾਲ ਦਰਜੇ ਤੱਕ ਪਹੁੰਚਦਾ ਹੈ। ਇੱਥੋਂ ਤੱਕ ਕਿ ਅਕਲ ਵਾਲੀ ਵਿਦਿਆ ਦੀ ਪੈਰਵੀ ਘੋਖ ਕਰਨ ਵਾਲੀਆ ਸ਼ਕਤੀਆਂ ਵੀ ਇਸ ਗੱਲ ਵਿਚ ਬਾਦਲੀਲ ਸਹਿਮਤ ਹਨ ਇਸ ਲਈ ਗਵਾਹੀ ਦਾ ਬਿਨਾ ਤਰਦੁਦ ਅਦਾ ਕਰਨਾ ਮੇਰੇ ਤੇ ਫ਼ਰਜ਼ ਹੈ ਇਹ ਗਵਾਹੀ ਸੁਣੀਆ ਸੁਣਾਈਆਂ ਅਫ਼ਵਾਹਾਂ ਤੇ ਹੀ ਨਿਰਭਰ ਨਹੀਂ ਕਰਦੀ ਸਗੋਂ ਇਹ ਸੁਣੀਆਂ ਸੁਣਾਈਆਂ ਗੱਲ੍ਹਾਂ ਹਕੀਕਤ ਦੀ ਰੌਸ਼ਨੀ ਦੀਆਂ ਕਿਰਨਾਂ ਵਿਚ ਇਕ ਕਿਰਨ ਹੈ ਬਸ ਇਹੋ ਕਿਸੇ ਚੀਜ਼ ਨੂੰ ਆਪਦੇ ਰੂਬਰੂ ਜਾ ਸਨਮੁਖ ਵੇਖਣ ਨਾਲੋ ਬੇਹਤਰ ਹੈ ਅਤੇ ਇਸ ਦੀਆਂ ਸਭ ਆਦਤਾਂ ਬਹੁਤ ਹੀ ਵਧੀਆ ਤੇ ਅਸਲ ਸ਼ਹਾਦਤ ਵਿਚ ਇੰਦਰਾਜ ਰੱਖਦੀਆਂ ਹਨ। ਦੂਜੇ ਇਸ ਦੀ ਵਿਆਖਿਆ ਦਾ ਗਿਆਨ ਮੈਨੂੰ ਉਪਰੋਕਤ ਢੰਗ ਅਨੁਸਾਰ ਹੋ ਚੁੱਕਿਆ ਹੈ। ਸੋ ਜਦੋਂ ਮੁਸੱਲੀ ਪੂਰੇ ਯਕੀਨ ਤੇ ਠਰਮੇ ਨਾਲ ਕਲਮਾ ਅਸ਼ਹਾਦੂ ਕਹਿ ਚੁੱਕਿਆ ਤਾਂ ਸ਼ਬਦ "ਐਨ" ਤੋਂ ਬਾਅਦ ਗਵਾਹੀ ਦਾ ਬਿਆਨ ਕਰਦਾ ਹੈ ਉਹ ਕਹਿੰਦਾ ਹੈ **ਲਾਇਲਾਹਾ ਇਲੱਲਾ ਸ਼ਬਹਾਨੱਲ੍ਹਾਹਿ ਵਾਬਿਹਮਦਿਹਿo** ਇਸ ਕਲਮਾ-ਏ -ਤੱਯੀਬਾ ਵਿੰਚ ਤਜੱਲੀ, ਜਲਾਲ ਤੇ ਜਮਾਲ-ਏ-ਵਾਹਦਿਅਤ ਕਿਸ ਅਜਮਤ ਦੀ ਵਿਆਖਿਆ ਨਾਲ ਰੌਸ਼ਨ ਹੈ। ਨਫ਼ੀ ਕਰਨ ਤੋਂ ਭਾਵ ਸਿਰਫ਼ ਇਹ ਹੈ ਕਿ ਪਰਵਰਦਿਗਾਰੀ ਲਈ ਕੇਵਲ ਤੇ ਕੇਵਲ ਰੱਬ ਦੀ ਜਾਤ ਹੀ ਮਖ਼ਸੂਸ ਰੱਖੇ ਅਤੇ ਬੰਨੀ ਹੋ ਕਿਸਮਤ ਜਾਂ ਤਕਦੀਰ ਵਿਚ ਆਮ ਗੱਲਾਂ ਵਿਚ ਕਿਸੇ ਇਕ ਨੂੰ ਚੁਨਣਾ ਕਿ ਅਵਾਮ ਦੀ ਸਮਝ ਬੂਝ ਲਈ ਚੁੰਨਣ ਦੀ ਦਲੀਲ ਹੀ ਠੀਕ ਹੈ। ਮੁਸੱਲੀ ਹਕੀਕਤ ਦੇ ਸਮੁੰਦਰ ਨੂੰ ਜਾਨਣ ਤੇ ਹੀ ਬੱਸ ਨਾ ਕਰੇ ਸਗੋਂ ਉਸ ਲਈ ਇਹੋ ਠੀਕ ਹੈ ਕਿ ਬਾ ਹੁਕਮ:

**ਕੁੱਲੂ ਸ਼ੈਇਨ ਹਾਲਿਕੂਨ ਇੱਲ੍ਹਾ ਵਜਹਾਹੁ (ਅਲਕਸਸ : 88)**
**ਅੱਲ੍ਹਾਹੁੱਮਾ ਸੱਲਿ ਅਲਾ ਮੁਹੰਮਦਿਯ ਵਅਲਾ ਆਲਿ ਮੁਹੰਮਦ**

ਐ ਰੱਬ! ਸਲਾੱਤ ਭਾਵ ਦਰੂਦ ਤੇ ਵਿਸ਼ੇਸ ਰਹਿਮਤ ਭੇਜ ਹਜ਼ਰਤ ਮੁਹੰਮਦ (ਸ.) ਉੱਤੇ ਉਨਾ ਦੀ ਜ਼ਾਤ-ਏ-ਮੁਕਦਮ ਦੇ ਸ਼ਾਨ-ਏ-ਸ਼ਾਨ ਅਤੇ ਉਨ੍ਹਾਂ ਦੀ ਆਲ ਔਲਾਦ ਤੇ ਭੀ ਉਨ੍ਹਾਂ ਦੇ ਰੁਤਬੇ ਅਨੁਸਾਰ **ਕਮਾ ਸੱਲੈਤਾ ਅਲਾ ਇਬਰਾਹੀਮਾ ਵ ਅਲਾ ਆਲ-ਏਇਬਰਾਹੀਮਾਂ** ਜਿਸ ਤਰ੍ਹਾਂ ਤੂੰ ਸਲਾਤ ਭੇਜੀ ਹਜ਼ਰਤ ਇਬਰਾਹੀਮ (ਅਲਿਹਮਲਾਮ) ਉੱਤੇ ਉਨ੍ਹਾਂ ਦੇ ਰੁਤਬਾ-ਏ-ਖਲੀਲਿਆ ਅਨੁਸਾਰ ਅਤੇ ਉਨ੍ਹਾਂ ਸੰਤਾਨ ਉੱਤੇ ਉਨ੍ਹਾਂ ਦੇ ਰੁਤਬੇ ਤੇ ਕਾਬਲੀਅਤ ਅਨੁਸਾਰ।

**ਇੰਨਾਕਾ ਹਮੀਦੁਮ-ਮਜੀਦ੦**

ਬੇਸ਼ਕ ਤੂੰ ਹੀ ਹੈ ਸਭ ਤੋਂ ਵੱਧ ਸ਼ਲਾਘਾਯੋਗ ਤੇ ਬਜ਼ੁਰਗ-ਓ-ਬਰਤਰ, ਜਦੋਂ ਕਿ ਕੁਝ ਬਾਹਰਪੱਖੀ ਨਜ਼ਰ ਰੱਖਣ ਵਾਲਿਆਂ ਨੂੰ ਇਸ ਤਸ਼ਬੀਹ (ਰੂਪਕ, ਅਾਲੰਕਾਰ) ਤੇ ਸ਼ੱਕ ਹੁੰਦਾ ਹੈ। ਰੂਪਕ ਅਤੇ ਜਿਸ ਨਾਲ ਅੰਕਾਰਿਤ ਨੂੰ ਰੱਬ ਦੇ ਫ਼ਜ਼ਲ ਨਾਲ ਲਿਖਤ ਵਿਚ ਇੰਨ-ਬਿੰਨ ਪਾਉਂਦੇ ਹਨ। ਅਨੁਵਾਦ ਵਿਚ ਉਹ ਗੱਲ ਨਹੀ, ਜੇਕਰ ਕੋਈ ਕਹੇ ਕਿ ਰਸਾਲੇ ਦੇ ਲਿਖਣ ਵਾਲੇ ਨੇ ਲਿਖਤ ਵਿਚ ਅਰਥਾਂ ਦਾ ਅਧਾਰ ਆਪ ਦੀ ਰਾਏ ਤੇ ਰੱਖਿਆ ਹੈ ਬਿਨਾਂ ਦਲੀਲ ਭਰੋਸੇਯੋਗ ਨਹੀਂ ਤਾਂ ਉਸਨੂੰ ਕਿਹਾ ਜਾਂਦਾ ਹੈ ਕਿ ਇਸ ਦਾ ਤਰਕ ਰੱਬ ਦੀ ਕਿਤਾਬ ਭਾਵ ਕੁਰਆਨ ਮਜੀਦ ਵਿਚ ਉਪਲਬਧ ਹੈ ਰੱਬ ਦਾ ਇਰਯਾਦ ਹੈ ਕਿ ਅਹਸਿਨ ਕਮਾ ਅਹਸਨੱਲ੍ਹਾ ਇਲੈਕਾ ਇੱਥੇ ਬੰਦੇ ਦਾ ਅਹਿਸਾਨ ਬਕਦਰ-ਏ-ਇਮਕਾਨ ਅਬਦ ਮੁਰਾਦ ਹੈ ਅਤੇ ਰੱਬ ਦਾ ਅਹਿਸਾਨ ਬਾਰਗਾਏ ਏ ਮੁਕੱਦਮ ਅਨੁਸਾਰ ਆਮ ਤੌਰ ਤੇ ਸਾਰੇ ਪੈਰੋਕਾਰਾ ਲਈ ਹੁਕਮ ਹੈ। ਮਨ ਸਲਾਕਾ ਤਰੀਕੀ ਫਾਹੁਵਾ ਅਲ੍ਹਾ ( ) ਹਜ਼ਰਤ ਮੁਹੰਮਦ (ਸ.) ਦੀ ਔਲਾਦ ਵਿਚ ਸ਼ਾਮਿਲ ਹੈ। ਵਿਸ਼ੇਸ਼ ਤੌਰ ਤੇ ਅਹਿਲ-ਏ ਬੈਤ ਤੋਂ ਲੈ ਕੇ ਹਜ਼ਰਤ ਫ਼ਾਤਿਮਾ ਜ਼ੇਹਰਾ ਦੇ ਆਖਰੀ ਸਿਲਸਲੇ ਤਕ ਫਿਰ ਮੁਸਲੀ ਕਹਿੰਦਾ ਹੈ।

**ਅੱਲਾ ਹੁਮਾਬਾਰਿਕ ਅਲਾ ਮੁਹੰਮਦਿਊ ਵਅਲਾ ਆਲਿ ਮੁਹੰਮਦਿਨ ਕਮਾ ਬਾਰਕਤਾ ਅਲਾ ਇਬਰਾਹੀਮਾ ਵ ਅਲਾ ਅਲਿ ਇਬਰਾਹੀਮਾ ਇੱਨਾ ਕਾ ਹਮੀਦੁਮ ਮਜੀਦ**

ਐ ਰੱਬ, ਬਰਕਤ ਬਖ਼ਸ਼, ਹਜ਼ਰਤ ਮੁਹੰਮਦ (ਸ) ਅਤੇ ਉਨ੍ਹਾਂ ਦੀ ਸੰਤਾਨ ਤੇ ਜਿਵੇਂ ਕਿ ਤੂੰ ਬਖ਼ਸ਼ਿਸ ਫ਼ਰਮਾਈ ਸੀ ਹਜ਼ਰਤ ਇਬਰਾਹੀਮ (ਅਲਿ.) ਅਤੇ ਉਨ੍ਹਾਂ ਦੀ ਆਲ ਔਲਾਦ ਤੇ, ਤੂੰ ਹੀ ਹੈ ਸਭ ਤੋਂ ਪਸੰਦੀਦਾ ਬਜ਼ਰਗ-ਓ-ਬਰਤਰ। ਜਦੋਂ ਨਬੀਆਂ ਦੇ ਦਰੂਦ ਤੋਂ ਫ਼ਾਰਿਗ ਹੋਵੇ ਤਾਂ ਹੁੱਣ ਵਿਦਾਈ ਵੇਲੇ ਦੁਆ ਦੇ ਕਬੂਲ ਹੋਣ ਦਾ ਉਮੀਦਵਾਰ ਬਣ ਕੇ ਕੁਝ ਅਰਦਾਸ ਕਰਦਾ ਹੈ ਜਿਸ ਵਿਚ ਉਸ ਦੀ ਭਲਾਈ ਤੇ ਨਜਾਤ ਹੈ। ਉਦਾਹਰਣ ਵੱਜੋਂ ਇਹ ਸਵਾਲ ਕਰਦਾ ਹੈ:

**ਰੱਬਾ ਨ.ਗਫ਼ਿਰਲੀ ਵਾਲਿ ਵਾਲਿ ਦਈਂ ਵਲਿਲ ਮਉਮੀਨੀ ਨਾ ਯੋਮਾ ਯਕੋਮੁਲ ਹਿਸਾਬ**

ਐਂ ਸਾਡੇ ਪਰਵਰਦਿਗਾਰ ਮੈਨੂੰ ਬਖ਼ਸ਼ ਦੇ ਅਤੇ ਮੇਰੇ ਮਾਤਾ ਪਿਤਾ ਨੂੰ ਅਤੇ ਸਾਰੇ ਈਮਾਨ ਵਾਲਿਆਂ ਨੂੰ, ਕਿਆਮਤ ਦੇ ਦਿਹਾੜੇ। ਜਦੋਂ ਨਮਾਜ਼ੀ ਇਸ ਜਾਂ ਇਸ ਤਰ੍ਹਾਂ ਦੀਆਂ ਦੂਜੀਆਂ ਦੁਆਵਾਂ ਤੋਂ ਮੁਸਤਫ਼ੀਦ ਹੋ ਚੁੱਕਦਾ ਹੈ ਤਾਂ ਉਸ ਦੇ

ਮਹਾਨ ਦਰਬਾਰ ਤੋਂ ਰੁਖ਼ਸਤ ਹੁੰਦਾ ਹੈ, ਸੱਜੇ ਪਾਸੇ ਵੱਲ ਮੂੰਹ ਫੇਰਦਾ ਹੈ ਤਾਂ ਉੱਪਰ ਦੇ ਫ਼ਰਿਸ਼ਤਿਆਂ ਤੇ ਜਮਾਤ ਵਾਲਿਆਂ ਨੂੰ ਸਲਾਮ ਕਰਦਾ ਹੈ:

**ਅਸੱਲਾਮ ਅਲੈਕੁਮ ਵ ਰਹਿਮਤ ਉੱਲਾਹ**

ਸਲਾਮ ਹੈ ਤੁਹਾਡੇ ਤੇ ਅਤੇ ਰੱਬ ਦੀ ਰਹਿਮਤ, ਮਨੋਂ ਭਾਵੇਂ ਇਸ ਤੋਂ ਪਹਿਲਾਂ ਉਹ ਇੰਨ੍ਹਾਂ ਤੋਂ ਗਾਇਬ ਸੀ, ਪਰੇ ਸੀ ਅਤੇ ਹੁਣ ਸਾਹਮਣੇ ਆਇਆ ਹੈ ਤੇ ਮੁਲਾਕਾਤ ਦਾ ਸਲਾਮ-ਏ-ਮਾਅਰੂਫ਼ ਪੇਸ਼ ਕਰਦਾ ਹੈ। ਇਸੇ ਤਰਾਂ ਫੇਰ ਖੱਬੇ ਪਾਸੇ ਵੱਲ ਧਿਆਨ ਕਰਦਾ ਹੈ ਅਤੇ ਉੱਧਰ ਦੇ ਸਾਥੀਆਂ ਨੂੰ ਸਲਾਮ ਕਰਦਾ ਹੈ

**ਅਸੱਲਾਮੁ ਅਲੈਕੁਮ ਵਰਹਿਮਤ ਉੱਲਾਹ**

ਇੰਜ ਰੱਬ ਦੀ ਸਹਾਇਤਾ ਤੇ ਬਖ਼ਸ਼ਿਸ ਸਦਕਾ ਨਮਾਜ਼ ਤੋਂ ਫਾਰਿਗ ਹੁੰਦਾ ਹੈ। ਇੱਥੇ ਇਹ ਗੱਲ ਸਮਝਣ ਯੋਗ ਹੈ ਕਿ ਤਕਰਾਰ-ਏ-ਅਰਕਾਨ ਤੇ ਅਜ਼ਕਾਰ-ਏ ਸਲਾਤ ਵਿਚ ਹਿਕਮਤ (ਦੂਰਦ੍ਰਿਸ਼ਟੀ) ਇਹ ਹੈ ਕਿ ਦੀਨ ਦੇ ਜਿਕਰ ਤੇ ਸਲਾਤ ਦਾ ਸਹੀ ਮੁਹਾਵਰਾ ਨਮਾਜ਼ੀ ਦੀ ਆਦਤ ਵਿਚ ਪ੍ਰਵੇਸ਼ ਕਰ ਜਾਵੇ ਇਸ ਨਾਲ ਈਮਾਨ ਮਜ਼ਬੂਤ ਹੁੰਦਾ ਹੈ ਤੇ ਫੇਰ ਉਮਰ ਭਰ ਭਾਵ ਅਖੀਰਲੇ ਸਾਹ ਤੱਕ ਇਸ ਦਾ ਪਾਬੰਦ ਰਹਿੰਦਾ ਹੈ ਅਤੇ ਇਸ ਦਾ ਮੁੱਖ ਮੰਤਵ ਵੀ ਇਹੋ ਹੈ ਅਤੇ ਇਹ ਵੀ ਸੱਚ ਹੈ ਕਿ ਮਹਿਬੂਬ ਦੇ ਵਾਰੀ ਵਾਰੀ ਦਰਸ਼ਨ ਕਰਨ ਨਾਲ ਜੀਅ ਨਹੀਂ ਭਰ ਸਕਦਾ ਸਗੋਂ ਇਕ ਵਾਰ ਜਿਸ ਬੇਹਤਰੀਨ ਲਿਬਾਸ ਵਿੱਚ ਵੇਖਿਆ, ਮੁੜ ਉਸੇ ਜਲਵੇ ਨੂੰ ਵੇਖਣ ਦਾ ਚਾਹਵਾਨ ਰਹਿੰਦਾ ਹੈ। ਉਸ ਦਾ ਦਿਲ ਖ਼ਾਮਖ਼ਾਹ ਉੱਧਰ ਨੂੰ ਹੀ ਖਿੱਚਦਾ ਹੈ। ਇਸੇ ਕਰਕੇ ਪਹਿਲੀ ਬਖਸ਼ਿਸ਼ ਸਦਕਾ ਉਸ ਉੱਤੇ ਦੁਬਾਰਾ ਨਜ਼ਾਰਾ ਵੇਖਣਾ ਲਾਜ਼ਮ ਹੋਇਆ ਅਤੇ ਕਾਰਣ ਇਹ ਕਿ ਨਮਾਜ਼ ਦੇ ਰੁਕਨਾਂ ਅਤੇ ਜ਼ਿਕਰ ਦੁਆ ਵਿਚ ਇਲਮ ਤੇ ਅਕਲ ਵਾਲੇ ਬਜ਼ੁਰਗਾਂ ਦਾ ਇੰਦਰਾਜ ਬਨਰਜ਼-ਏ-ਕਮਾਲ ਹੈ ਹਰ ਤਕਰਾਰ ਵਿਚ ਉਨ੍ਹਾਂ ਨੂੰ ਜ਼ਿਕਰ ਤੇ ਅਮਾਨ ਤੋਂ ਨਵੇ ਜਲਵੇ ਭਾਵ ਨਵੀਆਂ ਹਕੀਕਤਾਂ ਦੇ ਭੇਦ ਖੁਲਦੇ ਨਜ਼ਰ ਆਉਂਦੇ ਹਨ ਅਤੇ ਹਰ ਤਕਰਾਰ ਵਿਚ ਸਾਲਿਕ ਆਪਣੇ ਪਹਿਲੇ ਮਰਤਬੇ ਜਾਂ ਰੁਤਬੇ ਤੋਂ ਤਰੱਕੀ ਕਰ ਜਾਂਦਾ ਹੈ ਇੱਥੋਂ ਤੱਕ ਇਨਸਾਨੀ ਰੁਤਬਿਆਂ ਦਾ ਸਿਖਰ ਤੇ ਪਹੁੰਚ ਜਾਂਦਾ ਹੈ। ਇਨਸਾਨੀ ਕਮਾਲ ਦਾ ਕੋਈ ਦਰਜਾ ਅਜਿਹਾ ਨਹੀਂ ਕਿ ਨਮਾਜ਼ ਵਿਚ ਉਸ ਦੀ ਗੁੰਜਾਇਸ਼ ਨਾ ਹੋਵੇ ਸਗੋਂ ਹਰ ਦਰਜਾ ਦੇਖਣ ਵਾਲੇ ਦੀ ਨਿਮਰਤਾ, ਇੰਨਸਾਰੀ ਲਾ ਅਰਸਾ ਸਨ। ਅਲੈਕਾ ਦਾ ਇਕਰਾਰ ਕਰਦਾ ਹੈ ਕਿਉਂਕਿ ਨਮਾਜ਼ ਦੇ ਵੱਖ-ਵੱਖ ਦਰਜਿਆਂ ਦਾ ਰੌਸ਼ਨ ਕਰਨ ਵਾਲਾ ਤੇ ਪਹਿਲਾ ਸੋਮਾਂ ਜਾਂ ਥਾਂ ਅਹਿਮਦੀਅਤ ਹੈ ਅਤੇ ਖ਼ੁਦ ਉਹ ਉੱਚੇ ਦਰਜਾ ਤੇ ਸਥਾ ਨਿਮਰਤਾ ਹੀ ਹੈ ਤਾਂ ਕਿਸੇ ਗੈਰ ਦੀ ਦਸਤਗਾਰਨੂੰ ਬਰਤਰੀ ਤੇ ਬੁਲੰਦੀ ਕਿੱਥੇ? ਬੇਬਕ ਹਰ ਤਰ੍ਹਾਂ ਦੀ ਕਾਬਲੀਅਤ, ਕਾਬਲੀਅਤ-ਏ-ਅਹਿਮ ਦੀਆਂ ਕਾਰਨ ਅਤੇ ਉਸੇ ਅਸਲ ਦਾ ਪਰਛਾਵਾਂ ਤੇ ਨਕਲ ਹੁੰਦਾ ਹੈ। ਫਿਰ ਨਮਾਜ਼ੀ ਰੱਬ ਦੀਆਂ ਬਖ਼ਸ਼ਿਸਾਂ ਨੂੰ ਸਵੀਕਾਰ ਕਰਦੇ ਹੋਏ ਉਸਦੇ ਹਜ਼ੂਰ ਧੰਨਵਾਦ ਹੈ ਅਤੇ ਨਮਾਜ਼ ਅਦਾ ਕਰਨ ਵੇਲੇ ਹੋਈਆਂ ਗਲਤੀਆਂ ਅਸ਼ੁੱਧੀਆਂ ਤੇ ਉਕਾਈਆਂ ਲਈ ਮਾਫ਼ੀ ਮੰਗਦਾ ਹੈ ਅਤੇ ਇਹ ਨਮਾਜ਼ ਦੇ ਵਾਪਸ ਪਰਤਾਉਣ ਤੇ ਨਾ ਕਬੂਲਿਆ ਜਾ ਅਸਵਿਕਾਰਤਾ ਲਈ

ਆਪਣੇ ਮਾਲਿਕ ਦੀ ਪਨਾਹ ਲੈਂਦਾ ਹੈ ਅਤੇ ਹੱਥ ਚੁੱਕ ਜਾਂ ਅੱਡ ਕੇ ਅਰਦਾਸ ਕਰਦਾ ਹੈ।

**ਅਲਹਮਦ ਲਿੱਲਾਹਿ ਅਲੱਤੋ-ਏ-ਫ਼ੀਕੀ ਵਅਸਤ.ਗ਼ਫ਼ਿਰੁਲੂਹਾ ਮਿਨੱਤਕਸੀਰਿਵਾ ਆਉਜ਼ਬਿਲੱਹਿ ਮਿਨਰੱਦਿ○**

ਫੇਰ ਪ੍ਰਸਿੱਧ ਮਸਨੂਨ ਦੁਆ ਪੜਦਾ ਹੈ

**ਅੱਲਾਹੁੱਮਾ ਅਨਤੱਸਲਾਮੁ ਵਮਿਨ ਕੱਸਲਾਮੁ ਵ ਇਲੈਕਾ ਯਰਜਿਉਸਲਾਮੁ ਹੱਯਨਾ ਰੱਬਾਨਾ ਬਿੱਸਲਾਮਿ ਵਅਦਖਿਲ ਨਾ ਦਰਸਲੱਾਮਿ ਤਬਾਰਕਤਾ ਰੱਬਾਨਾ ਵ ਤਆਲੈਤਾ ਯਾ ਜ਼ਲਜਲਾਲਿ ਵਲ ਇਕਰਾਮ○**

ਐ ਅੱਲਾਹ ਤੂੰ ਹੀ ਹੈ ਸਲਾਮ ਅਤੇ ਤੇਰੇ ਨਾਲ ਹੀ ਹੈ ਸਲਾਮਤੀ ਅਤੇ ਤੇਰੇ ਵੱਲ ਧਿਆਨ ਕਰਨਾ ਜਾ ਸੰਪਰਕ ਬਣਾਉਣਾ ਹੀ ਸਲਾਮਤੀ ਹੈ। ਐ ਸਾਡੇ ਪਰਵਰਦਿਗਾਰ ਸਾਨੂੰ ਸਲਾਮਤੀ ਨਾਲ ਜਿਉਂਦਾ ਰੱਖ ਅਤੇ ਜੰਨਤ ਵਿਚ ਦਾਖ਼ਲ ਕਰ, ਤੂੰ ਬਰਕਤ ਵਾਲਾ ਤੇ ਉੱਚੇ ਰੁਤਬੇ ਵਾਲਾ ਹੈ ਐ ਜਲਾਲ ਤੇ ਇੱਜਤ ਵਾਲੇ। ਇਸ ਤੋਂ ਬਾਅਦ ਸ਼ਰੀਅਤ ਅਨੁਸਾਰ ਦੱਸੀਆਂ ਗਈਆਂ ਦੁਆਵਾਂ ਆਪਣੀ ਹਿੰਮਤ ਅਨੁਸਾਰ ਪੜਦਾ ਹੈ ਅਤੇ ਜਿਸ ਚੀਜ਼ ਨੂੰ ਰੱਬ ਦੀ ਇਬਾਦਤ ਸਮਝ ਕੇ ਪੜ੍ਹਦਾ ਜਾਂ ਕਰਦਾ ਹੈ, ਉਸ ਦੇ ਅਰਥਾਂ ਨੂੰ ਦਿਲ ਵਿਚ ਯਾਦ ਕਰਦਾ ਹੈ ਜਾਂ ਰਖਦਾ ਹੈ ਅਤੇ ਪੂਰੀ ਸੱਚਾਈ ਤੇ ਭਰੋਸੇ ਨਾਲ ਉਸ ਨੂੰ ਹੱਥੋਂ ਨਹੀਂ ਜਾਣ ਦਿੰਦਾ ਕਿਉਂਕਿ ਜੇਕਰ ਇਬਾਦਤ ਦੀ ਇਬਾਰਤ ਤੇ ਉਸ ਦਾ ਯਕੀਨ ਨਹੀਂ ਹੋਵੇਗਾ ਤਾਂ ਉਸ ਦੀ ਇਬਾਦਤ ਉਸ ਲਈ ਵਬਾਲ (ਮੁਸੀਬਤ) ਹੈ।

**ਫ਼ਮਨ ਅਜ਼ਲਾਮੁਮਿਮਨ ਕਜ਼ਬਾ ਅਲਿਲਾਹਿਵ ਕੱਜ਼ਾਵਾ ਬਿਸਿਦਕ○**

(ਅਲਜ਼ਮਰ : 32)

ਨਮਾਜ਼ੀ ਜਦੋਂ ਵਿਤਰ ਦੀ ਨਮਾਜ਼ ਪੜਦਾ ਹੈ ਤਾਂ ਕਿਰਤ ਕਰਨ ਤੋਂ ਬਾਅਦ ਤੀਜੀ ਰਕਾਅਤ ਵਿਚ ਦੁਆਏ ਕਨੂਤ ਪੜਦਾ ਹੈ ਜਿਸ ਦੇ ਸ਼ਬਦ ਇਹ ਹਨ:

**ਅਲੱ ਹੁੱਮਾ ਇੱਨਾ ਨਸ ਤਾਈਨੁਕਾ ਵਨਸਤ.ਗ਼ਫ਼ਿਰਕਾ ਵ ਨੂੰ ਅਮਿਨੁ ਬਿਕਾ ਵਨਾਤਵੱਕਾਲੁ ਅਲੈਕਾ ਵ ਨੁਸਿਨੀ ਅਲੈਕਾਲ ਖ਼ੈਰਾ ਵ ਨਸ਼ਕੁਰੁਕ ਵਲਾ ਨਕਫ਼ੁਰੁਕਾ ਵ ਨਖ਼ਲਾਊ ਵਨਤਰੁਕੁ ਮੈਂਯਫ਼ਜ਼ੁਰੁ ਕਾ ਅੱਲਾਹੁਮਾ ਇਯਾਕਾ ਨਅਬੁਦੁ ਵਲਾਕਾ ਨੁਸੱਲੀ ਵਨਸਜੁਦੁ ਵ ਇਲੈਕਾ ਨਸਆ ਵਨਹਫ਼ਿਦੁ ਵਨਰਜੂ ਰਹਮਤਾਕਾ ਵਨਖ਼ਾਸ਼ਾ ਅਜ਼ਾਬਾਕਾ ਇੱਨਾ ਅਜ਼ਾਬਾਕਾ ਬਿਲਕੁੱਫ਼ਾਰਿ ਮੁਲਹਿਕ○**

ਐ ਅਲੱਾਹ ਅਸੀਂ ਤੈਥੋਂ ਹੀ ਸਹਾਇਤਾ ਮੰਗਦੇ ਹਾਂ ਅਤੇ ਤੈਥੋਂ ਹੀ ਬਖ਼ਸ਼ਿਸ ਮੰਗਦੇ ਹਾਂ ਅਤੇ ਤੇਰੇ ਤੇ ਈਮਾਨ ਲਿਆਉਂਦੇ ਹਾਂ ਅਤੇ ਤੇਰੇ ਤੇ ਹੀ ਭਰੋਸਾ ਕਰਦੇ ਹਾਂ ਅਤੇ ਤੇਰੀ ਖ਼ੂਬ ਤਾਰੀਫ਼ ਕਰਦੇ ਹਾਂ ਅਤੇ ਤੇਰਾ ਸ਼ੁਕਰ ਅਦਾ ਕਰਦੇ ਹਾਂ ਅਤੇ ਤੇਰੇ ਨਾ-ਸ਼ੁਕਰੇ ਨਹੀਂ ਹੁੰਦੇ ਅਤੇ ਜੋ ਤੇਰੀ ਨਾ-ਫ਼ਰਮਾਨੀ ਕਰਦਾ ਹੈ, ਅਸੀਂ ਉਸ ਨੂੰ ਆਪਣੇ ਵਿੱਚੋਂ ਕੱਢ ਦਿੰਦੇ ਹਾਂ ਅਤੇ ਛੱਡ ਦਿੰਦੇ ਹਾਂ। ਐ ਅਲੱਾਹ ਅਸੀਂ ਤੇਰੀ ਹੀ ਬੰਦਗੀ ਕਰਦੇ ਹਾਂ ਅਤੇ ਤੇਰੇ ਲਈ ਹੀ ਨਮਾਜ਼ ਪੜਦੇ ਹਾਂ ਅਤੇ ਤੈਨੂੰ ਹੀ ਸਜਦਾ ਕਰਦੇ ਹਾਂ ਅਤੇ ਤੇਰੇ ਵੱਲ ਹੀ ਭੱਜਦੇ ਹਾਂ ਅਤੇ ਤੇਰੀ ਸੇਵਾ ਕਰਦੇ ਹਾਂ

ਅਤੇ ਤੇਰੀ ਰਹਿਮਤ ਦੀ ਆਸ ਰੱਖਦੇ ਹਾਂ ਅਤੇ ਅਸੀਂ ਤੇਰੇ ਅਜ਼ਾਬ ਤੋਂ ਡਰਦੇ ਹਾਂ, ਬੇਸ਼ੱਕ ਤੇਰਾ ਅਜ਼ਾਬ ਕਾਫ਼ਿਰਾਂ ਨੂੰ ਮਿਲਣ ਵਾਲਾ ਹੈ।

ਮੁੱਸਲੀ ਦੁਆ-ਏ-ਕਨੂਤ ਨੂੰ ਬੜੀ ਅਧੀਨਗੀ ਤੇ ਠਰਮੇ ਨਾਲ ਪੜ੍ਹਦਾ ਹੈ ਅਤੇ ਹਰ ਕਲਮੇ ਤੇ ਆਪਣੀ ਸਚਾਈ ਤੇ ਯਕੀਨ ਦਰਸਾਉਂਦਾ ਹੈ ਅਤੇ ਬੜੀ ਨਿਦਾਮਤ ਤੇ ਸ਼ਰਮਿੰਦਗੀ ਜ਼ਾਹਿਰ ਕਰਦਾ ਹੈ ਕਿ ਮੈਂ ਉਸ ਮਾਲਿਕ ਦੇ ਹਜ਼ੂਰ ਆਪਣਾ ਪੂਰਨ ਭਰੋਸਾ ਤਾਂ ਵਿਖਾ ਰਿਹਾ ਹਾਂ ਕਿਤੇ ਇਹ ਮੇਰੇ ਵਿਪਰਿਤ ਹੀ ਨਾ ਹੋ ਜਾਵੇ ਨਖ਼ਲਾਉ ਵਨਤਰੁਕਾ ਮੈਂਯਫ਼ਜੁਰੁਕਾ ਕਹਿਣ ਸਮੇਂ ਤਾਂ ਬਹੁਤ ਬਚਿਆ ਬਚਿਆ ਰਹਿੰਦਾ ਹੈ ਕਿ ਜੇਕਰ ਮੈਂ ਹੀ ਗੁਨਾਹਗਾਰ ਹੋਇਆ ਤਾਂ ਮੇਰਾ ਠਿਕਾਨਾ ਕੀ ਹੋਵੇਗਾ। ਕਿਸ ਨੂੰ ਕੱਢਾਂਗਾ? ਕਿਸ ਨੂੰ ਛੱਡਾਂਗਾ? ਕੀ ਕਰਾਂਗਾ? ਇਸ ਡਰ ਤੇ ਖ਼ੌਫ਼ ਦੇ ਮਾਰੇ ਆਪਣੇ ਵਾਅਦਾ ਖ਼ਿਲਾਫ਼ੀ ਕਰਨ ਤੋਂ ਹਰ ਵੇਲੇ ਬਚਨ ਦਾ ਯਤਨ ਕਰਦਾ ਰਹਿੰਦਾ ਹੈ। ਇਸੇ ਤਰ੍ਹਾਂ ਦੂਜਿਆਂ ਕਲਮਿਆ ਤੇ ਸਬਦਾਂ ਵਿਚ ਮਿਲਾਵਟ ਤੇ ਦੋਗਲੇਪਣ ਤੋਂ ਪਰਹੇਜ਼ ਕਰਦਾ ਹੈ ਅਤੇ ਅਲੱਾਹ ਤਆਲਾ ਦੀ ਸਰਪਰਸਤੀ ਤੇ ਬਖ਼ਸ਼ਿਸ ਸਦਕਾ ਆਪਣੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ **ਵਲਹਮਦੁਲਿੱਲਾਹਿ ਅਲਾ ਜ਼ਾਲਿਕਾ**੦

*****

# ਪੁਸਤਕ ਦਾ ਸਾਰ

ਜੇਕਰ ਨਮਾਜ਼ੀ, ਨਮਾਜ਼ ਦੇ ਸ਼ਬਦਾਂ ਦੇ ਅਰਥ ਨਹੀਂ ਜਾਣਦਾ ਤਾਂ ਦਿਨ ਰਾਤ ਕੋਸ਼ਿਸ ਕਰਕੇ ਸਿੱਖ ਲਵੇ ਕਿਉਂਕਿ ਜੇਕਰ ਸਿੱਖਣ ਦੀ ਪਰਵਾਹ ਨਹੀਂ ਕਰੇਗਾ ਤਾਂ ਸ਼ਾਇਦ ਉਸ ਨੂੰ ਨਮਾਜ਼ ਦੀ ਵੀ ਪਰਵਾਹ ਨਹੀਂ ਹੋਵੇਗੀ। ਅਜਿਹਾ ਭੁੱਲ ਕੇ ਵੀ ਨਾ ਕਰੇ ਕਿਉਂਕਿ ਹੱਕ ਸੱਚ ਤੋਂ ਮੂੰਹ ਮੋੜਨਾ ਵੱਡੀ ਨਾਫ਼ਆਨੀ ਤੇ ਝੂਠ ਹੈ ਅਤੇ ਰੱਬ ਦੀ ਮਹਾਨਤਾ ਤੇ ਪਰਵਰਦਿਗਾਰੀ ਉਸ ਦੀ ਇਬਾਦਤ ਤੇ ਪਰਉਪਕਾਰੀ ਦਾ ਤਕਾਜ਼ਾ ਕਰਦੀ ਹੈ ਅਤੇ ਫ਼ਰਮਾਬਰਦਾਰੀ ਦੀ ਕਿਸਮਾਂ ਵਿਚੋਂ ਦਿਲੋਂ ਕੀਤੀ ਗਈ ਪਰਉਪਕਾਰੀ ਹੀ ਸਭ ਤੋਂ ਉਚਿੱਤ ਹੈ ਅਤੇ ਤੁਹਾਡੇ ਹੱਥਾਂ ਪੈਰਾਂ ਦੇ ਅਮਲ ਇਸ ਦੀ ਤਸਦੀਕ ਕਰਦੇ ਹਨ। ਅੰਦਰੂਨੀ ਫ਼ਰਮਾਬਰਦਾਰੀ ਸ਼ਰਧਾ ਤੇ ਸਤਿਕਾਰ ਹੈ ਅਤੇ ਬਾਹਰੀ ਫਰਮਾਬਰਦਾਰੀ ਚੰਗੇ ਅਮਲ ਹਨ। ਤਸਦੀਕ ਨੂੰ ਇਕਰਾਰ ਤੇ ਪੂਰਨ ਬਰਤਰੀ ਪ੍ਰਾਪਤ ਹੈ ਹਾਂ ਮਜਬੂਰੀ ਦੀ ਹਾਲਤ ਵਿਚ ਇਕਰਾਰ ਤੋਂ ਭਟਕ ਜਾਣਾ ਕੁਝ ਹੱਦ ਤੱਕ ਜਾਇਜ਼ ਹੈ ਤਸ਼ਦੀਕ ਦੇ ਵਿਪਰੀਤ ਅਕਲਮੰਦ ਬਾਲਗ ਕਦੇ ਵੀ ਅੱਲਾਹ ਦੇ ਨਜ਼ਦੀਕ ਉਸ ਤੋਂ ਮਜਬੂਰ ਨਹੀਂ। ਇਸ ਤੋਂ ਪਹਿਲਾਂ ਕਿ ਮੁਸੱਲੀ ਜ਼ਿਕਰ ਅਜ਼ਕਾਰ ਦੇ ਅਰਥ ਸਮਝਣ ਵਿਚ ਮਹਾਰਤ ਪ੍ਰਾਪਤ ਕਰ ਲਵੇ ਬੇ ਇਲਮ ਨਮਾਜ਼ੀ ਲਈ ਜ਼ਰੂਰੀ ਹੈ ਕਿ ਨਮਾਜ਼ ਆਰੰਭ ਕਰਨ ਵੇਲੇ, ਧਿਆਨ ਦੀ ਹਾਲਤ ਵਿਚ ਇਹ ਸਮਝੇ ਕਿ ਮੈਂ ਅਮਲੀ ਤੌਰ ਤੇ ਸਾਰੇ ਪਾਸਿਓਂ ਕਟ ਕੇ ਰੱਬ-ਏ-ਅਜ਼ੀਮ ਦੇ ਹਜ਼ੂਰ ਧਿਆਨ ਕੇਂਦਰਿਤ ਕਰਦਾ ਹਾਂ। ਹੁਣ ਉਹ ਵਕਤ ਹੈ ਕਿ ਮੇਰੇ ਅਤੇ ਮੇਰੇ ਰੱਬ ਦੇ ਵਿਚਕਾਰ ਕੋਈ ਆੜ ਨਹੀਂ ਮੈਂ ਆਪਣੇ ਰੱਬ ਦੀ ਖ਼ਾਸ ਹਜ਼ੂਰੀ ਵਿਚ ਹਾਜ਼ਿਰ ਹਾਂ। ਨਮਾਜ਼ ਦੀ ਤਕਬੀਰ ਪੜਦੇ ਸਮੇਂ ਸੋਚੇ ਕਿ ਮੇਰੇ ਰੱਬ ਦੀ ਮਹਾਨਤਾ ਅੱਗੇ ਸਭ ਕੁਝ ਹੇਚ ਹੈ ਅਤੇ ਉਸ ਅੱਗੇ ਅਰਦਾਸ ਕਰਦੇ ਸਮੇਂ ਇੰਜ ਖ਼ਿਆਲ ਕਰੇ ਮੈਂ ਆਪਣੇ ਰੱਬ ਦੀ ਉਸਤਤ ਜਾਂ ਤਾਰੀਫ਼ ਕਰ ਰਿਹਾ ਹਾਂ। ਉਸ ਢੰਗ ਨਾਲ ਕਿ ਜਿਸ ਤਰਾਂ ਉਸ ਦੇ ਰਬੀਬ-ਏ-ਪਾਕ ਹਜਰਤ ਮੁਹੰਮਦ (ਸ.) ਨੇ ਕੀਤੀ ਹੈ। ਆਊਜ਼ੁ ਬਿੱਲਾਹ ਕਹਿ ਕੇ ਉਸ ਦੀ ਪਨਾਹ ਵਿਚ ਆਵੇ ਅਤੇ ਬਿਸਮਿੱਲਹ ਅਰੱਹਿਮਾਨਿੱਰਾਹੀਮ (ਸ਼ਰੂ) ਉਸ ਰੱਬ ਦੇ ਨਾਂ ਨਾਲ ਜੋ ਅਤਿ ਮਿਹਰਬਾਨ ਤੇ ਰਹਿਮ ਕਰਨ ਵਾਲਾ ਹੈ ਪੜ੍ਹ ਕੇ ਉਸ ਦੀ ਸੁੰਦਰਤਾ, ਪਾਕੀ, ਰੋਅਬ ਤੇ ਦਬਦਬੇ ਦੀਆਂ ਸਿਫ਼ਤਾਂ ਤੇ ਯਕੀਨ ਕਰੇ ਅਤੇ ਇਹ ਸਮਝੇ ਕਿ ਮੈਂ ਆਪਣੇ ਮਾਲਿਕ ਦੇ ਹੁਕਮ ਅਨੁਸਾਰ ਹੀ, ਉਸੇ ਦੇ ਪਾਕ ਕਲਾਮ ਦੇ ਵਸੀਲੇ ਰਾਹੀਂ ਉਸਦੇ ਆਪਣੀ ਹਜ਼ੂਰ ਅਰਦਾਸ ਕਰ ਰਿਹਾ ਹਾਂ ਅਤੇ ਜਿਹੜੀਆਂ ਗੱਲਾਂ ਰੱਬ ਨੇ ਦੱਸੀਆਂ ਹਨ ਉਨ੍ਹਾਂ ਦੀ ਹੀ ਗੱਲ ਕਰੇ ਅਤੇ ਰੱਬ ਦੀ ਮਹਾਨਤਾ ਤੇ ਅਜ਼ਮਤ ਨੂੰ ਤਹਿ ਦਿਲੋਂ ਸਵਿਕਾਰ ਕਰਦੇ ਹੋਏ ਉਸ ਦੀ ਤਸਬੀ ਪੜ੍ਹਦੇ ਹੋਏ ਉਸ ਪਵਿੱਤਰ ਜ਼ਾਤ ਅਕਾਲ ਪੁਰਖ ਦਾ ਸ਼ੁਕਰਾਨਾ ਕਰੇ। ਨਮਾਜ਼

ਵਿਚਕਾਰ ਰੁਕੂਅ 'ਚੋਂ ਉੱਠਦੇ ਹੋਏ ਉਸ ਖ਼ਾਲਿਕ-ਓ-ਮਾਲਿਕ ਦੀ ਰਮਦ ਬਿਆਨ ਕਰ ਅਤੇ ਸਜਦਾ ਕਰਦੇ ਸਮੇਂ ਆਪਣੇ ਫ਼ਾਨੀ ਹੋਣ ਅਤੇ ਉਸ ਦੇ ਗੈਰ ਫ਼ਾਨੀ ਹੋਣ (ਹਮੇਸ਼ਾ ਜ਼ਿੰਦਾ ਰਹਿਣ ਵਾਲਾ) ਨੂੰ ਦਿਲ 'ਚ ਪੂਰੀ ਤਰ੍ਹਾਂ ਬਿਠਾ ਲਵੇ ਅਤੇ ਹੱਤਾਹਯਾਤ ਤੇ ਜਲਸੇ ਸਮੇਂ ਆਪਣੇ ਆਪ ਨੂੰ ਉਸ ਦੇ ਹਜ਼ੂਰ ਤਸੱਵਰ ਕਰਕੇ ਇਬਦਾਤ ਦਾ ਇਰਾਦਾ ਰੱਖੇ ਅਤੇ ਸ਼ਹਾਦਤ ਸਮੇਂ ਆਪਣੇ ਦੀਮਾਨ ਨੂੰ ਬਲ ਦੇਵੇ ਅਤੇ ਨਮਾਜ਼ ਦੀ ਹਾਲਤ ਹਦਾਇਤ ਦੇ ਬਾਨੀ ਨੂੰ ਆਪਣੇ ਦਿਲ ਵਿਚ ਬਸਾਵੇ ਅਤੇ ਸਲਾਮ ਫੇਰਨ ਵੇਲੇ ਫ਼ਰਿਸਤਿਅ ਤੇ ਜਮਾਤ ਵਾਲਿਆਂ ਤੇ ਧਿਆਨ ਕਰ ਵੱਤੋਫ਼ੀਕੁ ਮਿੱਨਲਾਹਿ ਤਾਆਲਾ ਨਮਾਜ਼ ਤੋਂ ਫ਼ਾਰਿਗ ਹੋਣ ਵੁਪਰੰਤ ਸਭ ਲਈ ਬਿਹਤਰ ਹੈ ਕਿ ਹਜ਼ਰਤ ਅਬੂ ਅਮਾਮਾ ਰਜ਼ੀ ਅੱਲਾਹ ਤਾਆਲਾ ਅਨਹੁ ਦੀ ਰਿਵਾਇਤ ਦੀ ਦੁਆ ਤੋਂ, ਜਿਹੜੀ ਕਿ ਉਨ੍ਹਾਂ ਨੂੰ ਆਂਹਜ਼ਰਤ ਸੱਲਲਾਹ ਹੋ ਅਲਿਹ ਵਸਲੱਮ ਨੇ ਸਿਖਾਈ ਸੀ, ਆਪਣੀ ਖ਼ੈਰ ਤੇ ਬਖ਼ਸ਼ਿਸ ਮੰਗੇ। ਦੁਆ ਇਹ ਹੈ:

**ਅੱਲਾਹੁੱਮਾ ਇੱਨਾ ਨਸਆਲੁਕਾ ਮਿਨ ਖ਼ੈਰਿ ਮਾਸਾਆਲਾਕਾ ਮਿਨਹੁ ਨੱਬੀਯੂਕਾ ਮੁਹਮੰਦੁਨ ਸਲੱਲਲਾਹੁ ਅਲੈਹਿ ਵਸਲੱਮ ਵ ਨਅਊਜ਼ਬਿਕਾ ਮਿਨ ਸ਼ੈੱਰਿ ਮਸ ਤਆਜ਼ਾ ਮਿਨਹੁ ਨੱਬੀਯੁਕਾ ਮੁਹੰਮਦੁਨ ਸਲੱਲਲਾਹੁ ਅਲੈਹਿ ਵਸੱਲਮਾ ਵਾ ਅਨਤਲ ਮੁਸਤਆਨੁ ਵਾ ਅਲੈਕਲ ਬਲਾਗ਼ੁ ਵਾਲਾ ਹੋਲਾ ਵਾਲਾ ਕੂੱਣਾ ਤਿੱਲਾ ਬਿਲਾਹਿ੦**

ਇਹ ਦੁਆ ਸੁਨਨ ਤਿਰਮਜ਼ੀ ਦੇ ਅਧਿਆਇ ਜਾਮਿ ਉਂਦਾ ਅਵਾਤ ਵਿਚ ਨਕਲ ਕੀਤੀ ਗਈ ਹੈ ਅਤੇ ਇਮਾਮ ਤਿਰਮਜ਼ੀ ਰਹਿਮਤੁੱਲਾ ਅਲਿਹ ਇਸ ਸ਼ੰਲਾਘਾ ਕਰਦੇ ਹਨ:

**ਵ ਆਖ਼ਿਰੁ ਦਅਵਾਨਾ** ਆਨਿਲਹਮਦੁ**ਲਿੱਲਾਹਿ ਰੱਬਿਲ** ਆਲਾਮੀਨਾ **ਅਲਾੱਹੁਮਜਅਲ** ਹਾਜ਼ਿਹਿਰ **ਰਿਸਾਲਤ** ਮੁਜਿਬਾਤੱਨਾ **ਜਾਤਿ** ਮੁਅੱਲੀਫ਼ਿਹ**। ਵ ਬਅਦਾ ਤਿਹਾ** ਵਲਿਕਾਰਿ ਈਹਾਵਲਾ **ਤਜਅਲਾਹਾ ਹੁੱਜਾਤਨ ਅਲਾ ਅਖ਼ਜ਼ਿ ਨਾ ਫ਼ਾਨਫਅਨਾ ਬਿਹਾਣਾ ਸਾਈਰੁਲ ਮੁਅਮੀ ਨੀਨਾ** ਬਿਰਹਮਤਿਕਾ **ਯਾ** ਅਰਹਮੁਰਾਹਿਮੀਨਾ **ਸੁਬਹਾਨ ਰੱਬਿਕਾ** ਰੱਬਿਲਇੱਜ਼ਾਤਿ **ਅੱਮਾ** ਯਾਸੀਫੂਨਾ **ਵਸਲਾਮੁਨ ਅਲਲ** ਮੁਰਸਾਲੀਨਾ **ਵਲਹਮਦੁ ਲਿੱਲਾਹਿ ਰੱਬਿਲ** ਆਲਾਮੀਨ।੦

*****

# ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਰਿਸਰਚ ਆਰਗੇਨਾਇਜ਼ੇਸ਼ਨ (ਰਜਿ.) ਵੱਲੋਂ ਪ੍ਰਕਾਸ਼ਿਤ ਅਤੇ ਪ੍ਰਕਾਸ਼ਨ ਅਧੀਨ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ:

**ਪ੍ਰਕਾਸ਼ਿਤ ਪੁਸਤਕਾਂ:**

1. ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)- ਇਕ ਮੁਤਾਲਆ
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
2. ਚਿੱਠੀਆ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
3. ਹੁਲੀਆ ਸ਼ਰੀਫ਼
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
4. ਸੀ ਹਰਫ਼ੀ ਸੱਸੀ ਪੁਨੂੰ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
5. ਚੋਪਟਨਾਮਾ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
6. ਪੰਧਨਾਮਾ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
7. ਮਆਰਿਬ-ਉਲ-ਖ਼ਾਸ਼ਿਈਨ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
8. ਮੁੰਤਖ਼ਿਬ ਕਲਾਮ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
9. ਕਿੱਸਾ ਪੂਰਨ ਭਗਤ
   ਮਾਸਟਰ ਲਛਮਨ ਸਿੰਘ ਰਾਠੌਰ (ਭਾਰਤ)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ

ਇਸ ਤੋਂ ਬਿਨਾਂ ਪਾਕਿਸਤਾਨ ਸਰਕਾਰ ਦੇ ਸਰਵਉੱਤਮ ਅਦਾਰੇ ਅਕਾਦਮੀ ਅਦਬੀਆਤ-ਏ-ਪਾਕਿਸਤਾਨ ਨੇ ਵੀ ਸਾਹਿਬਜ਼ਾਦਾ ਮਸਊਦ ਅਹਿਮਦ ਦੀ ਰਚਨਾ "ਮੌਲਵੀ ਗ਼ੁਲਾਮ ਰਸੂਲ ਆਲਮਪੁਰੀ- ਸ਼ਖ਼ਸੀਅਤ ਔਰ ਫ਼ਨ" ਪ੍ਰਕਾਸ਼ਿਤ ਕੀਤੀ ਹੈ।

**ਛਪਾਈ ਅਧੀਨ ਪੁਸਤਕਾਂ :**

1. ਰੂਹ-ਉਲ-ਤਰਤੀਲ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
2. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਪਹਿਲਾ)
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
3. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਦੂਜਾ)
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
4. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਤੀਜਾ)
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
5. ਮਸਅਲਾ-ਏ-ਤੌਹੀਦ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
6. ਅਹਸਨ-ਉਲ-ਕਸਸ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
7. ਸ਼ਜਰਾ-ਏ-ਤਰੀਕਤ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ

**ਗੁਰਮੁਖੀ ਪ੍ਰਕਾਸ਼ਨ:**

1. **ਮਆਰਿਬ-ਉਲ-ਖ਼ਾਸ਼ਿਈਨ**
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਅਨੁਵਾਦਕ : ਡਾ. ਨਦੀਮ ਅਹਿਮਦ ਨਦੀਮ
2. **ਅਹਸਨ-ਉਲ-ਕਸਸ (ਕਿੱਸਾ ਯੂਸੁਫ਼ ਜ਼ੁਲੈਖ਼ਾ)**
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
3. **ਹੁਲੀਆ ਸ਼ਰੀਫ਼**
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
   ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
4. **ਦਰਦ ਕੁਸਾਲੇ**
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
   ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
5. **ਚਿੱਠੀਆਂ**
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
   ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ

*****

# ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹੋਰਾਂ ਦੀ ਨਜ਼ਰ

ਰੁਤਬਾ ਉਹਦਾ ਲਾਸਾਨੀ ਹੈ ਉੱਚਾ ਉਹਦਾ ਪਾਇਆ
ਆਲਮਪੁਰ ਦਾ ਸ਼ਾਇਰ ਸਾਰੇ ਆਲਮ ਉੱਤੇ ਛਾਇਆ।
ਸਿਲਕ ਗ਼ੌਹਰ ਦਾ ਮਿਸਰਾ ਉਹਦਾ ਸ਼ਿਅਰ ਫੁੱਲਾਂ ਦਾ ਗਜਰਾ
ਉਨ੍ਹੇ ਜਿਹੜਾ ਅੱਖਰ ਲਿਖਿਆ ਅੱਜ ਵੀ ਲਗਦਾ ਸੱਜਰਾ।
ਉਹਦੀ ਬਾਤ ਮਸ਼ਾਲਾਂ ਵਾਂਗਰ ਜਿਉਂ ਪੱਗ ਲਸ਼ਕਾਂਦੀ
ਉਹਦੀ ਸੋਚ ਚੰਬੇ ਦੀ ਡਾਲੀ ਮਗ਼ਜ਼ਾਂ ਨੂੰ ਮਹਿਕਾਂਦੀ।
ਉਹਦਾ ਨੁਕਤਾ ਇਸ਼ਕ ਦਾ ਨੁਕਤਾ ਗੁੱਝੀਆਂ ਰਮਜ਼ਾਂ ਵਾਲਾ
ਏਡਾ ਸ਼ਾਇਰ ਫਿਰ ਕਦ ਜੰਮਣਾ ਵਾਹ ਸੁਬਹਾਨ ਤਆਲਾ।
ਸਾਬਿਰ ਯਾਰ ਗ਼ੁਲਾਮ ਰਸੂਲ ਨੇ ਜੀਣ ਦੇ ਚੱਜ ਸਿਖਾਏ
"ਆਸ਼ਿਕ ਤੇ ਅੰਧੇਰੀ ਝੁੱਲੇ ਜ਼ਰਾ ਨਾ ਜੁੰਬਿਸ਼ ਖਾਏ"।

**ਡਾ. ਸਾਬਿਰ ਆਫ਼ਾਕੀ**
ਮੁਜ਼ੱਫ਼ਰਾਬਾਦ, ਆਜ਼ਾਦ ਕਸ਼ਮੀਰ
28 ਅਕਤੂਬਰ 2000 ਈ.

ਮਆਰਿਬ-ਉਲ-ਖ਼ਾਸ਼ਿਈਨ


ਅਨੁਵਾਦਕ : ਡਾ. ਨਦੀਮ ਅਹਿਮਦ 'ਨਦੀਮ'














Design: Bawa 9781600911